The bibliography begins with listings in chronological order of publication of the texts and translations of Bullhe Shah consulted in the preparation of this book, before a general bibliography in alphabetical order of authors of other relevant titles. This is largely confined to works in English, and includes all works cited in the immediately following endnotes to this introduction and in the endnotes to the translations.

A numerical concordance of the *kāfīs* is provided for the convenience of readers who may be more familiar with the Persian script, and who may wish to check our translations of the Gurmukhi text against the standard Pakistani text of the Faqir edition (F).

NOTES

1 See the bibliography at the end of this volume for full details of all editions cited.

2 While some of the additional poems included in this edition seem quite plausible stylistically, in the absence of verifiable textual support, I have excluded the following seven *kāfīs* here: *huṇ maiñ anhad nād vajāiā* (*kāfī* 4, p. 61); *belī jit ghar terā pher hoiā* (*kāfī* 17, pp. 70–71); *mainūñ kauṇ pachāṇe* (*kāfī* 21, p. 73); *birhoñ dā tāa nā lāīñ ve, sāīñ maiñḍiā* (*kāfī* 25, p. 74); *asīñ liv taiñḍe sang lāī ā* (*kāfī* 26, pp. 74–75); *je koī andar bole cāle* (*kāfī* 27, p. 75); *aisī man meñ āio re* (*kāfī* 49; p. 87).

3 The translations of Qur'anic verses are based on Yusuf Ali 1977.

Lyrics

੧

ਉੱਠ ਗਏ ਗਵਾਂਢੋਂ ਯਾਰ, ਰੱਬਾ ਹੁਣ ਕੀ ਕਰੀਏ

ਉੱਠ ਗਏ ਹੁਣ ਰਹਿੰਦੇ ਨਾਹੀਂ, ਹੋਇਆ ਸਾਥ ਤਿਆਰ

ਡਾਢ ਕਲੇਜੇ ਬਲ ਬਲ ਉਠਦੀ, ਭੜਕੇ ਬਿਰਹੋਂ ਨਾਰ

ਬੁੱਲ੍ਹਾ ਸ਼ਹੁ ਪਿਆਰੇ ਬਾਝੋਂ, ਰਹੇ ਉਰਾਰ ਨਾ ਪਾਰ

੨

ਉਠ ਜਾਗ ਘੁਰਾੜੇ ਮਾਰ ਨਹੀਂ, ਇਹ ਸੌਣ ਤੇਰੇ ਦਰਕਾਰ ਨਹੀਂ

ਇਕ ਰੋਜ਼ ਜਹਾਨੋਂ ਜਾਣਾ ਏ, ਜਾ ਕਬਰੇ ਵਿਚ ਸਮਾਣਾ ਏ
ਤੇਰਾ ਗੋਸ਼ਤ ਕੀੜਿਆਂ ਖਾਣਾ ਏ, ਕਰ ਚੇਤਾ ਮਰਗ ਵਿਸਾਰ ਨਹੀਂ

ਤੇਰਾ ਸਾਹਾ ਨੇੜਾ ਆਇਆ ਏ, ਕੁਝ ਚੋਲੀ ਦਾਜ ਰੰਗਾਇਆ ਏ
ਕਿਉਂ ਅਪਣਾ ਆਪ ਵੰਜਾਇਆ ਏ, ਐ ਗ਼ਾਫ਼ਲ ਤੈਨੂੰ ਸਾਰ ਨਹੀਂ

ਤੂੰ ਸੁੱਤਿਆਂ ਉਮਰ ਵੰਜਾਈ ਏ, ਤੇਰੀ ਸਾਇਤ ਨੇੜੇ ਆਈ ਏ
ਤੂੰ ਚਰਖ਼ੇ ਤੰਦ ਨਾ ਪਾਈ ਏ, ਕੀ ਕਰਸੇਂ ਦਾਜ ਤਿਆਰ ਨਹੀਂ

੫ ਤੂੰ ਜਿਸ ਦਿਨ ਜੋਬਨ ਮੱਤੀ ਸੈਂ, ਤੂੰ ਨਾਲ ਸਈਆਂ ਦੇ ਰੱਤੀ ਸੈਂ
ਹੋ ਗ਼ਾਫ਼ਲ ਗੱਲੀਂ ਵੱਤੀ ਸੈਂ, ਇਹ ਭੋਰਾ ਤੈਨੂੰ ਸਾਰ ਨਹੀਂ

1

My beloved has left the neighborhood. Oh lord, what shall I do?[1]
Now he has gone, he does not stay. His company is ready to depart.
The fire in my heart blazes up. The flames of separation crackle.
Without the dear lord, Bullha is neither on this bank nor on the far side.[2]

2

Get[1] up, wake up, and do not snore. This sleeping is no good for you.
One day you must leave the world and go to be interred in the grave. The worms will eat your flesh. Be aware and do not forget death.
The day appointed[2] for your wedding has drawn near; have you had any of the clothes for your dowry dyed? Why have you ruined yourself? Heedless one, have you no awareness?
You have wasted your life in sleep; now your moment has come. You have not even started spinning thread on the wheel. You have no dowry prepared, so what will you do?
On the day you were intoxicated by your youth, you were completely taken up with your girlfriends. Carelessly you roamed the streets, without the least awareness.

ਤੂੰ ਮੁੱਢੋਂ ਬਹੁਤ ਕੁਚੱਜੀ ਸੈਂ, ਨਿਰਲੱਜਿਆਂ ਦੀ ਨਿਰਲੱਜੀ ਸੈਂ
ਤੂੰ ਖਾ ਖਾ ਖਾਣੇ ਰੱਜੀ ਸੈਂ, ਹੁਣ ਤਾਈਂ ਤੇਰਾ ਬਾਰ ਨਹੀਂ

ਅਜ ਕਲ ਤੇਰਾ ਮੁਕਲਾਵਾ ਏ, ਕਿਉਂ ਸੁੱਤੀ ਕਰ ਕਰ ਦਾਅਵਾ ਏ
ਅਣਡਿਠਿਆਂ ਨਾਲ ਮਿਲਾਵਾ ਏ, ਇਹ ਭਲਕੇ ਗਰਮ ਬਜ਼ਾਰ ਨਹੀਂ

ਤੂੰ ਏਸ ਜਹਾਨੋਂ ਜਾਏਂਗੀ, ਫਿਰ ਕਦਮ ਨਾ ਏਥੇ ਪਾਏਂਗੀ
ਇਹ ਜੋਬਨ ਰੂਪ ਵੰਞਾਏਂਗੀ, ਤੈਂ ਰਹਿਣਾ ਵਿਚ ਸੰਸਾਰ ਨਹੀਂ

ਮੰਜ਼ਲ ਤੇਰੀ ਦੂਰ ਦੁਰਾਡੀ, ਤੂੰ ਭੌਣੈਂ ਵਿਚ ਜੰਗਲ ਵਾਦੀ
ਔਖਾ ਪਹੁੰਚਣ ਪੈਰ ਪਿਆਦੀ, ਦਿਸਦੀ ਤੂੰ ਅਸਵਾਰ ਨਹੀਂ

ਇੱਕ ਇਕੱਲੀ ਤਨਹਾ ਜੁਲਸੇਂ, ਜੰਗਲ ਬਰਬਰ ਦੇ ਵਿਚ ਰੁਲਸੇਂ
ਲੈ ਲੈ ਤੋਸ਼ਾ ਏਥੋਂ ਘੁਲਸੇਂ, ਉਥੇ ਲੈਣ ਉਧਾਰ ਨਹੀਂ

ਉਹ ਖ਼ਾਲੀ ਏ ਸੁੰਜ ਹਵੇਲੀ, ਤੂੰ ਵਿਚ ਰਹਿਸੇਂ ਇਕ ਇਕੇਲੀ
ਓਥੇ ਹੋਸੀ ਹੋਰ ਨਾ ਬੇਲੀ, ਸਾਥ ਕਿਸੇ ਦਾ ਬਾਰ ਨਹੀਂ

ਜਿਹੜੇ ਸਨ ਦੇਸਾਂ ਦੇ ਰਾਜੇ, ਨਾਲ ਜਿਨ੍ਹਾਂ ਦੇ ਵਜਦੇ ਵਾਜੇ
ਹੋ ਕੇ ਗਏ ਬੇ-ਤਖ਼ਤੇ ਤਾਜੇ, ਕੋਈ ਦੁਨੀਆਂ ਦਾ ਇਤਬਾਰ ਨਹੀਂ

ਕਿੱਥੇ ਹੈ ਸੁਲਤਾਨ ਸਿਕੰਦਰ, ਮੌਤ ਨਾ ਛੱਡੇ ਪੀਰ ਪੈਗ਼ੰਬਰ
ਸੱਭੇ ਛਡ ਛਡ ਗਏ ਅਡੰਬਰ, ਕੋਈ ਏਥੇ ਪਾਇਦਾਰ ਨਹੀਂ

ਕਿੱਥੇ ਯੂਸਫ਼ ਮਾਹੇ ਕਿਨਆਨੀ, ਲਈ ਜ਼ਲੈਖਾਂ ਫੇਰ ਜਵਾਨੀ
ਕੀਤੀ ਮੌਤ ਨੇ ਓੜਕ ਫ਼ਾਨੀ, ਫੇਰ ਉਹ ਹਾਰ ਸ਼ਿੰਗਾਰ ਨਹੀਂ

From the start you were completely undomesticated, you were the most shameless of the shameless. You kept eating and filling yourself with food, and still you have no sense.[3]

Soon it will be time for you to be taken away.[4] Why are you asleep and full of pretense? You must meet strangers you have never seen. This bustling market will not be here in the morning.

You will depart from this world, and will not set foot here again. You will lose your youth and beauty. You are not going to remain in the world.

Your destination lies far away. You must wander through jungles and deserts. It will be difficult to get there on foot, and you do not look like a rider.

You will be on your own, and will travel completely alone. You will wander lost in jungles and deserts. You will leave here with your own supplies. You will not be able to borrow anything there.

That desolate mansion is empty, and you will live there all by yourself. There will be no one to be your friend. There will be no one to rely upon for company.

Those who were kings of countries, and who had bands playing for them, have departed without their thrones and crowns. There is no trusting in this world.

Where is the emperor Sikandar?[5] Death has not spared saints or prophets. All have left their pomp and show behind. No one is here permanently.

Where is Yusuf,[6] the moon of Canaan? Zulaikha[7] has taken her youthful beauty away with her. In the end, death made her perish. Her finery will not be restored.

੧੫ ਕਿੱਥੇ ਤਖ਼ਤ ਸੁਲੇਮਾਂ ਵਾਲਾ, ਵਿੱਚ ਹਵਾ ਉਡਦਾ ਸੀ ਬਾਲਾ
ਉਹ ਵੀ ਕਾਦਰ ਆਪ ਸੰਭਾਲਾ, ਕੋਈ ਜਿੰਦਗੀ ਦਾ ਇਤਬਾਰ ਨਹੀਂ

ਕਿੱਥੇ ਮੀਰ ਮਲਕ ਸੁਲਤਾਨਾਂ, ਸੱਭੇ ਛਡ ਛਡ ਗਏ ਠਿਕਾਣਾ
ਕੋਈ ਮਾਰ ਨਾ ਬੈਠੇ ਠਾਣਾ, ਲਸ਼ਕਰ ਦਾ ਜਿਨ੍ਹਾਂ ਸ਼ੁਮਾਰ ਨਹੀਂ

ਫੁੱਲਾਂ ਫੁੱਲ ਚੰਬੇਲੀ ਲਾਲਾ, ਸੋਸਨ ਸੁੰਬਲ ਸਰੂ ਨਿਰਾਲਾ
ਬਾਦਿ-ਖ਼ਜ਼ਾਂ ਕੀਤਾ ਬੁਰ ਹਾਲਾ, ਨਰਗਸ ਨਿਤ ਖ਼ੁਮਾਰ ਨਹੀਂ

ਜੋ ਕੁਝ ਕਰਸੇਂ ਸੋ ਕੁਝ ਪਾਸੇਂ, ਨਹੀਂ ਤੇ ਓੜਕ ਪਛੋਤਾਸੇਂ
ਸੁੰਜੀ ਕੂੰਜ ਵਾਂਗੂੰ ਕੁਰਲਾਸੇਂ, ਖੰਭਾਂ ਬਾਝ ਉਡਾਰ ਨਹੀਂ

ਡੇਰਾ ਕਰਸੇਂ ਉਹਨੀਂ ਥਾਈਂ, ਜਿਥੇ ਸ਼ੇਰ ਪਲੰਗ ਬਲਾਈਂ
ਖ਼ਾਲੀ ਰਹਿਸਣ ਮਹਿਲ ਸਰਾਈਂ, ਫਿਰ ਤੂੰ ਵਿਰਸੇਦਾਰ ਨਹੀਂ

੨੦ ਅਸੀਂ ਆਜਜ਼ ਕੋਟ ਇਲਮ ਦੇ, ਓਸੇ ਆਂਦੇ ਵਿਚ ਕਲਮ ਦੇ
ਬਿਨ ਕਲਮੇ ਦੇ ਨਾਹੀਂ ਕੰਮ ਦੇ, ਬਾਝੋਂ ਕਲਮੇ ਪਾਰ ਨਹੀਂ

ਬੁੱਲ੍ਹਾ ਸ਼ਹੁ ਬਿਨ ਕੋਈ ਨਾਹੀਂ, ਏਥੇ ਓਥੇ ਦੋਹੀਂ ਸਰਾਈਂ
ਸੰਭਲ ਸੰਭਲ ਕਦਮ ਟਿਕਾਈਂ, ਫੇਰ ਆਵਣ ਦੂਜੀ ਵਾਰ ਨਹੀਂ

Where is the throne of Sulaiman,[8] which used to fly high in the air? It too has been taken care of by the almighty. There is no trusting in life.
Where are those princes, kings, and emperors? All have quit their royal residences. Those whose armies were uncountable cannot capture a mere police station now.
All the flowers, like the jasmine, the tulip, the lily, the iris, the hyacinth, and the wonderful cypress, have been reduced to a sorry state by the autumn wind.[9] The intoxication of the narcissus[10] does not last forever.
As you perform, so you will receive. Otherwise you will be sorry. You will lament like the desolate crane.[11] Without wings there is no flying.[12]
You will make your camp in places where lions, leopards, and terrors dwell. Your palaces and caravanserais will remain empty. You will have no hereditary claim on them.
In the citadel of knowledge[13] we are helpless. It is he who brought us under his authority. Without the word I am no use, without the word there is no deliverance.
Bullha, there is no one besides the lord, here or there, in either world. So tread with great care, for there is no coming back a second time.

੩

ਉਲਟੀ ਗੰਗ ਬਹਾਇਓ ਰੇ ਸਾਧੋ, ਤਬ ਹਰਿ ਦਰਸਨ ਪਾਏ
ਪ੍ਰੇਮ ਕੀ ਪੂਣੀ ਹਾਥ ਮੇਂ ਲੀਜੋ, ਗੁਝ ਮਰੋੜੀ ਪੜਨੇ ਨਾ ਦੀਜੋ
ਗਿਆਨ ਕਾ ਤਕਲਾ ਧਿਆਨ ਕਾ ਚਰਖ਼ਾ, ਉਲਟਾ ਫੇਰ ਭੁਵਾਏ
ਉਲਟੇ ਪਾਓਂ ਪਰ ਕੁੰਭਕਰਨ ਜਾਏ, ਤਬ ਲੰਕਾ ਕਾ ਭੇਦ ਉਪਾਏ
ਦਹਿਸਰ ਲੁੱਟਿਆ ਹੁਣ ਲਛਮਣ ਬਾਕੀ, ਤਬ ਅਨਹਦ ਨਾਦ ਬਜਾਏ
ਇਹ ਗਤ ਗੁਰ ਕੇ ਪਰ੍ਹਿਓਂ ਪਾਵੇ, ਗੁਰ ਕਾ ਸੇਵਕ ਤਭੀ ਸਦਾਏ
ਅੰਮ੍ਰਿਤ ਮੰਡਲ ਮੇਂ ਟੁੱਭ ਐਸੀ ਦੇ ਕੇ, ਹਰੀ ਹਰਿ ਹੋ ਜਾਏ

੪

ਉਲਟੇ ਹੋਰ ਜ਼ਮਾਨੇ ਆਏ, ਤਾਂ ਮੈਂ ਭੇਦ ਸਜਣ ਦੇ ਪਾਏ
ਕਾਂ ਲਗੜ ਨੂੰ ਮਾਰਨ ਲੱਗੇ, ਚਿੜੀਆਂ ਜੁੱਰੇ ਢਾਏ
ਘੋੜੇ ਚੁਗਣ ਅਰੂੜੀਆਂ ਉੱਤੇ,[੧] ਗੱਦੋਂ ਖ਼ੂਦ ਪਵਾਏ
ਆਪਣਿਆਂ ਵਿਚ ਉਲਫ਼ਤ ਨਾਹੀਂ, ਕਿਆ ਚਾਚੇ ਕਿਆ ਤਾਏ
ਪਿਉ ਪੁਤਰਾਂ ਇਤਫ਼ਾਕ ਨਾ ਕਾਈ, ਧੀਆਂ ਨਾਲ ਨਾ ਮਾਏ
ਸੱਚਿਆਂ ਨੂੰ ਪਏ ਮਿਲਦੇ ਧੱਕੇ, ਝੂਠੇ ਕੋਲ ਬਹਾਏ

3

Make[1] the Ganges flow backward,[2] yogis, and you will gain a vision of God.
Take the cotton roll of love in your hand. Twist the axle, do not let it fall.
With the spindle of knowledge and the spinning wheel of meditation, make things spin backward.[3]
When Kumbhakaran goes back the way he came, the mystery of Lanka is created.[4]
Now that Ravan the ten-headed is destroyed and Lachhman remains, the unstruck music[5] sounds.
It is when this ecstatic state is attained through association with the guru that one is called theguru's servant.
Plunge into the circle of nectar[6] so as to become God.

4

Different,[1] topsy-turvy times have come, so I have discovered the beloved's secrets.[2]
Crows have started killing hawks, sparrows have brought down falcons.
Horses graze on rubbish heaps, donkeys are fed fine meal.
There is no affection among kinsfolk, or among senior and junior uncles.[3]
There is no harmony at all between fathers and sons, or mothers and daughters.[4]
The true get shoved aside, while the false are given seats of honor.

ਅਗਲੇ ਹੋ ਕੰਗਾਲੇ ਬੈਠੇ, ਪਿਛਲਿਆਂ ਫ਼ਰਸ਼ ਵਿਛਾਏ
ਭੂਰਿਆਂ ਵਾਲੇ ਰਾਜੇ ਕੀਤੇ, ਰਾਜਿਆਂ ਭੀਖ ਮੰਗਾਏ
ਬੁੱਲ੍ਹਿਆ ਹੁਕਮ ਹਜ਼ੂਰੋਂ ਆਇਆ, ਤਿਸ ਨੂੰ ਕੌਣ ਹਟਾਏ

੫

ਅੱਖਾਂ ਵਿਚ ਦਿਲਜਾਨੀ ਪਿਆਰਿਆ, ਕੇਹਾ ਚੇਟਕ ਲਾਇਆ ਈ
ਤੇਰੇ ਵਿਚ ਨਾ ਜ਼ਰਾ ਜੁਦਾਈ, ਸਾਥੋਂ ਆਪ ਛੁਪਾਇਆ ਈ
ਮਝੀਂ ਆਈਆਂ ਯਾਰ[੧] ਨਾ ਆਇਆ, ਫੂਕ ਬਿਰ੍ਹੋਂ ਡੁਲਾਇਆ ਈ
ਮੈਂ ਨੇੜੇ ਮੈਨੂੰ ਦੂਰ ਕਿਉਂ ਦਿਸਨੈਂ, ਸਾਥੋਂ ਆਪ ਛੁਪਾਇਆ ਈ
ਵਿਚ ਮਿਸਰ ਦੇ ਵਾਂਗ ਜ਼ੁਲੈਖ਼ਾ, ਘੁੰਘਟ ਖੋਲ੍ਹ ਰੁਲਾਇਆ ਈ
ਸ਼ਹੁ ਬੁੱਲ੍ਹੇ ਦੇ ਸਿਰ ਪਰ ਬੁਰਕਾ, ਤੇਰੇ ਇਸ਼ਕ ਨਚਾਇਆ ਈ

Former leaders sit in destitution, while carpets are spread
for those who were at the back.
Those who wore rough blankets have been made kings,
while former kings beg for alms.
Bullha, the order came from the divine presence. Who can
turn it aside?

5

My dearest beloved, what is this attraction that you have
made my eyes feel?
There is not the slightest distance between you and me.
You have hidden yourself from me.
The buffaloes have come, but my beloved has not come.
Separation has consumed me and shaken me.
I am near, so why do you seem far away? You have hidden
yourself from me.
You have raised your veil and made me wander, like
Zulaikha in Egypt.[1]
With a burqa on his head, lord, Bullha has been made to
dance[2] by your love.

੬

ਅਪਣੇ ਸੰਗ ਰਲਾਈਂ ਪਿਆਰੇ, ਅਪਣੇ ਸੰਗ ਰਲਾਈਂ
ਪਹਿਲੋਂ ਨੇਹੁੰ ਲਗਾਇਆ ਸੀ ਤੈਂ, ਆਪੇ ਚਾਈਂ ਚਾਈਂ
ਮੈਂ ਲਾਇਆ ਕਿ ਤੁੱਧ ਲਾਇਆ, ਅਪਣੀ ਓਰ ਨਿਭਾਈਂ
ਰਾਹ ਪਵਾਂ ਤਾਂ ਧਾੜੇ ਬੇਲੇ, ਜੰਗਲ ਲੱਖ ਬਲਾਈਂ
ਬੂਕਣ ਚੀਤੇ ਚਿੱਤ ਮੁਚਿੱਤੇ, ਭੋਗਣ ਕਰਨ ਅਦਾਈਂ
ਤੇਰੇ ਪਾਰ ਜਗਾਤਰ ਚੜ੍ਹਿਆ, ਕੰਢੇ ਲੱਖ ਬਲਾਈਂ
ਹੌਲ ਦਿਲੇ ਦਾ ਥਰ ਥਰ ਕੰਬਦਾ, ਬੇੜਾ ਪਾਰ ਲੰਘਾਈਂ
ਕਰ ਲਈ ਬੰਦਗੀ ਰਬ ਸੱਚੇ ਦੀ, ਪਵਣ ਕਬੂਲ ਦੁਆਈਂ
ਬੁੱਲ੍ਹੇ ਸ਼ਾਹ ਨੂੰ ਸ਼ਹੁ ਦਾ ਮੁੱਖੜਾ, ਘੁੰਗਟ ਖੋਲ੍ਹ ਵਿਖਾਈਂ

੭

ਅਬ ਹਮ ਗੁੰਮ ਹੁਏ, ਪਰੇਮ ਨਗਰ ਕੇ ਸ਼ਹਿਰ
ਆਪਣੇ ਆਪ ਨੂੰ ਸੋਧ ਰਿਹਾ ਹੂੰ, ਨਾ ਸਿਰ ਹਾਥ ਨਾ ਪੈਰ
ਖ਼ੁਦੀ ਖੋਈ ਅਪਨਾ ਪਦ ਚੀਤਾ, ਤਬ ਹੋਈ ਗੱਲ ਖ਼ੈਰ
ਲੱਥੇ ਪਗੜੇ ਪਹਿਲੇ ਘਰ ਥੀਂ, ਕੌਣ ਕਰੇ ਨਿਰਵੈਰ
ਬੁੱਲ੍ਹਾ ਸ਼ਹੁ ਹੈ ਦੋਹੀਂ ਜਹਾਨੀਂ, ਕੋਈ ਨਾ ਦਿਸਦਾ ਗ਼ੈਰ

6

Bring me close to you, my dearest, bring me close to you.
It was you who first fell in love and were full of delight.
Whether it was me or you who started it, keep faith with
me to the end.
When I set out on the road, there are robbers and thickets,
jungles and countless terrors.
The spotted leopards roar, as they delight in graceful
movements.[1]
On your side a flood[2] has arisen; there are many terrors on
the bank.
My heart is filled with fear and trembling. Please get my
boat across.
I have performed obeisance to God the true master; may
my prayers be accepted.
Remove your veil, and show Bullhe Shah the face of his
lord.

7

Now I am lost in the city of love.
I am setting myself in order, not just my head or arms
or legs.
When selfhood is lost and I bear my true rank in mind,
then all is well.
I was disgraced from the first; who can sort this out?[1]
It is the lord who exists in both worlds, Bullha; no other
is to be seen.

੬

ਅਬ ਕਿਉਂ ਸਾਜਨ ਚਿਰ ਲਾਇਓ ਰੇ

ਐਸੀ ਆਈ ਮਨ ਮੇਂ ਕਾ, ਦੁਖ ਸੁਖ ਸਭ ਵੰਜਾਇਓ ਰੇ
ਹਾਰ ਸ਼ਿੰਗਾਰ ਕੋ ਆਗ ਲਗਾਊਂ, ਘਟ ਊਪਰ ਢਾਂਡ ਮਚਾਇਓ ਰੇ

ਸੁਣਕੇ ਗਿਆਨ ਕੀ ਐਸੀ ਬਾਤਾਂ, ਨਾਮ ਨਿਸ਼ਾਨ ਸਭੀ ਅਣਘਾਤਾਂ
ਕੋਇਲ ਵਾਂਗੂੰ ਕੂਕਾਂ ਰਾਤਾਂ, ਤੈਂ ਅਜੇ ਵੀ ਤਰਸ ਨਾ ਆਇਓ ਰੇ

ਗਲ ਮਿਰਗਾਨੀ ਸੀਸ ਖਪਰੀਆ, ਦਰਸ਼ਨ ਕੀ ਭਿਖ ਮੰਗਣ ਚੜ੍ਹਿਆ
ਜੋਗਨ ਨਾਮ ਭਇਓ ਲਿਟ ਧਰਿਆ, ਅੰਗ ਬਿਭੂਤ ਰਮਾਇਓ ਰੇ

੫ ਇਸ਼ਕ ਮੁਅੱਜ਼ਨ ਬਾਂਗ ਸੁਣਾਈ, ਉੱਠ ਦੌੜਨ ਗੱਲ ਵਾਜਬ ਆਈ
ਕਰ ਕਰ ਸਜਦੇ ਘਰ ਵਲ ਧਾਈ, ਮੱਥੇ ਮਹਿਰਾਬ ਟਿਕਾਇਓ ਰੇ

ਪ੍ਰੇਮ ਨਗਰ ਦੇ ਉਲਟੇ ਚਾਲੇ, ਖ਼ੂਨੀ ਨੈਣ ਹੋਏ ਖ਼ੁਸ਼ਹਾਲੇ
ਆਪੇ ਆਣ ਫਸੇ ਵਿਚ ਜਾਲੇ, ਹਸ ਹਸ ਆਪ ਕੁਹਾਇਓ ਰੇ

ਦੁੱਖ ਬਿਰਹੋਂ ਨਾ ਹੋਣ ਪੁਰਾਣੇ, ਜਿਸ ਤਨ ਪੀੜਾਂ ਸੋ ਤਨ ਜਾਣੇ
ਅੰਦਰ ਝਿੜਕਾਂ ਬਾਹਰ ਤਾਅਨੇ, ਨੇਹੁੰ ਲੱਗਿਆਂ ਦੁੱਖ ਪਾਇਓ ਰੇ

ਮੈਨਾ ਮਾਲਣ ਰੋਂਦੀ ਪਕੜੀ, ਬਿਰਹੋਂ ਪਕੜੀ ਕਰਕੇ ਤਕੜੀ
ਇਕ ਮਰਨਾ ਦੂਜੀ ਜਗ ਦੀ ਫਕੜੀ, ਹੁਣ ਕੌਣ ਬੰਨਾ ਬਣ ਆਇਓ ਰੇ

ਬੁੱਲ੍ਹਾ ਸ਼ਹੁ ਸੰਗ ਪ੍ਰੀਤ ਲਗਾਈ, ਸੋਹਣੀ ਬਣ ਤਣ ਸਭ ਕੋਈ ਆਈ
ਵੇਖ ਕੇ ਸ਼ਾਹ ਇਨਾਇਤ ਸਾਈਂ, ਜੀ ਮੇਰਾ ਭਰ ਆਇਓ ਰੇ

8

Now why, beloved, have you taken so long?

What came into my mind to banish all ideas of sorrow and joy? I set my finery on fire. You have lit a blaze in my heart.

After hearing such words of wisdom, all names and forms are mysterious.[1] I cry out through the nights like a *koil* bird,[2] but you still have not felt pity.

Wearing a deerskin[3] and carrying a skull, I went to beg for a sight of you. Calling myself a yogini, I wore my hair long and rubbed ashes on my body.

Love acted as muezzin and gave the call to prayer. They get up and run there, since it is their religious duty. They perform their prostrations, then race home, where you have made your forehead their *mihrab*.[4]

Things are the other way round in the city of love. Blood-filled eyes become happy. It is you who trap yourself in the net, then laugh as you have yourself slaughtered.

The pains of separation do not get old. It is the body that has the pain that knows about it. Scolding at home and taunts outside are the sorrows I have found through falling in love.

Caught by the gardener's wife, the mynah weeps. Caught by separation, she is tormented. First there is death, and there is also disgrace in the world. What sort of bridegroom have you come as now?

Bullha, I have fallen in love with the lord. Everyone has come beautifully adorned. After seeing my lord Shah Inayat, my heart is filled with joy.

੯

ਅਬ ਲਗਨ ਲਗੀ ਕੀ ਕਰੀਏ, ਨਾ ਜੀ ਸਕੀਏ ਤੇ ਨਾ ਮਰੀਏ

ਤੁਮ ਸੁਣੋ ਹਮਾਰੀ ਬੈਨਾ, ਮੋਹੇ ਰਾਤ ਦਿਨੇ ਨਹੀਂ ਚੈਨਾ
ਹੁਣ ਪੀ ਬਿਨ ਪਲਕ ਨਾ ਸਰੀਏ

ਇਹ ਅਗਨ ਬਿਰਹੋਂ ਦੀ ਜਰੇ, ਕੋਈ ਹਮਰੀ ਪੀਤ ਨਿਵਾਰੇ
ਬਿਨ ਦਰਸ਼ਨ ਕੈਸੇ ਤਰੀਏ

ਬੁੱਲ੍ਹਾ ਪਈ ਮੁਸੀਬਤ ਭਾਰੀ, ਕੋਈ ਕਰੋ ਹਮਾਰੀ ਕਾਰੀ
ਇਹ ਅਜਰ ਦੁੱਖ ਕਿਵੇਂ ਜਰੀਏ

੧੦

ਅੰਮਾਂ ਬਾਬੇ ਦੀ ਭਲਿਆਈ, ਉਹ ਹੁਣ ਕੰਮ ਅਸਾਡੇ ਆਈ

ਅੰਮਾਂ ਬਾਬਾ ਚੋਰ ਧੁਰੋਂ ਦੇ, ਪੁੱਤਰ ਦੀ ਵਡਿਆਈ

ਦਾਣੇ ਉੱਤੋਂ ਗੁੱਤ ਬਿਗੁੱਤੀ, ਘਰ ਘਰ ਪਈ ਲੜਾਈ

ਅਸਾਂ ਕਜ਼ੀਏ ਤਦ ਹੀ ਜਾਲੇ, ਜਦਾਂ ਕਣਕ ਉਨ੍ਹਾਂ ਟਰਕਾਈ

ਖਾਏ ਖ਼ੈਰਾ ਤੇ ਫਾਟੀਏ ਜੁੰਮਾ, ਉਲਟੀ ਦਸਤਕ ਲਾਈ

ਬੁੱਲ੍ਹਾ ਤੋਤੇ ਮਾਰ ਬਾਗ਼ਾਂ ਥੀਂ ਕੱਢੇ, ਉੱਲੂ ਰਹਿਣ ਉਸ ਜਾਈ

9

Now I have fallen in love. What can I do? I cannot live, and cannot die.
Listen to my lament. I have no peace by night or day. Now I cannot endure for an instant without my beloved.
The fire of separation consumes me. Preserve me, someone, from my love! How can I be saved without seeing him?
Bullha, I am in great trouble. May someone come to my aid. How can I endure this insupportable pain?

10

Mother's and Father's[1] good deeds now benefit us.
Mother and Father were the original thieves. Now the son is great.
The squabbling started over a grain.[2] Every house was filled with strife.
We suffered this quarreling from the very moment they stole the wheat.
Khaira profits and Jumma[3] gets beaten; the wrong person gets the summons.
The parrots are driven with blows from the gardens, while the owls stay where they were.

੧੧

ਅਲਫ਼ ਅੱਲ੍ਹਾ ਰੱਤਾ ਦਿਲ ਮੇਰਾ, ਮੈਨੂੰ ਬੇ ਦੀ ਖ਼ਬਰ ਨਾ ਕਾਈ

ਬੇ ਪੜ੍ਹਿਆਂ ਮੈਨੂੰ ਸਮਝ ਨਾ ਆਵੇ, ਲੱਜ਼ਤ ਅਲਫ਼ ਦੀ ਆਈ

ਫ਼ਰਕ ਐਨ ਤੇ ਗ਼ੈਨ ਨਾ ਜਾਣਾਂ, ਇਹ ਗੱਲ ਅਲਫ਼ ਸੁਝਾਈ

ਬੁੱਲ੍ਹਿਆ ਕੌਲ ਅਲਫ਼ ਦੇ ਪੂਰੇ, ਜਿਹੜੇ ਦਿਲ ਦੀ ਕਰਨ ਸਫ਼ਾਈ

੧੨

ਆ ਸੱਜਣ ਗਲ ਲੱਗ ਅਸਾਡੇ, ਕੇਹਾ ਝੇੜਾ ਲਾਇਓ ਈ
ਸੁੱਤਿਆਂ ਬੈਠਿਆਂ ਕੁਝ ਨਹੀਂ ਡਿੱਠਾ, ਜਾਗਦਿਆਂ ਸ਼ਹੁ ਪਾਇਓ ਈ

'ਕੁੰਮ ਬਿਇਜ਼ਨੀ' ਸ਼ਮਸ ਬੋਲੇ, ਉਲਟਾ ਕਰ ਲਟਕਾਇਓ ਈ
ਇਸ਼ਕਨ ਇਸ਼ਕਨ ਜੱਗ ਵਿੱਚ ਹੋਈਆਂ, ਦੇ ਦਿਲਾਸ ਬਿਠਾਇਓ ਈ

ਮੈਂ ਤੈਂ ਕਾਈ ਨਹੀਂ ਜੁਦਾਈ, ਫਿਰ ਕਿਉਂ ਆਪ ਛੁਪਾਇਓ ਈ
ਮਝੀਆਂ ਆਈਆਂ ਮਾਹੀ ਨਹੀਂ ਆਇਆ, ਫੂਕ ਬਿਰਹੋਂ ਡੁਲਾਇਓ ਈ

ਏਸ ਇਸ਼ਕ ਦੇ ਵੇਖੇ ਕਾਰੇ, ਯੂਸਫ਼ ਖੂਹ ਪਵਾਇਓ ਈ
ਵਾਂਗ ਜ਼ੁਲੈਖ਼ਾ ਵਿਚ ਮਿਸਰ ਦੇ, ਘੁੰਗਟ ਖੋਲ੍ਹ ਰੁਲਾਇਓ ਈ

11

Alif[1] is for Allah, in whom my heart is steeped. About *be*
I know nothing at all.
I understand nothing from studying *be*. My delight has
been in *alif.*
I know no difference between *'ain* and *ghain*.[2] This is what
alif has made clear.
Bullha, those who cleanse their hearts are perfect in their
profession of *alif.*

12

Come, beloved, and embrace me. What is this quarrel you
have started? When sleeping or sitting I saw nothing,
but when awake I found the lord.
When Shams said, *Arise by my permission,*[1] it was you who
had him hanged upside down.There have been many
women disgraced for love in the world. It was you who
encouraged and stationed me here.
There is no separation between me and you, so why have
you hidden yourself? The buffaloes[2] have come; the
beloved has not come. It is you who have fanned the
flames of separation and driven me to distraction.
I have seen what this love has done, and how you had
Yusuf[3] put into the well. You have lifted your veil
and ruined me, like Zulaikha in Egypt.

‘ਰੱਬਿ ਅਰਿਨੀ’ ਮੂਸਾ ਬੋਲੇ, ਤਦ ਕੋਹ-ਤੂਰ ਭੁਲਾਇਓ ਈ
‘ਲਨ ਤਰਾਨੀ’ ਝਿੜਕਾਂ ਵਾਲਾ, ਆਪੇ ਹੁਕਮ ਸੁਣਾਇਓ ਈ

ਇਸ਼ਕ ਦਿਵਾਨੇ ਕੀਤਾ ਫ਼ਾਨੀ, ਦਿਲ ਯਤੀਮ ਬਣਾਇਓ ਈ
ਬੁੱਲ੍ਹਾ ਸ਼ਹੁ ਘਰ ਵਸਿਆ ਆ ਕੇ, ਸ਼ਾਹ ਇਨਾਇਤ ਪਾਇਓ ਈ

੧੩

ਆ ਮਿਲ ਯਾਰ ਸਾਰ ਲੈ ਮੇਰੀ, ਮੇਰੀ ਜਾਨ ਦੁਖਾਂ ਨੇ ਘੇਰੀ

ਅੰਦਰ ਖ਼ਾਬ ਵਿਛੋੜਾ ਹੋਇਆ, ਖ਼ਬਰ ਨਾ ਪੈਂਦੀ ਤੇਰੀ

ਸੁੰਜੀ ਬਣ ਵਿਚ ਲੁੱਟੀ ਸਾਈਆਂ, ਸੂਰ ਪਲੰਗ ਨੇ ਘੇਰੀ

ਮੁੱਲਾਂ ਕਾਜ਼ੀ ਰਾਹ ਬਤਾਵਣ, ਦੇਣ ਭਰਮ ਦੇ ਫੇਰੇ

ਇਹ ਤਾਂ ਠੱਗ ਜਗਤ ਦੇ ਝੀਵਰ, ਲਾਵਣ ਜਾਲ ਚੁਫੇਰੇ

ਕਰਮ ਸ਼ਰ੍ਹਾ ਦੇ ਧਰਮ ਬਤਾਵਣ, ਸੰਗਲ ਪਾਵਣ ਪੈਰੀ

ਜ਼ਾਤ ਮਜ਼ਹਬ ਇਹ ਇਸ਼ਕ ਨਾ ਪੁਛਦਾ, ਇਸ਼ਕ ਸ਼ਰ੍ਹਾ ਦਾ ਵੈਰੀ

ਨਦੀਓਂ ਪਾਰ ਮੁਲਕ ਸਜਣ ਦਾ, ਲਹਿਵ ਲਾਅਬ ਨੇ ਘੇਰੀ

ਸਤਿਗੁਰ ਬੇੜੀ ਫੜੀ ਖਲੋਤੇ, ਤੈਂ ਕਿਉਂ ਲਾਈਆ ਦੇਰੀ

ਬੁੱਲ੍ਹਾ ਸ਼ਾਹ ਸ਼ਹੁ ਤੈਨੂੰ ਮਿਲਸੀ, ਦਿਲ ਨੂੰ ਦੇਹ ਦਲੇਰੀ

When Moses said, *Show me, lord*, you made Mount Sinai tremble. With the reprimand *You shall not see me*,[4] you uttered your command.
My mad love has destroyed me, you have orphaned my heart. Bullha, the lord came to live in your house, once you found Shah Inayat.

13

Come, my love, and notice me. My soul is beset by suffering.
I dream that we have become separated. I get no news of you.
I am desolate and destroyed in the jungle, lord. I am surrounded by wild boars and leopards.
The mullah and the *qazi* show me the road, setting me in a circuit of confusion.
But these robbers are the world's fowlers, who spread their nets everywhere.
They preach the duties and actions required by the law, and shackle my feet in chains.
Love does not ask about caste or religion, love is the enemy of the law.
The land of my beloved lies across the river, but I am caught in worldly pleasures.[1]
The boat is held still by the true guru, so why do you delay?
Bullha Shah, the lord will come to you, so your heart should be encouraged.

ਪ੍ਰੀਤਮ ਪਾਸ ਤੇ ਟੋਲੇਂ ਕਿਸ ਨੂੰ, ਭੁੱਲ ਗਿਓਂ ਸਿਖ਼ਰ ਦੁਪਿਹਰੀ

੧੪

ਆਓ ਸਈਓ ਰਲ ਦਿਓ ਨੀ ਵਧਾਈ, ਮੈਂ ਬਰ ਪਾਇਆ ਰਾਂਝਾ ਮਾਹੀ

ਅੱਜ ਤਾਂ ਰੋਜ਼ ਮੁਬਾਰਕ ਚੜ੍ਹਿਆ, ਰਾਂਝਾ ਸਾਡੇ ਵਿਹੜੇ ਵੜਿਆ
ਹਥ ਖੂੰਡੀ ਮੋਢੇ ਕੰਬਲ ਧਰਿਆ, ਚਾਕਾਂ ਵਾਲੀ ਸ਼ਕਲ ਬਣਾਈ

ਮੁਕਟ ਪਿਆ ਗਊਆਂ ਵਿਚ ਰੁਲਦਾ, ਜੰਗਲ ਜੂਹਾਂ ਵਿਚ ਕਿਸ ਮੁਲ ਦਾ
ਹੈ ਕੋਈ ਅੱਲ੍ਹਾ ਦੇ ਵਲ ਭੁਲਦਾ, ਅਸਲ ਹਕੀਕਤ ਖ਼ਬਰ ਨਾ ਕਾਈ

ਬੁੱਲ੍ਹੇ ਸ਼ਾਹ ਇਕ ਸੌਦਾ ਕੀਤਾ, ਪੀਤਾ ਜ਼ਹਿਰ ਪਿਆਲਾ ਪੀਤਾ
ਨਾ ਕੁਝ ਲਾਹਾ ਟੋਟਾ ਲੀਤਾ, ਦਰਦ ਦੁੱਖਾਂ ਦੀ ਗਠੜੀ ਚਾਈ

੧੫

ਆਓ ਫ਼ਕੀਰੋ ਮੇਲੇ ਚਲੀਏ, ਆਰਫ਼ ਕਾ ਸੁਣ ਵਾਜਾ ਰੇ

ਅਨਹਦ ਸ਼ਬਦ ਸੁਣੋ ਬਹੁਰੰਗੀ, ਤਜੀਏ ਭੇਖ ਬਿਆਜਾ ਰੇ

ਅਨਹਦ ਵਾਜਾ ਸਰਬ ਮਿਲਾਪੀ, ਨਿਰਵੈਰੀ ਸਰਨਾਜਾ ਰੇ

The beloved is beside you, so who are you looking for? It is high noon, but you have lost your way.

14

Gather together, girls, and congratulate me. I have found my bridegroom, my dear Ranjha.
Today a blessed day has dawned: Ranjha has entered my courtyard. With a staff in his hand and a blanket around his shoulders, he has taken the form of a herdsman.
The diadem has fallen among cattle and is tossed about. What value does it have in the jungle and pastures? Are people so confused about God that they have no awareness of true reality?[1]
Bullha Shah made a deal and drank the cup of love's poison. He had no profit or loss, but took up a bundle of pain and grief.

15

Come, fakirs, let us go to the fair, and listen to the music of the adept.[1]
Listen to the many-hued unstruck music[2] and abandon your robe of falseness.
The unstruck instrument is friendly to all, the pipe has no hostility.

ਮੇਲੇ ਬਾਝੋਂ ਮੇਲਾ ਔਤਰ, ਰੁੜ੍ਹ ਗਿਆ ਮੂਲ ਵਿਹਾਜਾ ਰੇ

ਕਠਨ ਫ਼ਕੀਰੀ ਰਸਤਾ ਆਸ਼ਕ, ਕਾਇਮ ਕਰੋ ਮਨ ਭਾਜਾ ਰੇ

ਬੰਦਾ ਰਬ ਭਿਓ ਇਕ ਬੁੱਲ੍ਹਾ, ਪੜਾ ਜਹਾਨ ਬਿਰਾਜਾ ਰੇ

੧੬

ਐਸਾ ਜਗਿਆ ਗਿਆਨ ਪਲੀਤਾ

ਨਾਹਿਮ ਹਿੰਦੂ ਨਾ ਤੁਰਕ ਜ਼ਰੂਰੀ, ਨਾਮ ਇਸ਼ਕ ਦੀ ਹੈ ਮਨਜ਼ੂਰੀ
ਆਸ਼ਕ ਨੇ ਹਰ ਜੀਤਾ, ਐਸਾ ਜਗਿਆ ਗਿਆਨ ਪਲੀਤਾ

ਵੇਖੋ ਠੱਗਾਂ ਸ਼ੋਰ ਮਚਾਇਆ, ਜੰਮਣਾ ਮਰਨਾ ਚਾ ਬਣਾਇਆ
ਮੂਰਖ ਭੁੱਲੇ ਰੌਲਾ ਪਾਇਆ, ਜਿਸ ਨੂੰ ਆਸ਼ਕ ਜ਼ਾਹਰ ਕੀਤਾ

ਬੁੱਲ੍ਹਿਆ ਇਸ਼ਕ ਦੀ ਬਾਤ ਨਿਆਰੀ, ਪ੍ਰੇਮ ਵਾਲਿਆਂ ਬੜੀ ਕਰਾਰੀ
ਮੂਰਖ ਦੀ ਮੱਤ ਐਵੇਂ ਮਾਰੀ, ਵਾਕ ਸੁਖ਼ਨ ਚੁੱਪ ਕੀਤਾ

੧੭

ਇਸ਼ਕ ਅਸਾਂ ਨਾਲ ਕੇਹੀ ਕੀਤੀ, ਲੋਕ ਮਰੇਂਦੇ ਤਾਅਨੇ

ਦਿਲ ਦੀ ਵੇਦਨ ਕੋਈ ਨਾ ਜਾਣੇ, ਅੰਦਰ ਦੇਸ ਬੇਗਾਨੇ
ਜਿਸ ਨੂੰ ਚਾਟ ਅਮਰ ਦੀ ਹੋਵੇ, ਸੋਈ ਅਮਰ ਪਛਾਣੇ
ਏਸ ਇਸ਼ਕ ਦੀ ਔਖੀ ਘਾਟੀ, ਜੋ ਚੜ੍ਹਿਆ ਸੋ ਜਾਣੇ

Without union the fair is no good; both capital and
interest are squandered.
Fakirhood is difficult, but it is the path of the lover, so
make your restless mind settle.
The creature and the lord become one, Bullha, while the
world is ungoverned.

16

The wick of true knowledge is lit like this.
For sure I am no Hindu or Turk,[1] it is the name of love
to which I adhere. The lover is conquered by God.
The wick of true knowledge is lit like this.
See what a clamor the robbers[2] have raised, how they have
created birth and death. The fool makes a loud fuss
when lost in confusion, which the lover exposes.
Bullha, love is something unique; the followers of love
are very steadfast. The fool loses his wits for nothing.
True communication lies in silence.

17

What has love done to me? People utter reproaches.
No one knows the pain in my heart; I am a stranger in
my own land. Only someone who has tasted the divine
command knows what it means. The mountain of love
is hard to ascend; only someone who has climbed it
knows about it.

ਆਤਸ਼ ਇਸ਼ਕ ਫ਼ਰਾਕ ਤੇਰੇ ਦੀ, ਪਲ ਵਿਚ ਸਾੜ ਵਿਖਾਈਆਂ
ਏਸ ਇਸ਼ਕ ਦੇ ਸਾੜੇ ਕੋਲੋਂ, ਜਗ ਵਿਚ ਦਿਆਂ ਦੁਹਾਈਆਂ
ਜਿਸ ਤਨ ਲੱਗੇ ਸੋ ਤਨ ਜਾਣੇ, ਦੂਜਾ ਕੋਈ ਨਾ ਜਾਣੇ

ਇਸ਼ਕ ਕਸਾਈ ਜੇਹੀ ਕੀਤੀ, ਰਹਿ ਗਈ ਖ਼ਬਰ ਨਾ ਕਾਈ
ਇਸ਼ਕ ਚੁਆਤੀ ਲਾਈ ਛਾਤੀ, ਫੇਰ ਨਾ ਝਾਤੀ ਪਾਈ
ਮਾਪਿਆਂ ਕੋਲੋਂ ਛੁਪ ਛੁਪ ਰੋਵਾਂ, ਕਰ ਕਰ ਲੱਖ ਬਹਾਨੇ

੫ ਹਿਜਰ ਤੇਰੇ ਨੇ ਝੱਲੀ ਕਰਕੇ, ਕਮਲੀ ਨਾਮ ਧਰਾਇਆ
'ਸੁੰਮੁਨ ਬੁਕਮਨੁ ਉਮਯੁਨ' ਹੋ ਕੇ, ਅਪਣਾ ਵਕਤ ਲੰਘਾਇਆ
ਕਰ ਹੁਣ ਨਜ਼ਰ ਕਰਮ ਦੀ ਸਾਈਆਂ, ਨਾ ਕਰ ਜ਼ੋਰ ਧਿੰਗਾਣੇ

ਹੱਸ ਬੁਲਾਵਾ ਤੇਰਾ ਜਾਨੀ, ਯਾਦ ਕਰਾਂ ਹਰ ਵੇਲੇ
ਪਲ ਪਲ ਦੇ ਵਿਚ ਦਰਦ ਜੁਦਾਈ, ਇਸ਼ਕ ਮਰੇਂਦੈ ਸੇਲੇ
ਰੋ ਰੋ ਯਾਦ ਕਰਾਂ ਦਿਨ ਰਾਤੀਂ, ਪਿਛਲੇ ਵਕਤ ਵਿਹਾਣੇ

ਇਸ਼ਕ ਤੇਰਾ ਦਰਕਾਰ ਅਸਾਂ ਨੂੰ, ਹਰ ਵੇਲੇ ਹਰ ਹੀਲੇ
ਪਾਕ ਰਸੂਲ ਮੁਹੰਮਦ ਸਾਹਿਬ, ਮੇਰੇ ਖ਼ਾਸ ਵਸੀਲੇ
ਬੁੱਲ੍ਹੇ ਸ਼ਾਹ ਜੇ ਮਿਲੇ ਪਿਆਰਾ, ਲੱਖ ਕਰਾਂ ਸ਼ੁਕਰਾਨੇ

੧੮

ਇਸ਼ਕ ਹਕੀਕੀ ਨੇ ਮੁੱਠੀ ਕੁੜੇ, ਮੈਨੂੰ ਦੱਸੋ ਪੀਆ ਦਾ ਦੇਸ

ਮਾਪਿਆਂ ਦੇ ਘਰ ਬਾਲ ਅਞਾਣੀ, ਪੀਤ ਲਗਾ ਕੇ ਲੁੱਟੀ ਕੁੜੇ

Love is a fire that in my separation from you has consumed me in an instant. Because of the burning pain of this love, I utter appeals for help in the world. It is the body that has experienced the pain that knows about it; no one else does.

Love has treated me like a butcher, and I have lost all awareness. Love applied its brand to my breast, then did not glance at me. I hide my tears from my parents, making up endless false explanations.

Separation from you has made me mad, and has labeled me "crazy girl." I spend my time as one who is *deaf, dumb, and blind.*[1] Look with favor on me now, lord, do not be violent and forceful.

Your summons made me happy, beloved. I remember you all the time. At every moment I suffer the pain of separation, and love spears me. Day and night I weep and remember you; those former times are over.

Your love is what we need, at every time and in every way. The holy apostle Muhammad is my special intercessor.[2] Bullhe Shah, if the beloved comes to me, I will offer a hundred thousand thanks.

18

Real love[1] has destroyed me, my girl. Show me the land of my beloved.

In my parents' house I was an innocent girl, but when I fell in love I was ruined, my girl.

ਮੰਤਕ ਮਾਅਨੇ ਕਨਜ਼ ਕਦੂਰੀ, ਮੈਂ ਪੜ੍ਹ ਪੜ੍ਹ ਇਲਮ ਵਗੁੱਚੀ ਕੁੜੇ

ਨਮਾਜ਼ ਰੋਜ਼ਾ ਓਹਨਾਂ ਕੀ ਕਰਨਾ, ਜਿਨ੍ਹਾਂ ਪ੍ਰੇਮ ਸੁਰਾਹੀ ਲੁੱਟੀ ਕੁੜੇ

ਬੁੱਲ੍ਹਾ ਸ਼ਹੁ ਦੀ ਮਜਲਸ ਬਹਿ ਕੇ, ਸਭ ਕਰਨੀ ਮੇਰੀ ਛੁੱਟੀ ਕੁੜੇ

੧੯

ਇਸ਼ਕ ਦੀ ਨਵੀਓਂ ਨਵੀਂ ਬਹਾਰ

ਜਾਂ ਮੈਂ ਸਬਕ ਇਸ਼ਕ ਦਾ ਪੜ੍ਹਿਆ, ਮਸਜਦ ਕੋਲੋਂ ਜੀਉੜਾ ਡਰਿਆ
ਦੈਰੇ ਜਾ ਠਾਕਰ ਦੇ ਵੜਿਆ, ਜਿੱਥੇ ਵੱਜਦਾ ਨਾਦ ਹਜ਼ਾਰ

ਜਾਂ ਮੈਂ ਰਮਜ਼ ਇਸ਼ਕ ਦੀ ਪਾਈ, ਮੈਨਾ ਤੋਤਾ ਮਾਰ ਗਵਾਈ
ਅੰਦਰ ਬਾਹਰ ਹੋਈ ਸਫ਼ਾਈ, ਜਿਤ ਵਲ ਵੇਖਾਂ ਯਾਰੋ ਯਾਰ

ਹੀਰ ਰਾਂਝੇ ਦੇ ਹੋ ਗਏ ਮੇਲੇ, ਭੁੱਲੀ ਹੀਰ ਢੂੰਡੇਂਦੀ ਬੇਲੇ
ਰਾਂਝਾ ਯਾਰ ਬੁੱਕਲ ਵਿਚ ਖੇਲੇ, ਮੈਨੂੰ ਸੁਧ ਰਹੀ ਨਾ ਸਾਰ

ਬੇਦ ਕੁਰਆਨਾਂ ਪੜ੍ਹ ਪੜ੍ਹ ਥੱਕੇ, ਸਜਦੇ ਕਰਦਿਆਂ ਘਸ ਗਏ ਮੱਥੇ
ਨਾ ਰਬ ਤੀਰਥ ਨਾ ਰਬ ਮੱਕੇ, ਜਿਸ ਪਾਇਆ ਤਿਸ ਨੂਰ ਅਨਵਾਰ

I have studied logic and semantics, the *Kanz* and the *Qudūrī*,[2] but all this learning has destroyed me, my girl.
What use are prayer and fasting to those who have drained the flask of love, my girl?
Bullha, when I sat in the circle of the lord, I became free of all observances, my girl.

19

The spring of love is ever new.
When I studied the lesson of love, my heart became afraid of the mosque. I went to enter the temple of the lord, where a thousand conches are blown.
When I discovered the mystery of love, I destroyed the mynah and the parrot.[1] I became purified inside and out; no matter where I look, only the beloved is there.
Meetings have taken place between Hir and Ranjha. Hir is lost, searching in the river glade. My lover Ranjha plays inside the folds of my scarf;[2] I have lost all conscious awareness.
People become exhausted reciting Vedas and Qur'ans. From prostrating themselves, their foreheads have become worn. The lord is not in the sacred bathing places, nor is the lord in Mecca. Whoever finds him is filled with brilliant light.

ਫੂਕ ਮੁਸੱਲਾ ਭੰਨ ਸੁੱਟ ਲੋਟਾ, ਨਾ ਫੜ ਤਸਬੀ ਆਸਾ[੧] ਸੋਟਾ
ਆਸ਼ਕ ਕਹਿੰਦੇ ਦੇ ਦੇ ਹੋਕਾ, ਤਰਕ ਹਲਾਲੋਂ ਖਾਹ ਮੁਰਦਾਰ

ਉਮਰ ਗਵਾਈ ਵਿਚ ਮਸੀਤੀ, ਅੰਦਰ ਭਰਿਆ ਨਾਲ ਪਲੀਤੀ
ਕਦੋ ਨਮਾਜ਼ ਤੌਹੀਦ ਨਾ ਕੀਤੀ, ਹੁਣ ਕੀ ਕਰਨਾ ਏਂ ਸ਼ੋਰ ਪੁਕਾਰ

ਇਸ਼ਕ ਭੁਲਾਇਆ ਸਜਦਾ ਤੇਰਾ, ਹੁਣ ਕਿਉਂ ਐਵੇਂ ਪਾਵੇਂ ਝੇੜਾ
ਬੁੱਲ੍ਹਾ ਹੁੰਦਾ ਚੁੱਪ ਬਥੇਰਾ, ਇਸ਼ਕ ਕਰੇਂਦਾ ਮਾਰੋ ਮਾਰ

੨੦

ਇਹ ਅਚਰਜ ਸਾਧੂ ਕੌਣ ਕਹਾਵੇ, ਛਿਨ ਛਿਨ ਰੂਪ ਕਿੱਤੇ ਬਣ ਆਵੇ

ਮੱਕਾ ਲੰਕਾ ਸਹਿਦੇਵ ਕੇ ਭੇਦ, ਦੋਊ ਕੋ ਏਕ ਬਤਾਵੇ

ਜਬ ਜੋਗੀ ਤੁਮ ਵਸਲ ਕਰੋਗੇ, ਬਾਂਗ ਕਹੇ ਭਾਵੇਂ ਨਾਦ ਬਜਾਵੇ

ਭਗਤੀ ਭਗਤ ਨਤਾਰੇ ਨਾਹੀਂ, ਭਗਤ ਸੋਈ ਜਿਹੜਾ ਮਨ ਭਾਵੇ

ਹਰ ਪਰਗਟ ਪਰਗਟ ਹੀ ਦੇਖੋ, ਕਿਆ ਪੰਡਤ ਫਿਰ ਬੇਦ ਸੁਨਾਵੇ

ਧਿਆਨ ਧਰੋ ਇਹ ਕਾਫ਼ਰ ਨਾਹੀਂ, ਕਿਆ ਹਿੰਦੂ ਕਿਆ ਤੁਰਕ ਕਹਾਵੇ

ਜਬ ਦੇਖੂੰ ਤਬ ਓਹੀ ਓਹੀ, ਬੁੱਲ੍ਹਾ ਸ਼ਹੁ ਹਰ ਰੰਗ ਸਮਾਵੇ

Burn your prayer rug and break up your ablutions pot;
do not pick up your rosary, your staff, or your stick.
Lovers loudly proclaim, "Give up halal food and eat dead meat."[3]
Your life has been wasted in mosques, while inside you are full of pollution. You have never performed with proper intent a prayer to God's unity, so why create this loud clamor now?
Love has made me forget to prostrate myself to you. Why do you start this quarrel now? However long Bullha's silence lasts, love drives me on with constant blows.

20

What[1] is this wonderful holy man called? At each moment he comes in many forms.
Lanka and Mecca are mysteries of Sahadev,[2] who demonstrates that the two are one.
Oh yogi, when you are united with God, you give the call to prayer though you sound the conch.
Do not distinguish devotees by their different devotions. The true devotee is the one who pleases you.
Behold, God is openly revealed, whatever the pandit may then proclaim from the Veda.
If you attend carefully, there are no unbelievers, whether they are called Hindu or Turk.[3]
Whenever I look, only he, only he exists. Bullha, the lord is contained in every color.

੨੧

ਇਹ ਦੁੱਖ ਜਾ ਕਹੂੰ ਕਿਸ ਆਗੇ, ਰੁਮ ਰੁਮ ਘਾਉ ਪਰੇਮ ਕੇ ਲਾਗੇ

ਸਿਕਤ ਸਿਕਤ ਹੋ ਰੈਣ ਵਿਹਾਣੀ, ਹਮਰੇ ਪੀਆ ਨੇ ਪੀੜ ਨਾ ਜਾਣੀ
ਕਿਆ ਜਾਣੂੰ ਕਿਆ ਪੀ ਮਨ ਭਾਣੀ

ਬਿਲਕਤ ਬਿਲਕਤ ਰੈਣ ਵਿਹਾਸੀ, ਹਾਸੇ ਦੀ ਗੱਲ ਪੈ ਗਈ ਫਾਸੀ
ਇਕ ਮਰਨਾ ਦੂਜਾ ਜਗ ਦੀ ਹਾਂਸੀ

ਕਰਤ ਫਿਰਤ ਮੋਹੀ ਰੇ ਮੋਹੀ, ਕੌਣ ਕਰੇ ਮੋਹੀ ਸੇ ਦਿਲਜੋਈ
ਸ਼ਾਮ ਪੀਆ ਮੈਂ ਦੇਤੀ ਹੂੰ ਧਰੋਈ

ਦੁਖ ਜਗ ਕੇ ਮੋਹੇ ਪੂਛਣ ਆਏ, ਨਾ ਪੀਆ ਆਏ ਨਾ ਪੀਆ ਜਾਏ
ਇਹ ਦੁਖ ਜਾ ਕਹੂੰ ਕਿਸ ਜਾਏ

ਬੁੱਲ੍ਹਾ ਸ਼ਾਹ ਘਰ ਆ ਪਿਆਰਿਆ, ਇੱਕ ਘੜੀ ਕੋ ਕਰਨ ਗੁਜ਼ਾਰਿਆ
ਤਨ ਮਨ ਧਨ ਜੀਅ ਤੈਂ ਪਰ ਵਾਰਿਆ

੨੨

ਇਕ ਅਲਫ਼ ਪੜ੍ਹੋ ਛੁਟਕਾਰਾ ਏ

ਇਕ ਅਲਫੋਂ ਦੋ ਤਿਨ ਚਾਰ ਹੋਏ, ਫਿਰ ਲੱਖ ਕਰੋੜ ਹਜ਼ਾਰ ਹੋਏ
ਫਿਰ ਉਥੋਂ ਬਾਝ ਸ਼ੁਮਾਰ ਹੋਏ, ਹਿਕ ਅਲਫ਼ ਦਾ ਨੁਕਤਾ ਨਿਆਰਾ ਏ

ਕਿਉਂ ਪੜ੍ਹਨਾ ਏਂ ਗੱਡ ਕਿਤਾਬਾਂ ਦੀ, ਸਿਰ ਚਾਨੈਂ ਪੰਡ ਅਜ਼ਾਬਾਂ ਦੀ
ਹੁਣ ਹੋਇਓਂ ਸ਼ਕਲ ਜਲਾਦਾਂ ਦੀ, ਅੱਗੇ ਪੈਂਡਾ ਮੁਸ਼ਕਲ ਭਾਰਾ ਏ

21

To whom shall I go and tell of this pain? Every pore of my body is marked by the wounds of love.
The night has passed in yearning. My beloved does not know my pain. How should I know if I please him?
My night will be spent sobbing. Laughter is like a noose around my neck. Besides death, there is also the laughter of the world.
I roam about, saying, "I am lost, oh, I am lost." Who will console this lost creature? I appeal for help to my dark-skinned beloved.
The pains of the world came to question me. My love does not come, my love does not go. To whom shall I go and tell of this pain?
Bullha Shah says: Come home, beloved. Each moment that you come this way is a century for me. I sacrifice my body and soul, my possessions, and my life to you.

22

Study only the one letter *alif*[1] to gain deliverance.
From the one *alif* come two, three, and four; then come thousands, lakhs, and crores. The numbers then become infinite. How strange the point of a single *alif* is!
Why study loads of books and put bundles of troubles on your head? Now your appearance is as grim as an executioner, and the way that lies before you is dreadfully difficult.

ਬਣ ਹਾਫ਼ਜ਼ ਹਿਫ਼ਜ਼ ਕੁਰਾਨ ਕਰੇਂ, ਪੜ੍ਹ ਪੜ੍ਹ ਕੇ ਸਾਫ਼ ਜ਼ਬਾਨ ਕਰੇਂ
ਫਿਰ ਨਿਆਮਤ ਵਿੱਚ ਧਿਆਨ ਕਰੇਂ, ਮਨ ਫਿਰਦਾ ਜਿਉਂ ਹਲਕਾਰਾ ਏ

ਬੁੱਲ੍ਹਾ ਬੀ ਬੋੜ੍ਹ ਦਾ ਬੋਇਆ ਸੀ, ਉਹ ਬਿਰਛ ਵੱਡਾ ਜਾਂ ਹੋਇਆ ਸੀ
ਜਦ ਬਿਰਛ ਉਹ ਫ਼ਾਨੀ ਹੋਇਆ ਸੀ, ਫਿਰ ਰਹਿ ਗਿਆ ਬੀ ਇਕਾਹਰਾ ਏ

੨੩

ਇਕ ਰਾਂਝਾ ਮੈਨੂੰ ਲੋੜੀਦਾ

'ਕੁਨ ਫ਼ਯਕੂਨ' ਅੱਗੇ ਦੀਆਂ ਲਗੀਆਂ, ਨੇਹੁੰ ਨਾ ਲਗੜਾ ਚੋਰੀ ਦਾ

ਆਪ ਛਿੜ ਜਾਂਦਾ ਨਾਲ ਮਝੀਂ ਦੇ, ਕਿਉਂ ਸਾਨੂੰ ਬੇਲਿਓਂ ਹੋੜੀਦਾ

ਰਾਂਝੇ ਜਿਹਾ ਮੈਨੂੰ ਹੋਰ ਨਾ ਕੋਈ, ਮਿੰਨਤਾਂ ਕਰ ਕਰ ਮੋੜੀਦਾ

ਸਾਂਵਲਿਆਂ ਦੇ ਨੈਣ ਸਲੋਨੇ, ਸੂਹਾ ਦੁਪੱਟਾ ਗੋਰੀ ਦਾ

ਅਹਦ ਅਹਿਮਦ ਵਿਚ ਫ਼ਰਕ ਨਾ ਬੁੱਲ੍ਹਿਆ, ਰੱਤੀ ਇਕ ਭੇਤ ਮਰੋੜੀ ਦਾ

੨੪

ਇਕ ਨੁਕਤਾ ਯਾਰ ਪੜ੍ਹਾਇਆ ਏ

ਐਨ ਗ਼ੈਨ ਦੀ ਹਿਕ ਸੂਰਤ, ਹਿਕ ਨੁਕਤੇ ਸ਼ੋਰ ਮਚਾਇਆ ਏ

You may remember the Qur'an by heart and become a Hafiz,[2] and purify your tongue with continual recitation. Then you think of the good things in life, and your mind wanders all over the place like a courier.
Bullha, the banyan seed was sown and grew into a great tree. Then the tree perished, and only the simple seed[3] was left.

23

All I need is Ranjha.
We were betrothed before the time of *Let it be, and it was.*[1] Ours is no stolen love.
He goes with the buffaloes to pasture. Why am I kept back from the river glade?[2]
There is no one else like Ranjha for me. I keep pleading to make him return.
The dark-skinned lovers' eyes are lustrous. The fair girl's shawl is bright red.[3]
Bullha, there is no difference between Ahad and Ahmad,[4] only the little mystery of a squiggle.

24

My beloved has taught me a single dot.[1]
The letters *'ain* and *ġhain*[2] have the same shape. A single dot has created the havoc.

ਸੱਸੀ ਦਾ ਦਿਲ ਲੁੱਟਣ ਕਾਰਨ, ਹੋਤ ਪੁੰਨੂ ਬਣ ਆਇਆ ਏ

ਬੁੱਲ੍ਹਾ ਸ਼ਹੁ ਦੀ ਜ਼ਾਤ ਨਾ ਕਾਈ, ਮੈਂ ਸ਼ਹੁ ਇਨਾਇਤ ਪਾਇਆ ਏ

੨੫

ਇਕ ਨੁਕਤੇ ਵਿਚ ਗਲ ਮੁਕਦੀ ਏ

ਫੜ ਨੁਕਤਾ ਛੋੜ ਹਿਸਾਬਾਂ ਨੂੰ, ਕਰ ਦੂਰ ਕੁਫ਼ਰ ਦਿਆਂ ਬਾਬਾਂ ਨੂੰ
ਲਾਹ ਦੋਜ਼ਖ਼ ਗੋਰ ਅਜ਼ਾਬਾਂ ਨੂੰ, ਕਰ ਸਾਫ਼ ਦਿਲੇ ਦਿਆਂ ਖ਼ਾਬਾਂ ਨੂੰ
ਗੱਲ ਏਸੇ ਘਰ ਵਿਚ ਢੁਕਦੀ ਏ

ਐਵੇਂ ਮੱਥਾ ਜ਼ਿਮੀਂ ਘਸਾਈਦਾ, ਲੰਮਾ ਪਾ ਮਹਿਰਾਬ ਦਿਖਾਈਦਾ
ਪੜ੍ਹ ਕਲਮਾ ਲੋਕ ਮੁਸਾਈਦਾ, ਦਿਲ ਅੰਦਰ ਸਮਝ ਨਾ ਲਿਆਈਦਾ
ਕਦੀ ਬਾਤ ਸੱਚੀ ਵੀ ਲੁਕਦੀ ਏ

ਕਈ ਹਾਜੀ ਬਣ ਬਣ ਆਏ ਜੀ, ਗਲ ਨੀਲੇ ਜਾਮੇ ਪਾਏ ਜੀ
ਹਜ ਵੇਚ ਟਕੇ ਲੈ ਖਾਏ ਜੀ, ਭਲਾ ਇਹ ਗੱਲ ਕਿਹਨੂੰ ਭਾਏ ਜੀ
ਕਦੀ ਬਾਤ ਸੱਚੀ ਵੀ ਲੁਕਦੀ ਏ

ਇਕ ਜੰਗਲ ਬਹਿਰੀਂ ਜਾਂਦੇ ਨੇ, ਇਕ ਦਾਣਾ ਰੋਜ਼ੀ ਖਾਂਦੇ ਨੇ
ਬੇਸਮਝ ਵਜੂਦ ਥਕਾਂਦੇ ਨੇ, ਘਰ ਹੋਵਣ ਹੋ ਕੇ ਮਾਂਦੇ ਨੇ
ਐਵੇਂ ਚਿੱਲਿਆਂ ਵਿਚ ਜਿੰਦ ਮੁਕਦੀ ਏ

ਫੜ ਮੁਰਸ਼ਦ ਅਬਦ ਖ਼ੁਦਾਈ ਹੋ, ਵਿੱਚ ਮਸਤੀ ਬੇਪਰਵਾਹੀ ਹੋ
ਬੇਖ਼ਾਹਸ਼ ਬੇਨਵਾਈ ਹੋ, ਵਿੱਚ ਦਿਲ ਦੇ ਖ਼ੂਬ ਸਫ਼ਾਈ ਹੋ
ਬੁੱਲ੍ਹਾ ਬਾਤ ਸੱਚੀ ਕਦ ਰੁਕਦੀ ਏ

To steal the heart of Sassi,[3] he came as Punnun the Hot.
Bullha, the lord has no caste.[4] I have found Shah Inayat.

25

The whole thing[1] ends in a dot.[2]
Grasp the dot and quit counting, put aside the chapters of unbelief. Get rid of the torments of hell and the grave, cleanse the visions of your heart. It is in this house that the matter is found.
It is for nothing that the forehead is rubbed upon the ground, and that through prostration the mihrab[3] is displayed. The profession of faith[4] is recited and people are robbed, but it is not brought into the heart and understood. Can the matter that is true ever be hidden?
Many become Hajjis and come wearing blue garments.[5] They sell the Haj[6] and live on the coins they collect, but who can possibly be pleased by this? Can the matter that is true ever be hidden?
Some go into the jungle or out on the rivers, some eat a single grain as their daily diet. Senselessly they exhaust their bodies and stay at home in a weak state. In performing austerities, their life ends for nothing.
Take hold of the guide and become the creature of the divine; in ecstasy there is freedom from care. In lack of desire and lack of provisions, there is perfect purity in the heart. Bullha, can the matter that is true ever be blocked?

੨੬

ਇਲਮੋਂ ਬੱਸ ਕਰੀਂ ਓ ਯਾਰ

ਇਲਮ ਨਾ ਆਵੇ ਵਿਚ ਸ਼ੁਮਾਰ, ਇੱਕੋ ਅਲਫ਼ ਤੇਰੇ ਦਰਕਾਰ
ਜਾਂਦੀ ਉਮਰ ਨਹੀਂ ਇਤਬਾਰ, ਇਲਮੋਂ ਬੱਸ ਕਰੀਂ ਓ ਯਾਰ

ਪੜ੍ਹ ਪੜ੍ਹ ਇਲਮ ਲਗਾਵੇਂ ਢੇਰ, ਕੁਰਆਨ ਕਿਤਾਬਾਂ ਚਾਰ ਚੁਫ਼ੇਰ
ਗਿਰਦੇ ਚਾਨਣ ਵਿਚ ਅਨ੍ਹੇਰ, ਬਾਝੋਂ ਰਹਿਬਰ ਖ਼ਬਰ ਨਾ ਸਾਰ

ਪੜ੍ਹ ਪੜ੍ਹ ਸ਼ੇਖ਼ ਮਸ਼ਾਇਖ਼ ਹੋਇਆ, ਭਰ ਭਰ ਪੇਟ ਨੀਂਦਰ ਭਰ ਸੋਇਆ
ਜਾਂਦੀ ਵਾਰ ਨੈਣ ਭਰ ਰੋਇਆ, ਡੁੱਬਾ ਵਿਚ ਉਰਾਰ ਨਾ ਪਾਰ

ਪੜ੍ਹ ਪੜ੍ਹ ਸ਼ੇਖ਼ ਮਸ਼ਾਇਖ਼ ਕਹਾਵੇਂ, ਉਲਟੇ ਮਸਲੇ ਘਰੋਂ ਬਣਾਵੇਂ
ਬੇਅਕਲਾਂ ਨੂੰ ਲੁਟ ਲੁਟ ਖਾਵੇਂ, ਉਲਟੇ ਸਿੱਧੇ ਕਰੇਂ ਕਰਾਰ

ਪੜ੍ਹ ਪੜ੍ਹ ਨਫ਼ਲ ਨਮਾਜ਼ ਗੁਜ਼ਾਰੇਂ, ਉੱਚੀਆਂ ਬਾਂਗਾਂ ਚਾਂਘਾਂ ਮਾਰੇਂ
ਮੰਬਰ ਤੇ ਚੜ੍ਹ ਵਾਅਜ਼ ਪੁਕਾਰੇਂ, ਕੀਤਾ ਤੈਨੂੰ ਹਿਰਸ ਖ਼ੁਆਰ

ਪੜ੍ਹ ਪੜ੍ਹ ਮੁੱਲਾਂ ਹੋਏ ਕਾਜ਼ੀ, ਅੱਲ੍ਹਾ ਇਲਮਾਂ ਬਾਝੋਂ ਰਾਜ਼ੀ
ਹੋਏ ਹਿਰਸ ਦਿਨੋ ਦਿਨ ਤਾਜ਼ੀ, ਨਫ਼ਾ ਨੀਅਤ ਵਿੱਚ ਗੁਜ਼ਾਰ

ਪੜ੍ਹ ਪੜ੍ਹ ਮਸਲੇ ਰੋਜ਼ ਸੁਣਾਵੇਂ, ਖਾਣਾ ਸ਼ਕ ਸ਼ੁਬ੍ਹੇ ਦਾ ਖਾਵੇਂ
ਦੱਸੇਂ ਹੋਰ ਤੇ ਹੋਰ ਕਮਾਵੇਂ, ਅੰਦਰ ਖੋਟ ਬਾਹਰ ਸਚਿਆਰ

26

That is enough of learning, friend.

Your learning may be beyond reckoning, but all you need is *alif.*[1] There is no trusting in life, which departs from us. That is enough of learning, friend.

Reading and reading, you amass heaps of learning, with the Qur'an and the scriptures all around you. You are surrounded by light, but there is darkness[2] within you. Without the guide, you have no awareness or clue.

Reading and reading, you became a Shaikh of Shaikhs, who filled his belly and slept his fill. When it was time to go, you wept floods of tears. You drowned in midstream, neither on this bank nor on the far side.

Reading and reading, you call yourself a Shaikh of Shaikhs, and from your house you devise tricky questions of the law. You eat by plundering the foolish, and make your obscure pronouncements.

Reading and reading, you perform prescribed and supererogatory prayers, and shout out loud calls to prayer. You go up into the pulpit and deliver sermons, but your greed has dishonored you.

Reading and reading, you become a mullah, then a *qazi,*[3] but God is content without all this learning. Your greed increases day by day, and your pious intent is set on profit.

Reading and reading, you discuss legal questions every day, and you feed on doubts and queries. You preach one thing and practice another, being false within while seeming true on the outside.

ਪੜ੍ਹ ਪੜ੍ਹ ਇਲਮ ਨਜੂਮ ਵਿਚਾਰੇ, ਗਿਣਦਾ ਰਾਸਾਂ ਬੁਰਜ ਸਤਾਰੇ
ਪੜ੍ਹੇ ਅਜ਼ੀਮਤਾਂ ਮੰਤਰ ਝਾੜੇ, ਅਬਜਦ ਗਿਣੇ ਤਅਵੀਜ਼ ਸ਼ੁਮਾਰ

ਇਲਮੋਂ ਪਏ ਨੇ ਕਜ਼ੀਏ ਹੋਰ, ਅੱਖੀਂ ਵਾਲੇ ਅੰਨ੍ਹੇ ਕੋਰ
ਫੜ ਲਏ ਸਾਧ ਤੇ ਛੱਡੇ ਚੋਰ, ਦੋਹੀਂ ਜਹਾਨੀਂ ਹੋਇਆ ਖ਼ੁਆਰ

ਇਲਮੋਂ ਪਏ ਹਜ਼ਾਰਾਂ ਫਸਤੇ, ਰਾਹੀ ਅਟਕ ਰਹੇ ਵਿਚ ਰਸਤੇ
ਮਾਰਿਆ ਹਿਜਰ ਹੋਏ ਦਿਲ ਖ਼ਸਤੇ, ਪਿਆ ਵਿਛੋੜੇ ਦਾ ਸਿਰ ਭਾਰ

ਇਲਮੋਂ ਮੀਆਂ ਜੀ ਕਹਾਵੇਂ, ਤੰਬਾ ਚੁੱਕ ਚੁੱਕ ਮੰਡੀ ਜਾਵੇਂ
ਧੇਲਾ ਲੈ ਕੇ ਛੁਰੀ ਚਲਾਵੇਂ, ਨਾਲ ਕਸਾਈਆਂ ਬਹੁਤ ਪਿਆਰ

ਬਹੁਤਾ ਇਲਮ ਅਜ਼ਾਜ਼ੀਲ ਨੇ ਪੜ੍ਹਿਆ, ਝੱਗਾ ਝਾਹ ਉਸੇ ਦਾ ਸੜਿਆ
ਗਲ ਵਿਚ ਤੌਕ ਲਾਹਨਤ ਦਾ ਪੜ੍ਹਿਆ, ਓੜਕ ਗਿਆ ਉਹ ਬਾਜ਼ੀ ਹਾਰ

ਜਦ ਮੈਂ ਸਬਕ ਇਸ਼ਕ ਦਾ ਪੜ੍ਹਿਆ, ਦਰਿਆ ਵੇਖ ਵਹਦਤ ਦਾ ਵੜਿਆ
ਘੁੰਮਣ ਘੇਰਾਂ ਦੇ ਵਿਚ ਅੜਿਆ, ਸ਼ਾਹ ਇਨਾਇਤ ਲਾਇਆ ਪਾਰ

ਬੁੱਲ੍ਹਾ ਨਾ ਰਾਫ਼ਜ਼ੀ ਨਾ ਸੁੰਨੀ, ਆਲਮ ਫ਼ਾਜ਼ਲ ਨਾ ਆਮਲ ਜੁੰਨੀ
ਇੱਕੋ ਪੜ੍ਹਿਆ ਇਲਮ ਲਦੁੰਨੀ, ਵਾਹਦ ਅਲਫ਼ ਮੀਮ ਦਰਕਾਰ

Reading and reading, you think about the science of astrology, and calculate zodiacal signs, houses, and planets. You study incantations, spells, and exorcisms; you calculate the *abjad*[4] and devise amulets.[5]
From learning, other confusions arise, and the sighted become quite blind. Holy men are arrested and thieves are released, and you are disgraced in both worlds.
From learning, thousands of obstacles arise, and travelers are stuck on their journey. Struck by separation, they become sick at heart, and the load of parting falls on their heads.
From learning, you get to be called "Reverend," and hitching up your loose pants, you go to the market. You take your penny and wield the knife, so you are very fond of the butchers.[6]
Azazil[7] studied greatly, but he was the one whose hut was burned. He studied the collar of curses around his neck, and in the end he lost the game.
When I studied the lesson of love, I beheld the ocean of unity and entered it. I got caught in its whirlpools, but Shah Inayat delivered me to the other side.
Bullha is not a Shia or a Sunni, neither a learned scholar nor a magician or philosopher.[8] He has studied only that inspirational knowledge[9] in which *alif* and *mīm*[10] alone are needed.

੨੭

ਏਸ ਨੇਹੁੰ ਦੀ ਉਲਟੀ ਚਾਲ

ਸਾਬਰ ਨੇ ਜਦ ਨੇਹੁੰ ਲਗਾਇਆ, ਦੇਖ ਪੀਆ ਨੇ ਕੀ ਦਿਖਲਾਇਆ
ਰਗ ਰਗ ਅੰਦਰ ਕਿਰਮ ਚਲਾਇਆ, ਜ਼ੋਰਾਵਰ ਦੀ ਗੱਲ ਮੁਹਾਲ

ਜ਼ਕਰੀਆ ਨੇ ਜਦ ਪਾਇਆ ਖਾਰਾ,[੧] ਜਿਸ ਦਮ ਵਜਿਆ ਇਸ਼ਕ ਨਕਾਰਾ
ਧਰਿਆ ਸਿਰ ਤੇ ਤਿੱਖਾ ਆਰਾ, ਕੀਤਾ ਐਡ ਜ਼ਵਾਲ

ਜਦੋਂ ਯਹੀਯੇ ਨੇ ਪਾਈ ਝਾਤੀ, ਰਮਜ਼ ਇਸ਼ਕ ਦੀ ਲਾਈ ਕਾਤੀ
ਜਲਵਾ ਦਿੱਤਾ ਆਪਣਾ ਜ਼ਾਤੀ, ਤਨ ਖ਼ੰਜਰ ਕੀਤਾ ਲਾਲ

ਆਪ ਇਸ਼ਾਰਾ ਅਖ ਦਾ ਕੀਤਾ, ਤਾਂ ਮਧੂਆ ਮਨਸੂਰ ਨੇ ਪੀਤਾ
ਸੂਲੀ ਚੜ੍ਹ ਕੇ ਦਰਸ਼ਨ ਲੀਤਾ, ਹੋਇਆ ਇਸ਼ਕ ਕਮਾਲ

ਸੁਲੇਮਾਂ ਨੂੰ ਇਸ਼ਕ ਜੋ ਆਇਆ, ਮੁੰਦਰਾ ਹੱਥੋਂ ਚਾ ਗਵਾਇਆ
ਤਖ਼ਤ ਨਾ ਪਰੀਆਂ ਦਾ ਫਿਰ ਆਇਆ, ਭੱਠ ਝੋਕੇ ਪਿਆ ਬੇਹਾਲ

ਬੁੱਲ੍ਹੇ ਸ਼ਾਹ ਹੁਣ ਚੁੱਪ ਚੰਗੇਰੀ, ਨਾ ਕਰ ਏਥੇ ਐਡ ਦਲੇਰੀ
ਗੱਲ ਨਾ ਬਣਦੀ ਤੇਰੀ ਮੇਰੀ, ਛੱਡ ਦੇ ਸਾਰੇ ਵਹਿਮ ਖ਼ਿਆਲ

27

The behavior of this love is perverse.
When Ayub the patient[1] was affected by love, see what the beloved showed him. God filled all his veins with worms. It is impossible to describe the mighty one.
Zakariya[2] was set on high, then at the moment when love sounded its drum, God put a sharp saw to his head and reduced him to such misery.
When Yahya[3] stole a look, the mystery of love laid its knife upon him. God displayed the glory of his essence, and the dagger was reddened by his body.
When God signaled with his eye, Mansur[4] drank the wine. He mounted the gallows and obtained a vision of God. His love was made perfect.
When love came to Sulaiman,[5] it made his ring vanish suddenly. His throne borne by the fairies did not return. He was in a sorry state as he fueled the furnace.
Bullhe Shah, now it is better to be silent; do not be so bold here. It is no good speaking of "yours" and "mine." Give up all these idle thoughts and fantasies.

੨੯

ਸਈਓ ਹੁਣ ਮੈਂ ਸਾਜਨ ਪਾਇਓ ਈ, ਹਰ ਹਰ ਦੇ ਵਿੱਚ ਸਮਾਇਓ ਈ

'ਅਨਾ ਅਹਦ' ਦਾ ਗੀਤ ਸੁਣਾਇਓ, 'ਅਨਾ ਅਹਿਮਦ' ਫਿਰ ਫ਼ਰਮਾਇਓ
'ਅਨਾ ਅਰਬ' ਬੇ ਐਨ ਬਤਾਇਓ, ਫਿਰ ਨਾਮ ਰਸੂਲ ਧਰਾਇਓ ਈ

'ਫ਼ਸੁੰਮ ਵਜਹੁੱਲ੍ਹਾ' ਨੂਰ ਤੇਰਾ, ਹਰ ਹਰ ਕੇ ਬੀਚ ਜ਼ਹੂਰ ਤੇਰਾ
ਹੈ 'ਅਲਇਨਸਾਨ' ਮਜ਼ਕੂਰ ਤੇਰਾ, ਏਥੇ ਆਪਣਾ ਸਿਰ ਲੁਕਾਇਓ ਈ

ਤੂੰ ਆਇਓਂ ਤੇ ਮੈਂ ਨਾ ਆਈ, ਗੰਜ ਮਖ਼ਫ਼ੀ ਦੀ ਤੈਂ ਮੁਰਲੀ ਬਜਾਈ
ਆਖ 'ਅਲਸਤ' ਗਵਾਹੀ ਚਾਹੀ, ਓਥੇ 'ਕਾਲੂ ਬਲਾ' ਸੁਣਾਇਓ ਈ

ਪਰਗਟ ਹੋ ਕਰ ਨੂਰ ਸਦਾਇਓ, ਅਹਿਮਦ ਤੋਂ ਮੌਜੂਦ ਕਰਾਇਓ
ਨਾਬੂਦੋਂ ਕਰ ਬੂਦ ਦਿਖਲਾਇਓ, 'ਫ਼ਨਫ਼ਖ਼ਤੁ ਫ਼ੀਹਿ' ਸੁਣਾਇਓ ਈ

'ਨਹਨੁ ਅਕਰਬ' ਲਿਖ ਦਿਤੋਈ, 'ਹੁਵ ਮਅਕੁਮ' ਸਬਕ ਦਿਤੋਈ
'ਵਫ਼ੀ ਅਨਫ਼ੁਸਿਕੁਮ' ਹੁਕਮ ਕੀਤੋਈ, ਫਿਰ ਕੇਹਾ ਘੁੰਗਟ ਪਾਇਓ ਈ

ਭਰ ਕੇ ਵਹਦਤ ਜਾਮ ਪਿਲਾਇਓ, ਮਨਸੂਰੇ ਨੂੰ ਮਸਤ ਕਰਾਇਓ
ਉਸ ਤੋਂ 'ਅਨਲਹੱਕ' ਆਪ ਕਹਾਇਓ, ਫਿਰ ਸੂਲੀ ਪਕੜ ਚੜ੍ਹਾਇਓ ਈ

ਘੁੰਘਟ ਖੋਲ ਜਮਾਲ ਵਿਖਾਇਆ, ਸ਼ੈਖ਼ ਜੁਨੈਦ ਕਮਾਲ ਸਦਾਇਆ
'ਲੈਸ ਫ਼ੀ ਜੁੱਬਤੀ' ਹਾਲ ਬਣਾਇਆ, ਅਸ਼ਰਫ ਇਨਸਾਨ ਬਣਾਇਓ ਈ

28

Oh[1] girlfriends:[2] Now I have found you, beloved. You are contained in each and every thing.[3]

You recited the song of *I am Ahad*[4] *the One.* Then you decreed, *I am Ahmad.* Then you explained, *I am an Arab without the A.*[5] Then you took the name of Apostle.

Then there is the face of God[6] reveals your light. You are manifest in each and every thing. The word *Man*[7] refers to you. Here you have hidden your face.

You came, and I did not come. You played the flute of a hidden treasure.[8] You said, *Am I not?*[9] and desired testimony. There you announced, *They said, "Yes."*

Becoming manifest, you called yourself light. You made it present through Ahmad. From nonbeing you made being appear. You proclaimed, *And I breathed into him.*[10]

You wrote *We are nearer.*[11] You taught the lesson of *He is with you.*[12] You gave the command *And in your own selves.*[13] So what is this veil that you have put on?

You filled the cup of oneness and gave it him to drink. You made Mansur drunk. You were the one who made him say, *I am God.*[14] Then you seized him and set him on the gallows.

You removed your veil and displayed your beauty. You called Shaikh Junaid perfect. You created the ecstasy of *There is nothing in my robe.*[15] You made man the noblest of creatures.[16]

'ਵਲਕਦ ਕੱਰਮਨਾ' ਯਾਦ ਕਰਾਇਓ, 'ਲਾ ਇਲਾਹ' ਦਾ ਪਰਦਾ ਲਾਹਿਓ
'ਇੱਲੱਲ੍ਹਾ' ਕਹੋ ਝਾਤੀ ਪਾਇਓ, ਫਿਰ ਬੁੱਲ੍ਹਾ ਨਾਮ ਧਰਾਇਓ ਈ

੨੯

ਸਜਣਾਂ ਦੇ ਵਿਛੋੜੇ ਕੋਲੋਂ, ਤਨ ਦਾ ਲੋਹੂ ਛਾਣੀਦਾ

ਦੁੱਖਾਂ ਸੂਲਾਂ ਕੀਤਾ ਏਕਾ, ਨਾ ਕੋਈ ਸਹੁਰਾ ਨਾ ਕੋਈ ਪੇਕਾ
ਦਰਦ ਵਿਹੂਣੀ ਪਈ ਦਰ ਤੇਰੇ, ਤੂੰ ਹੈਂ ਦਰਦ ਰੰਜਾਣੀ ਦਾ

ਕੱਢ ਕਲੇਜਾ ਕਰਨੀ ਆਂ ਬੇਰੇ, ਇਹ ਭੀ ਨਹੀਂ ਹੈ ਲਾਇਕ ਤੇਰੇ
ਹੋਰ ਤੌਫ਼ੀਕ ਨਹੀਂ ਵਿਚ ਮੇਰੇ, ਪੀਓ ਕਟੋਰਾ ਪਾਣੀ ਦਾ

ਹੁਣ ਕਿਉਂ ਰੋਂਦੇ ਨੈਣ ਨਿਰਾਸੇ, ਆਪੇ ਓੜਕ ਫਾਹੀ ਫਾਸੇ
ਹੁਣ ਤਾਂ ਛੁੱਟਣ ਔਖਾ ਹੋਇਆ, ਚਾਰਾ ਨਹੀਂ ਨਿਮਾਣੀ ਦਾ

ਬੁੱਲ੍ਹਾ ਸ਼ਹੁ ਪਿਆ ਹੁਣ ਗੱਜੇ, ਇਸ਼ਕ ਦਮਾਮੇ ਸਿਰ ਤੇ ਵੱਜੇ
ਚਾਰ ਦਿਹਾੜੇ ਗੋਇਲ ਵਾਸਾ, ਓੜਕ ਕੂਚ ਨਕਾਰੇ ਦਾ

You made him remember *And we have honored them.*[17] You removed the veil of *There is no God.* You said *but God,*[18] and peeped out. Then you assumed the name of Bullha.

29

Because[1] of separation from my beloved, my body's blood is filtered.
Pains and sorrows have united. I have no in-laws or parental home. Bereft of sympathy, I lie at your door. You are the comfort of this suffering creature.
I take out my heart and chop it to pieces, but even this is not worthy of you. I have nothing else to offer, so just drink a cup of water.
Why do these despairing eyes now weep? In the end, you were the one who put the noose around your neck. Now it has become difficult to escape, and this poor wretch has no recourse.
Bullha, the lord is now thundering, and love is beating its drum by my head. After a few days' stay in this herdsman's hut, the drum is finally sounded for departure.

੩੦

ਸਦਾ ਮੈਂ ਸਾਹਵਿਰਆਂ ਘਰ ਜਾਣਾ, ਨੀ ਮਿਲ ਲਓ ਸਹੇਲੜੀਓ
ਤੁਸਾਂ ਵੀ ਹੋਸੀ ਅੱਲ੍ਹਾ ਭਾਣਾ, ਨੀ ਮਿਲ ਲਓ ਸਹੇਲੜੀਓ

ਰੰਗ ਬਰੰਗੀ ਸੂਲ ਉਪੱਠੇ, ਚੰਬੜ ਜਾਵਣ ਮੈਨੂੰ
ਦੁਖ ਅਗਲੇ ਮੈਂ ਨਾਲ ਲੈ ਜਾਵਾਂ, ਪਿਛਲੇ ਸੌਂਪਾਂ ਕੈਨੂੰ

ਇਕ ਵਿਛੋੜਾ ਸਈਆਂ ਦਾ, ਜਿਉਂ ਡਾਰੋਂ ਕੂੰਜ ਵਿਛੁੰਨੀ
ਮਾਪਿਆਂ ਮੈਨੂੰ ਇਹ ਕੁਝ ਦਿੱਤਾ, ਇਕ ਚੋਲੀ ਇਕ ਚੁੰਨੀ

ਦਾਜ ਇਨ੍ਹਾਂ ਦਾ ਵੇਖ ਕੇ ਹੁਣ, ਮੈਂ ਹੰਝੂ ਭਰ ਭਰ ਰੁੰਨੀ
ਸੱਸ ਨਨਾਣਾਂ ਦੇਵਣ ਤਾਹਨੇ, ਮੁਸ਼ਕਿਲ ਭਾਰੀ ਪੁੰਨੀ

੫ ਬੁੱਲ੍ਹਾ ਸ਼ਹੁ ਸੱਤਾਰ ਸੁਣੀਂਦਾ, ਇਹ ਵੇਲਾ ਟਲ ਜਾਵੇ
ਅਦਲ ਕਰੇ ਤਾਂ ਜਾਹ ਨਾ ਕਾਈ, ਫਜ਼ਲੋਂ ਬਖਰਾ ਪਾਵੇ

੩੧

ਸਭ ਇਕੋ ਰੰਗ ਕਪਾਹੀਂ ਦਾ

ਤਾਣੀ ਤਾਣਾ ਪੇਟਾ ਨਲੀਆਂ, ਪੀਠ ਨੜਾ ਤੇ ਛਿੱਬਾਂ ਛਲੀਆਂ
ਆਪੋ ਆਪਣੇ ਨਾਮ ਜਿਤਾਵਣ, ਵੱਖੋ ਵੱਖੀ ਜਾਹੀਂ ਦਾ

ਚੌਂਸੀ ਪੈਂਸੀ ਖੱਦਰ ਧੋਤਰ, ਮਲਮਲ ਖ਼ਾਸਾ ਇੱਕਾ ਸੂਤਰ
ਪੂਣੀ ਵਿੱਚੋਂ ਬਾਹਰ ਆਵੇਂ, ਭਗਵਾਂ ਭੇਸ ਗੋਸਾਈਂ ਦਾ

30

I must go to my in-laws forever. Oh, gather round me, girls.[1] You too will have to experience God's will. Oh, gather round me, girls.

I am stuck in all kinds of awkward sufferings. My future woes I take with me; to whom shall I give the old ones?

One thing I suffer is the separation from my girlfriends, like a crane[2] parted from the flock. All my parents gave me was a single blouse and a single scarf.

When I saw the dowry they had given me, I wept floods of tears. My husband's mother and his sisters mock me, and a grievous fate has overtaken me.

Bullha, the lord is reported to be the veiler of sins.[3] Just let this time be put off. If he acts with strict justice, I have no place. May he grant me a portion of his grace.

31

Bolls of cotton are all the same color.

Warp, woof, bobbins, texture, shuttle, spools, and hanks—each one announces its own name, and has its separate place.

All the different kinds of cloth—*cauñsī,* [1] *paiñsī, khaddar, dhotar, malmal,* and *ḳhāsā*—are made of the same yarn. They come out of the cotton roll dyed in the ochre[2] color of the lord.

ਕੁੜੀਆਂ ਹੱਥੀਂ ਛਾਪਾਂ ਛੱਲੇ, ਆਪੋ ਅਪਣੇ ਨਾਮ ਸਵੱਲੇ
ਸੱਭੇ ਹਿੱਕਾ ਚਾਂਦੀ ਆਖੋ, ਕੰਗਣ ਚੂੜਾ ਬਾਹੀਂ ਦਾ

ਭੇਡ ਬਕਰੀਆਂ ਚਾਰਨਵਾਲਾ, ਉਠ ਮੱਝੀਆਂ ਦਾ ਕਰੇ ਸੰਭਾਲਾ
ਰੂੜੀ ਉੱਤੇ ਗੱਧੇ ਚਾਰੇ, ਉਹ ਭੀ ਵਾਗੀ ਗਾਈਂ ਦਾ

ਬੁੱਲ੍ਹਾ ਸ਼ਹੁ ਦੀ ਜ਼ਾਤ ਕੀ ਪੁੱਛਨੈਂ, ਸ਼ਾਕਰ ਹੋ ਰਜ਼ਾਈਂ ਜਾ
ਜੇ ਤੂੰ ਲੋੜੇਂ ਬਾਗ਼ ਬਹਾਰਾਂ, ਚਾਕਰ ਰਹੁ ਅਰਾਈਂ ਦਾ

੩੨

ਸਾਈਂ ਛੁਪ ਤਮਾਸ਼ੇ ਨੂੰ ਆਇਆ, ਤੁਸੀਂ ਰਲ ਮਿਲ ਨਾਮ ਧਿਆਓ

ਲਟਕ ਸਜਨ ਦੀ ਨਾਹੀਂ ਛੁਪਦੀ, ਸਾਰੀ ਖ਼ਲਕਤ ਸਿਕਦੀ ਤਪਦੀ
ਤੁਸੀਂ ਦੂਰ ਨਾ ਢੂੰਡਣ ਜਾਓ

ਰਲ ਮਿਲ ਸਈਓ ਅੱਤਣ ਪਾਓ, ਇਕ ਬਈ ਦੇ ਵਿੱਚ ਸਮਾਓ[੧]
ਨਾਲੇ ਗੀਤ ਸਜਣ ਦਾ ਗਾਓ

ਬੁੱਲ੍ਹਾ ਬਾਤ ਅਨੋਖੀ ਏਹਾ, ਨੱਚਣ ਲੱਗੀ ਤਾਂ ਘੁੰਗਟ ਕੇਹਾ
ਤੁਸੀਂ ਪਰਦਾ ਅੱਖੀਂ ਥੀਂ ਲਾਹੋ

Girls wear rings and signets on their fingers, each with their distinctive names. You can say that they are all the same silver,[3] like the bangles and bracelets on their arms.

The herdsman looks after sheep and goats, camels and buffaloes. He grazes donkeys on the rubbish heap. He is also a herdsman of cows.[4]

Why ask what the lord's caste is? Bullha, be grateful for God's mercies. If you desire the joys of spring, remain the humble servant of the Arain.[5]

32

The lord has come to the show in disguise. Gather together and meditate on the name.

The beloved's charms cannot be concealed; the whole of creation is on fire with longing. Do not go far to look for him.

Get together, girls, set up the spinning party,[1] and mingle with one another. Join together and sing a song to the beloved.

Bullha, it is indeed a strange thing for a woman to start dancing with her veil on.[2] Remove the veil from in front of your eyes.

੩੩

ਸਾਡੇ ਵਲ ਮੁਖੜਾ ਮੋੜ ਵੇ ਪਿਆਰਿਆ, ਸਾਡੇ ਵਲ ਮੁਖੜਾ ਮੋੜ

ਆਪੇ ਹੀ ਤੂੰ ਲਾਈਆਂ ਕੁੰਡੀਆਂ, ਤੇ ਆਪੇ ਖਿਚਦੈਂ ਡੋਰ

ਅਰਸ਼ ਕੁਰਸੀ ਤੋਂ ਬਾਂਗਾਂ ਮਿਲੀਆਂ, ਮੱਕੇ ਪੈ ਗਿਆ ਸ਼ੋਰ

ਡੋਲੀ ਪਾ ਲੈ ਚੱਲੇ ਖੇੜੇ, ਨਾ ਕੁਝ ਉਜ਼ਰ ਨਾ ਜ਼ੋਰ

ਜੇ ਮਾਏਂ ਤੈਨੂੰ ਖੇੜੇ ਪਿਆਰੇ, ਡੋਲੀ ਪਾ ਦਈਂ ਹੋਰ

ਬੁੱਲ੍ਹੇ ਸ਼ਾਹ ਅਸਾਂ ਮਰਨਾ ਨਾਹੀਂ, ਵੇ ਮਰ ਗਿਆ ਕੋਈ ਹੋਰ

੩੪

ਸਾਨੂੰ ਆ ਮਿਲ ਯਾਰ ਪਿਆਰਿਆ, ਤੇਰੇ ਦੁਖਾਂ ਨੇ ਸਾਨੂੰ ਮਾਰਿਆ

ਦੂਰ ਦੂਰ ਅਸਾਥੋਂ ਤ੍ਰਹਿ ਰਹਿਓਂ,[1] ਆਸਲ ਤੇ[2] ਆ ਕੇ ਬਹਿ ਰਹਿਓਂ
ਕੀ ਕਸਰ ਕਸੂਰ ਵਿਸਾਰਿਆ

ਮੇਰਾ ਇਕ ਅਨੋਖਾ ਯਾਰ ਹੈ, ਮੇਰਾ ਓਸੇ ਨਾਲ ਪਿਆਰ ਹੈ
ਕਦੇ ਸਮਝੀਂ ਵਡ ਪਰਵਾਰਿਆ

ਜਦੋਂ ਅਪਣੀ ਅਪਣੀ ਪੈ ਗਈ, ਧੀ ਮਾਂ ਨੂੰ ਲੁਟ ਕੇ ਲੈ ਗਈ
ਮੂੰਹ ਬਾਹਰਵੀਂ ਸਦੀ ਪਸਾਰਿਆ

ਦਰ ਖੁੱਲ੍ਹਾ ਹਸ਼ਰ ਅਜ਼ਾਬ ਦਾ, ਬੁਰਾ ਹਾਲ ਹੋਇਆ ਪੰਜਾਬ ਦਾ
ਡਰ ਹਾਵੀਏ ਦੋਜ਼ਖ ਮਾਰਿਆ

33

Turn your face toward us, darling. Turn your face toward us.
You are the one who has cast your hooks, it is you who tugs the line.[1]
Calls were received from the heavenly throne, and uproar broke out in Mecca.[2]
The Kheras[3] have taken me away in the palanquin. No pleading or force is of any use.
Mother, if you are so fond of the Kheras, put someone else in the palanquin.
Bullhe Shah, we are not going to die. Oh, someone else is dead.[4]

34

Come[1] to me, my dear beloved. The sufferings you have caused have killed me.
You have retreated far, far away from us, and have come to stay at Asal.[2] What fault[3] has made you forget Kasur?
My beloved is strange, but he is the one I love. Will you, who possess so great a following,[4] please understand?
With everyone after their own thing, the daughter has robbed her mother and taken whatever she owns. The twelfth century[5] has come with gaping mouth.
The door of doom and torment has opened, and Panjab is in a bad state. It has been struck by fear of the pit of hell.

ਬੁੱਲ੍ਹਾ ਸ਼ਹੁ ਮੇਰੇ ਘਰ ਆਵਸੀ, ਮੇਰੀ ਬਲਦੀ ਭਾਹ ਬੁਝਾਵਸੀ
ਇਨਾਇਤ ਦਮਦਮ ਨਾਲ ਚਿਤਾਰਿਆ

੩੫

ਸੁਨੋ ਤੁਮ ਇਸ਼ਕ ਕੀ ਬਾਜ਼ੀ, ਮੁਲਾਇਕ ਹੋਂ ਕਹਾਂ ਰਾਜ਼ੀ
ਯਹਾਂ ਬਿਰਹੋਂ ਪੜ੍ਹੇ ਗਾਜੀ, ਵੇਖਾਂ ਫਿਰ ਕੌਣ ਹਾਰੇਗਾ

ਸਜਨ ਕੀ ਭਾਲ ਹੁਣ ਹੋਈ, ਮੈਂ ਲੋਹੂ ਨੈਣ ਭਰ ਰੋਈ
ਨਚੇ ਹਮ ਲਾਹ ਕਰ ਲੋਈ, ਹੈਰਤ ਕੇ ਪੱਥਰ ਮਾਰੇਗਾ

ਮਹੂਰਤ ਪੂਛ ਕਰ ਜਾਊਂ, ਸਜਨ ਕੋ ਦੇਖਨੇ ਪਾਊਂ
ਉਸੇ ਮੈਂ ਲੇ ਗਲੇ ਲਾਊਂ, ਨਹੀਂ ਫਿਰ ਖ਼ੁਦ ਗੁਜ਼ਾਰੇਗਾ

ਇਸ਼ਕ ਕੀ ਤੇਗ਼ ਸੇ ਮੂਈ, ਨਹੀਂ ਵੋਹ ਜ਼ਾਤ ਕੀ ਦੂਈ
ਮੈਂ ਪੀਆ ਪੀਆ ਕਰ ਮੂਈ, ਮੂਇਆਂ ਫਿਰ ਰੂਹ ਚਿਤਾਰੇਗਾ

ਸਜਨ ਕੀ ਭਾਲ ਸਰ ਦੀਆ, ਲਹੂ ਮਧ ਆਪਨਾ ਪੀਆ
ਕਫ਼ਨ ਬਾਹੋਂ ਸੇ ਸੀ ਲੀਆ, ਲਹਦ ਮੇਂ ਪਾ ਉਤਾਰੇਗਾ

ਬੁੱਲ੍ਹਾ ਸ਼ਹੁ ਇਸ਼ਕ ਹੈ ਤੇਰਾ, ਉਸੀ ਨੇ ਜੀ ਲੀਆ ਮੇਰਾ
ਮੇਰੇ ਘਰ ਬਾਰ ਕਰ ਫੇਰਾ, ਵੇਖਾਂ ਸਿਰ ਕੌਣ ਵਾਰੇਗਾ

Bullha, the lord will come to my house. He will extinguish the fire which blazes inside me. With every breath I have remembered Inayat.

35

Listen[1] to the game of love. How could angels be content? Here in the assembly the pain of love proclaims its challenge. Let us see who will lose.
Now, as I search for the beloved, my eyes have filled with blood. I have stripped off my blanket and dance, making him hurl astonished looks at me.
I ask about an auspicious moment and go, hoping that I may get to see the beloved and embrace him. Otherwise he himself will make me pass from this life.
I have died from the sword of love; there is no essential duality. I have died crying, "Beloved, beloved," and as I die he will remember my spirit.
I have sacrificed my head in my search for the beloved, and have drunk the wine of my blood. I have used my arms to sew my shroud, and he will lay me down in the grave.
Bullha Shah, it is my love for you that has captured my heart. Come and visit my house, and let us see who will sacrifice his head.

੩੬

ਸੋ ਵਣਜਾਰੇ ਆਏ ਨੀ ਮਾਏ, ਸੋ ਵਣਜਾਰੇ ਆਏ
ਲਾਲਾਂ ਦਾ ਉਹ ਵਣਜ ਕਰੇਂਦੇ, ਹੋਕਾ ਆਖ ਸੁਣਾਏ

ਲਾਲ ਨੇ ਗਹਿਣੇ ਸੋਹਣੇ ਸਾਥੀ, ਮਾਏ ਨਾਲ ਲੈ ਜਾਵਾਂ
ਸੁਣਿਆ ਹੋਕਾ ਮੈਂ ਦਿਲ ਗੁਜ਼ਰੀ, ਮੈਂ ਭੀ ਲਾਲ ਲਿਆਵਾਂ
ਇਕ ਨਾ ਇਕ ਕੰਨਾਂ ਵਿਚ ਪਾ ਕੇ, ਲੋਕਾਂ ਨੂੰ ਦਿਖਲਾਵਾਂ
ਲੋਕ ਜਾਣਨ ਇਹ ਲਾਲਾਂ ਵਾਲੀ, ਲਈਆਂ ਮੈਂ ਭਰਮਾਏ

ਓੜਕ ਜਾ ਖਲੋਤੀ ਉਨ੍ਹਾਂ ਥੇ, ਮੈਂ ਮਨੋਂ ਸਧਰਾਈਆਂ
ਭਾਈ ਵੇ ਲਾਲਾਂ ਵਾਲਿਓ ਮੈਂ ਵੀ, ਲਾਲ ਲੈਵਣ ਨੂੰ ਆਈਆਂ
ਉਨ੍ਹਾਂ ਭਰੇ ਸੰਦੂਕ ਦਿਖਾਏ, ਮੈਨੂੰ ਰੀਝਾਂ ਆਈਆਂ
ਵੇਖੇ ਲਾਲ ਸੁਹਾਨੇ ਸਾਰੇ, ਇਕ ਤੋਂ ਇਕ ਸਵਾਏ

ਭਾਈ ਵੇ ਲਾਲਾਂ ਵਾਲਿਆ ਵੀਰਾਂ, ਇਨ੍ਹਾਂ ਦਾ ਮੁੱਲ ਦਸਾਈਂ
ਜੇ ਤੂੰ ਆਈ ਹੈਂ ਲਾਲ ਖਰੀਦਣ, ਧੜ ਤੋਂ ਸੀਸ ਲੁਹਾਈਂ
ਡੰਮ੍ਹ ਕਦੀ ਸੂਈ ਦਾ ਨਾ ਸਹਿਆ, ਸਿਰ ਕਿਥੋਂ ਦਿੱਤਾ ਜਾਈਂ
ਲਾਜ਼ਮ ਹੋ ਕੇ ਮੁੜ ਘਰ ਆਈ, ਪੁੱਛਣ ਗਵਾਂਢੀ ਆਏ

੫ ਤੂੰ ਜੁ ਗਈ ਸੈਂ ਲਾਲ ਖਰੀਦਣ, ਉੱਚੀ ਅੱਡੀ ਚਾਈ
ਕਿਹੜਾ ਮੁਹਰਾ ਓਥੋਂ ਰੰਨੇ, ਤੂੰ ਲੈ ਕੇ ਘਰ ਆਈ
ਲਾਲ ਸੀ ਭਾਰੇ ਮੈਂ ਸਾਂ ਹਲਕੀ, ਖ਼ਾਲੀ ਕੰਨੀ ਸਾਈ
ਭਾਰਾ ਲਾਲ ਅਣਮੁੱਲਾ ਓਥੋਂ, ਮੈਥੋ ਚੁੱਕਿਆ ਨਾ ਜਾਏ

36

Those traders[1] have come, Mother, those traders have come. They deal in rubies, and call out their wares.

Rubies and ornaments make fair companions, Mother; I will take them with me. When I heard their cries, I thought that I too would get some rubies. Wearing one or two in my ears, I will show them off to people. Then they will know that this is a girl who has rubies, and they will be attracted to her.

Finally I went and stood beside them, telling them what I desired. "Oh brother ruby men, I too have come to buy rubies." They display caskets full, and I am filled with desire. She sees how lovely all the rubies look, each better than the other.

"Oh brother ruby man, tell me what the price is." "If you have come to buy rubies, let your head be removed from your body." "I have never suffered the prick of a needle, so how can I give you my head?" Helplessly she returns home, where her neighbors come to question her.

"When you went to buy rubies, you strode out so confidently. What bead did you bring back home from there, girl?" "The rubies were heavy and I was light, and had only a token payment in my hem.[2] Heavy rubies are priceless; I did not manage to pick any up from there."

ਕੱਚੀ ਕੱਚ ਵਿਹਾਜ ਨਾ ਜਾਣਾਂ, ਲਾਲ ਵਿਹਾਜਣ ਚੱਲੀ
ਪੱਲੇ ਖਰਚ ਨਾ ਸਾਖ ਨਾ ਕਾਈ, ਹੱਥੋਂ ਹਾਰਨ ਚੱਲੀ
ਮੈਂ ਮੋਟੀ ਮੁਸ਼ਟੰਡੀ ਦਿੱਸਾਂ, ਲਾਲ ਨੂੰ ਚਾਵਣ ਚੱਲੀ
ਜਿਸ ਸ਼ਾਹ ਨੇ ਮੁੱਲ ਲੈ ਕੇ ਦੇਣਾ, ਸੋ ਸ਼ਾਹ ਮੂੰਹ ਨਾ ਲਾਏ

ਲਾਲ ਚੁਗੇਂਦੀ ਨਾਜ਼ਕ ਹੋਈ, ਇਹ ਗੱਲ ਕੌਣ ਨਿਤਾਰੇ
ਜਾਂ ਮੈਂ ਮੁੱਲ ਓਨ੍ਹਾਂ ਨੂੰ ਪੁੱਛਿਆ, ਮੁੱਲ ਕਰਨ ਉਹ ਭਾਰੇ
ਡਮ੍ਹ ਸੂਈ ਦਾ ਕਦੇ ਨਾ ਖਾਧਾ, ਉਹ ਆਖਣ ਸਿਰ ਵਾਰੇ
ਜਿਹੜੀਆਂ ਗਈਆਂ ਲਾਲ ਵਿਹਾਜਣ, ਉਹਨਾਂ ਸੀਸ ਲੁਹਾਏ

੩੧

ਹੱਥੀ ਢਿਲਕ ਪਈ ਮੇਰੇ ਚਰਖ਼ੇ ਦੀ, ਹੁਣ ਮੈਥੋਂ ਕੱਤਿਆ ਨਾ ਜਾਵੇ

ਹੁਣ ਦਿਨ ਚੜ੍ਹਿਆ ਕਦ ਹੋਵੇ ਮੈਨੂੰ, ਪਿਆਰਾ ਮੂੰਹ ਦਿਖਲਾਵੇ
ਤਕਲੇ ਨੂੰ ਵਲ ਪੈ ਪੈ ਜਾਂਦੇ, ਕੌਣ ਲੁਹਾਰ ਲਿਆਵੇ

ਤਕਲਿਓਂ ਵਲ ਕੱਢ ਲੁਹਾਰਾ, ਤੰਦ ਚਲੇਂਦੀ ਨਾਹੀਂ
ਘੜੀ ਘੜੀ ਇਹ ਝੋਲੇ ਖਾਂਦਾ, ਛੱਲੀ ਕਿਤ ਬਿਧ ਲਾਹਵੇ

ਪਲੀਤਾ ਨਹੀਂ ਜੋ ਬੀੜੀ ਬੰਨ੍ਹਾਂ, ਬਾਇੜ ਹੱਥ ਨਾ ਆਵੇ
ਚਮੜਿਆਂ ਨੂੰ ਚੋਪੜ ਨਾਹੀਂ, ਮਾਲ੍ਹ ਪਈ ਭਰੜਾਵੇ

੫ ਤ੍ਰਿੰਜਣ ਕੱਤਣ ਸੱਦਣ ਸਈਆਂ, ਬਿਰਹੋਂ ਢੋਲ ਬਜਾਵੇ
ਤੀਲੀ ਨਹੀਂ ਜੋ ਪੂਣੀਆਂ ਵੱਟਾਂ, ਵੱਛਾ ਗੋਹੜੇ ਖਾਵੇ

I do not know how to buy cheap glass, but went to buy rubies. I had no cash in my hem, nor any credit, and I went set to make a loss. I looked like a fine strapping girl when I went to pick up the rubies. The lord who was supposed to buy them and give them to me disregarded me.

Picking up rubies, you have become thin. Who can decide what this means? When I asked them the price, they named a heavy one. I have never suffered the prick of a needle, but they told me to sacrifice my head. The girls who went to buy rubies had their heads removed.

37

The[1] handle of my spinning wheel has got loose, so now I cannot spin.

Now the day is well advanced, when will my beloved show his face to me? The wheel shaft keeps getting twisted. Who will fetch me the blacksmith?

Oh blacksmith, get the kink out of the spindle, it does not let the thread run properly. It sways about all the time, so how can it produce balls of yarn?

I have no waxed thread to fasten the washer, and I cannot find the connecting string. There is no grease on the leather straps, and the driving band keeps squeaking.

My friends call me to spin in the spinning party, but the pain of love beats its drum. I do not have a stick to twist the cotton rolls, and the calf eats the bunches of carded cotton.

ਮਾਹੀ ਛਿੜ ਗਿਆ ਨਾਲ ਮਹੀਂ ਦੇ, ਹੁਣ ਕੱਤਣ ਕਿਸ ਨੂੰ ਭਾਵੇ
ਜਿਤ ਵਲ ਯਾਰ ਉਤੇ ਵੱਲ ਅਖੀਆਂ, ਮੇਰਾ ਦਿਲ ਬੇਲੇ ਵਲ ਧਾਵੇ

ਅਰਜ਼ ਏਹੋ ਮੈਨੂੰ ਆਣ ਮਿਲੇ ਹੁਣ, ਕੌਣ ਵਸੀਲਾ ਜਾਵੇ
ਸੈ ਮਣਾਂ ਦਾ ਕਤ ਲਿਆ ਬੁੱਲ੍ਹਾ, ਜੇ ਸ਼ਹੁ ਮੈਨੂੰ ਗਲ ਲਾਵੇ

੩੮

ਹਾਜੀ ਲੋਕ ਮੱਕੇ ਨੂੰ ਜਾਂਦੇ, ਮੇਰਾ ਰਾਂਝਾ ਮਾਹੀ ਮੱਕਾ
ਨੀ ਮੈਂ ਕਮਲੀ ਹਾਂ

ਮੈਂ ਤੇ ਮੰਗ ਰਾਂਝੇ ਦੀ ਹੋਈਆਂ, ਮੇਰਾ ਬਾਬਲ ਕਰਦਾ ਧੱਕਾ

ਹਾਜੀ ਲੋਕ ਮੱਕੇ ਨੂੰ ਜਾਂਦੇ, ਮੇਰੇ ਘਰ ਵਿਚ ਨੌਸ਼ਹੁ ਮੱਕਾ

ਵਿੱਚੇ ਹਾਜੀ ਵਿੱਚੇ ਗ਼ਾਜ਼ੀ, ਵਿੱਚੇ ਚੋਰ ਉਚੱਕਾ

The beloved has taken the buffaloes out to pasture, so now who cares to spin? My eyes are drawn to wherever my beloved is; my heart races to the river glade.
Now my only plea is that he may come and meet me. Who will go as my intermediary? I will have spun a hundred maunds[2] of thread, Bullha, if the lord embraces me.

38

Hajjis go to Mecca.[1] My Mecca is my beloved Ranjha. Oh, I am crazy.
My betrothal is to Ranjha. My father pressures me harshly.
Hajjis go to Mecca. My Mecca is having my bridegroom in my house.
The hajji is within, the ghazi[2] is within. The burglar and the thief are within.

੩੯

ਹਿਜਾਬ ਕਰੇਂ ਦਰਵੇਸ਼ੀ ਕੋਲੋਂ, ਕਦ ਤਕ ਹੁਕਮ ਚਲਾਵੇਂਗਾ
ਗਲ ਅਲਫ਼ੀ ਸਿਰ ਪਾ ਬਰਹਨਾ, ਭਲਕੇ ਰੂਪ ਵਟਾਵੇਂਗਾ

ਇਸ ਲਾਲਚ ਨਫ਼ਸਾਨੀ ਮੁੱਠੋਂ, ਓੜਕ ਮੂਨ ਮਨਾਵੇਂਗਾ
ਘਾਟ ਜ਼ੁਕਾਤ ਮੰਗਣਗੇ ਪਿਆਦੇ, ਕਹੁ ਕੀ ਅਮਲ ਵਿਖਾਵੇਂਗਾ
ਆਣ ਬਣੀ ਜਦ ਸਿਰ ਪਰ ਭਾਰੀ, ਅੱਗੋਂ ਕੀ ਬਤਲਾਵੇਂਗਾ

ਹਕ ਪਰਾਇਆ ਜਾਤੋ ਨਾਹੀਂ, ਖਾ ਕਰ ਭਾਰ ਉਠਾਵੇਂਗਾ
ਫੇਰ ਨਾ ਆ ਕਰ ਬਦਲਾ ਦੇਸੇਂ, ਲਾਖੀ ਖੇਤ ਲੁਟਾਵੇਂਗਾ
ਦਾਅ ਲਾ ਕੇ ਵਿਚ ਜਗ ਦੇ ਜੂਏ, ਜਿੱਤੇ ਦਾਮ ਹਰਾਵੇਂਗਾ

ਜੈਸੀ ਕਰਨੀ ਵੈਸੀ ਭਰਨੀ, ਪਰੇਮ ਨਗਰ ਵਰਤਾਰਾ ਏ
ਏਥੇ ਦੋਜ਼ਖ਼ ਕੱਟ ਤੂੰ ਦਿਲਬਰ, ਅੱਗੇ ਖੁੱਲ੍ਹ ਬਹਾਰਾ ਏ
ਕੇਸਰ ਬੀਜ ਜੁ ਕੇਸਰ ਜੰਮੇ, ਲੱਸਣ ਬੀਜ ਠਗਾਵੇਂਗਾ

੫ ਕਰੋ ਕਮਾਈ ਮੇਰੇ ਭਾਈ, ਏਹੋ ਵਕਤ ਕਮਾਵਣ ਦਾ
ਪੌਂ ਸਤਾਰਾਂ ਪੈਂਦੇ ਨੇ, ਹੁਣ ਦਾਅ ਨਾ ਬਾਜ਼ੀ ਹਾਰਣ ਦਾ
ਉਜੜੀ ਖੇਡ ਛਪਣਗੀਆਂ ਨਰਦਾਂ, ਝਾੜ ਦੁਕਾਨ ਉਠਾਵੇਂਗਾ

ਖਾਵੇਂ ਰਾਸ ਚਬਾਵੇਂ ਬੀੜੇ, ਅੰਗ ਪੁਸ਼ਾਕ ਲਗਾਇਆ ਈ
ਟੇਢੀ ਪਗੜੀ ਆਕੜ ਚੱਲੇਂ, ਜੁੱਤੀ ਪੈਰ ਅੜਾਇਆ ਈ
ਪਲਦਾ ਹੈਂ ਤੂੰ ਜਮ ਦਾ ਬਕਰਾ, ਅਪਣਾ ਆਪ ਕੁਹਾਵੇਂਗਾ

39

You turn your face from a fakir's life, but how long will your authority run? Wearing a shroud[1] and with bare head and feet, you will look quite different tomorrow.
You have been led astray by your carnal appetites, but in the end you will have your head shaven. At the crossing place the constables will demand the toll, so say: what good deeds will you have to show? When things become very difficult for you, what account will you give then?
You did not recognize other people's rights, so you will suffer the burden of what you have enjoyed. You will not return to pay recompense, and you will let your precious field be stripped. By gambling on the world, you will lose the coins you had won.
The rule of the city of love is that actions bring their own rewards. If you suffer hell here, my dear, then ahead the joys of spring lie open. Sow saffron to produce saffron. If you sow garlic, you will be deceived.
Practice earning, brother, for this is the time to earn. When you throw a seventeen,[2] it is no time to bet on losing the game. When the game is lost, the pieces are put away, and you will shut up shop with no winnings.
You live off your capital and chew betel, dressing your body in fine clothes. You tilt your turban[3] to one side and strut about with your slippers stuck on the front of your feet. Reared for death like a goat, you will get yourself slaughtered.

ਗੋਇਲ ਵਾਸਾ ਵੱਸਣ ਏਥੇ, ਰਹਿਣ ਨੂੰ ਅੱਗੇ ਡੇਰਾ ਏ
ਲੈ ਲੈ ਤੁਹਫ਼ੇ ਘਰ ਨੂੰ ਘੱਲੀਂ, ਏਹੋ ਵੇਲਾ ਤੇਰਾ ਏ
ਓਥੇ ਹੱਥ ਨਾ ਲਗਦਾ ਕੁਝ ਵੀ, ਏਥੋਂ ਹੀ ਲੈ ਜਾਵੇਂਗਾ

ਸਬਕ ਮੁਹੱਬਤ ਪੜ੍ਹ ਓਸੇ ਦਾ, ਬੇਮੂਜਬ ਕਿਉਂ ਡੁਬਨਾ ਏਂ
ਪੜ੍ਹ ਪੜ੍ਹ ਕਿੱਸੇ ਮਗ਼ਜ਼ ਖਪਾਵੇਂ, ਕਿਉਂ ਖੁੱਭਣ ਵਿਚ ਖੁਭਨਾ ਏਂ
ਹਰਫ਼ ਇਸ਼ਕ ਦਾ ਇਕੋ ਨੁਕਤਾ, ਕਾਹ ਕੋ ਉੱਠ ਲਦਾਵੇਂਗਾ

ਭੁੱਖ ਮਰੇਂਦਿਆਂ ਨਾਮ ਸਾਈਂ ਦਾ, ਏਹੋ ਬਾਤ ਚੰਗੇਰੀ ਏ
ਦੋਵੇਂ ਥੋਕ ਪਥਰ ਥੀਂ ਭਾਰੇ, ਔਖੀ ਜਿਹੀ ਇਹ ਫੇਰੀ ਏ
ਆਣ ਬਣੀ ਜਦ ਸਿਰ ਪਰ ਭਾਰੀ, ਅੱਗੋਂ ਕਿਆ ਬਤਲਾਵੇਂਗਾ

੧੦ ਅੰਮਾ ਬਾਬਾ ਬੇਟੀ ਬੇਟਾ, ਪੁਛ ਵੇਖਾਂ ਕਿਉਂ ਰੋਂਦੇ ਨੀ
ਰੰਨਾਂ ਕੰਜਕਾਂ ਭੈਣਾਂ ਭਾਈ, ਵਾਰਸ ਆਣ ਖਲੋਂਦੇ ਨੀ
ਇਹ ਜੋ ਲੁੱਟਦੇ ਤੂੰ ਨਹੀਂ ਲੁੱਟਦਾ, ਮਰਕੇ ਆਪ ਲੁਟਾਵੇਂਗਾ

ਇਕ ਇੱਕਲਿਆਂ ਜਾਣਾ ਈ ਤੈਂ, ਨਾਲ ਨਾ ਕੋਈ ਜਾਵੇਗਾ
ਖੇਸ਼ ਕਬੀਲਾ ਰੋਂਦਾ ਪਿੱਟਦਾ, ਰਾਹੋਂ ਹੀ ਮੁੜ ਆਵੇਗਾ
ਸ਼ਹਿਰੋਂ ਬਾਹਰ ਜੰਗਲ ਵਿਚ ਵਾਸਾ, ਓਥੇ ਡੇਰਾ ਪਾਵੇਂਗਾ

ਕਰਾਂ ਨਸੀਹਤ ਵੱਡੀ ਜੇ ਕੋਈ, ਸੁਣ ਕਰ ਦਿਲ ਤੇ ਲਾਵੇਗਾ
ਮੋਏ ਤਾਂ ਰੋਜ਼ ਹਸ਼ਰ ਨੂੰ ਉਠਸਣ, ਆਸ਼ਕ ਨਾ ਮਰ ਜਾਵੇਂਗਾ
ਜੇ ਤੂੰ ਮਰੇਂ ਮਰਨ ਤੋਂ ਅੱਗੇ, ਮਰਨੇ ਦਾ ਮੁੱਲ ਪਾਵੇਂਗਾ

Dwelling here is like a stay in a herdsman's hut—the place to live in lies ahead. Collect your gifts and send them to that home; now is your opportunity. You will not find anything there, you will have to take everything from here.

Study the lesson of loving only him. Why do you drown yourself for no reason? You keep reading stories and troubling your brain, but why get stuck in the mire? The letter of love has a single dot,[4] so why load up trains of camels with your books?

When dying of hunger, the name of the lord is the one thing that is of benefit. Both heaps[5] are full of stones, making this a difficult trip. When things get really difficult for you, what will you tell them then?

Mother, father, daughter, son—ask them why they are crying. Women, girls, sisters, brothers—all come and stand as your heirs. It is they who rob, not you; after death it is you who will let yourself be robbed.

You must go quite alone, no one will go with you. Your family and kinsfolk weep and beat themselves, asking if you will return by the way you went. You will find your permanent abode dwelling in the wilderness outside the city.

Let me offer some weighty advice for anyone listening to take to heart. The dead will arise on the day of resurrection, but a lover will not die. You will discover the value of dying, if you die before you die.[6]

ਜਾਂ ਰਾਹ ਸ਼ਰ੍ਹਾ ਦਾ ਪਕੜੇਂਗਾ, ਤਾ ਓਟ ਮੁਹੰਮਦੀ ਹੋਵੇਗੀ
ਕਹਿੰਦੀ ਏ ਪਰ ਕਰਦੀ ਨਾਹੀਂ, ਏਹੋ ਖ਼ਲਕਤ ਰੋਵੇਗੀ
ਹੁਣ ਸੁੱਤਿਆਂ ਤੈਨੂੰ ਕੌਣ ਜਗਾਵੇ, ਜਾਗਦਿਆਂ ਪੱਛੋਤਾਵੇਂਗਾ

ਜੇ ਤੂੰ ਸਾਡੇ ਆਖੇ ਲੱਗੇਂ, ਤੈਨੂੰ ਤਖ਼ਤ ਬਹਾਵਾਂਗੇ
ਜਿਸਨੂੰ ਸਾਰਾ ਆਲਮ ਢੂੰਡੇ, ਤੈਨੂੰ ਆਣ ਮਿਲਾਵਾਂਗੇ
ਜ਼ੁਹਦੀ ਹੋ ਕੇ ਜ਼ੁਹਦ ਕਮਾਵੇਂ, ਲੈ ਪੀਆ ਗਲ ਲਾਵੇਂਗਾ

ਐਵੇਂ ਉਮਰ ਗਵਾਈਆ ਔਗਤ, ਅਕਬਤ ਚਾ ਰੁੜ੍ਹਾਈ ਏ
ਲਾਲਚ ਕਰ ਕਰ ਦੁਨੀਆਂ ਉੱਤੇ, ਮੁੱਖ ਸਫ਼ੈਦੀ ਆਈ ਏ
ਅਜੇ ਵੀ ਸੁਣ ਜੇ ਤਾਇਬ ਹੋਵੇਂ, ਤਾਂ ਅਸ਼ਨਾ ਸਦਾਵੇਂਗਾ

ਬੁੱਲ੍ਹਾ ਸ਼ਹੁ ਦੇ ਚਲਣੈਂ ਤਾਂ ਚੱਲ, ਕਿਹਾ ਚਿਰ ਲਾਇਆ ਈ
ਜੱਕੋ ਧੱਕੀ ਕੀ ਕਰਨੀ, ਜਾਂ ਵਤਨੋਂ ਦਫ਼ਤਰ ਆਇਆ ਈ
ਵਾਚਦਿਆਂ ਖ਼ਤ ਅਕਲ ਗਈਓਈ, ਰੋ ਰੋ ਹਾਲ ਵੰਜਾਵੇਂਗਾ

If you take the path of righteousness, you will find the protection of Muhammad.[7] It is people who talk but do not act who will weep. Now who will wake you as you sleep? You will be sorry when you do wake up.

If you do as we say, we will seat you on a throne. We will unite you with the one the whole world is looking for. If you become abstinent and practice abstinence, you will embrace the beloved.

You have uselessly wasted your life for nothing, and you have destroyed your existence in the world to come. With your unceasing greed for the world, your face has grown pale. Even now, though, listen. If you repent, you will be called a lover.

Bullha, if you mean to go the lord, then go, what are you delaying for? Why dither when the summons has come from the land where you belong? Reading the letter[8] has made you go out of your mind, but all this weeping will destroy you.

੪੦

ਹਿੰਦੂ ਨਾ ਨਹੀਂ ਮੁਸਲਮਾਨ
ਭਏ ਨਿਰੰਜਣ[੧] ਤਜ ਅਭਿਮਾਨ

ਸੁੰਨੀ ਨਾ ਨਹੀਂ ਹਮ ਸ਼ੀਆ
ਸੁਲ੍ਹਾ ਕੁੱਲ ਕਾ ਮਾਰਗ ਲੀਆ

ਭੁੱਖੇ ਨਾ ਨਹੀਂ ਹਮ ਰੱਜੇ
ਨੰਗੇ ਨਾ ਨਹੀਂ ਹਮ ਕੱਜੇ

ਰੋਂਦੇ ਨਾ ਨਹੀਂ ਹਮ ਹਸਦੇ
ਉਜੜੇ ਨਾ ਨਹੀਂ ਹਮ ਵਸਦੇ

੫ ਪਾਪੀ ਨਾ ਸੁਧਰਮੀ ਨਾ
ਪਾਪ ਪੁੰਨ ਕੀ ਰਾਹ ਨਾ ਜਾਣਾਂ

ਬੁੱਲ੍ਹਾ ਸ਼ਹੁ ਜੋ ਹਰਿ ਚਿਤ ਲਾਗੇ
ਹਿੰਦੂ ਤੁਰਕ ਦੂਜਨ ਤਿਆਗੇ

੪੧

ਹੁਣ ਇਸ਼ਕ ਅਸਾਂ ਵਲ ਆਇਆ ਹੈਂ,[੧] ਤੂੰ ਆਇਆ ਹੈਂ ਮਨ ਭਾਇਆ ਹੈਂ[੨]

ਇਬਰਾਹੀਮ ਚਾ ਚਿਖ਼ਾ ਸੁਟਾਇਓ, ਜ਼ਕਰੀਏ ਸਿਰ ਕਲਵੱਤ੍ਰ ਧਰਾਇਓ
ਯੂਸਫ਼ ਹੱਟੋ ਹੱਟ ਵਿਕਾਇਓ, ਕਹੁ ਸਾਨੂੰ ਕੀ ਲਿਆਇਆ ਹੈਂ

40

I[1] am not a Hindu, nor a Muslim. I have forsaken pride and become unsullied.
I am not a Sunni, nor a Shia. I have adopted the path of peace toward all.[2]
I am not hungry, nor am I full. I am not naked, nor am I covered.
I do not weep, nor do I laugh. I am not ruined, nor do I flourish.
I am not a sinner, nor am I virtuous. I do not know about the path of sin and merit.
Bullhe Shah, the mind that is fixed on God leaves behind the duality of Hindu and Turk.[3]

41

Now, love, you have come to us. You have come and we are happy to see you.
You had Ibrahim thrown onto the pyre.[1] You had Zakariya's head sawn.[2] You had Yusuf hawked from stall to stall.[3] Tell us what you have brought for us.

ਸ਼ੈਖ ਸੁਨਆਨੋਂ ਖ਼ੂਕ ਚਰਾਇਓ, ਸ਼ਮਸ ਦੀ ਖੱਲ ਉਲਟ ਲੁਹਾਇਓ
ਸੂਲੀ ਤੇ ਮਨਸੂਰ ਚੜ੍ਹਾਇਓ, ਕਰ ਹੱਠ ਹੁਣ ਮੈਂ ਵੱਲ ਧਾਇਆ ਹੈਂ

ਜਿਸ ਘਰ ਤੇਰਾ ਫੇਰ ਹੋਇਆ, ਸੋ ਜਲ ਬਲ ਕੋਇਲਾ ਢੇਰ ਹੋਇਆ
ਜਦ ਰਾਖ ਉੱਡੀ ਤਦ ਸੇਰ ਹੋਇਆ, ਕਹੁ ਕਿਸ ਗੱਲ ਦਾ ਸਧਰਾਇਆ ਹੈਂ

ਬੁੱਲ੍ਹਾ ਸ਼ਹੁ ਦੇ ਕਾਰਨ ਕਰੀਏ, ਤਨ ਭੱਠੀ ਮਨ ਆਹਰਣ ਕਰੀਏ
ਪਰੇਮ ਹਥੋੜਾ ਮਾਰਨ ਕਰੀਏ, ਦਿਲ ਲੋਹਾ ਅੱਗ ਪੰਘਾਇਆ ਹੈਂ

੪੨

ਹੁਣ ਕਿਸ ਥੀਂ ਆਪ ਛੁਪਾਈਦਾ

ਕਿਤੇ ਮੁੱਲਾਂ ਹੋ ਬੁਲੇਂਦੇ ਹੋ, ਕਿਤੇ ਸੁੰਨਤ ਫ਼ਰਜ਼ ਦਸੇਂਦੇ ਹੋ
ਕਿਤੇ ਰਾਮ ਦੁਹਾਈ ਦੇਂਦੇ ਹੋ, ਕਿਤੇ ਮੱਥੇ ਤਿਲਕ ਲਗਾਈਦਾ

ਮੈਂ ਮੇਰੀ ਹੈ ਕਿ ਤੇਰੀ ਹੈ, ਇਹ ਅੰਤ ਭਸਮ ਦੀ ਢੇਰੀ ਹੈ
ਇਹ ਢੇਰੀ ਪੀਆ ਨੇ ਘੇਰੀ ਹੈ, ਢੇਰੀ ਨੂੰ ਨਾਚ ਨਚਾਈਦਾ

ਕਿਤੇ ਬੇਸਰ ਚੂੜਾ ਪਾਓਗੇ, ਕਿਤੇ ਜੋੜਾ ਪਾ ਹੰਡਾਓਗੇ
ਕਿਤੇ ਆਦਮ ਹਵਾ ਬਣ ਆਓਗੇ, ਕਦੀ ਮੈਥੋਂ ਵੀ ਭੁੱਲ ਜਾਈਦਾ

You had the pigs grazed by Shaikh Sanaan.[4] You had Shams[5] hanged upside down and flayed. You had Mansur[6] put up on the gallows. Now you have determinedly attacked me.
The house that you have visited has been on fire and turned into a heap of ashes. Only when the ash flies away are you satisfied. Tell us what you have set your heart on.
Bullha, for the sake of the lord, let us make the body the furnace, the mind the anvil, and love the hammer to beat the iron of the heart that is melted in the fire.

42

Who are you hiding yourself from now?
Sometimes as a mullah you give the call to prayer, sometimes you tell of religious practice and duty. Sometimes you utter appeals to Ram, sometimes you put the *tilak*[1] on your forehead.
This "I" may be mine or yours, but in the end it is a heap of ashes. This heap has been surrounded by the beloved, and it is set to dance.
Sometimes you will put on a nose ring and topknot, sometimes you will put on a costume and dress up. Sometimes you will come as Adam and Eve. Can you ever be mistaken, even by me?

ਬਾਹਰ ਜ਼ਾਹਰ ਡੇਰਾ ਪਾਇਓ, ਆਪੇ ਢੋਂ ਢੋਂ ਢੋਲ ਬਜਾਇਓ
ਜਗ ਤੇ ਆਪਣਾ ਆਪ ਜਤਾਇਓ, ਫਿਰ ਅਬਦੁੱਲ੍ਹਾ ਦੇ ਘਰ ਧਾਈਦਾ

ਜੋ ਭਾਲ ਤੁਸਾਡੀ ਕਰਦਾ ਹੈ, ਮੋਇਆਂ ਤੋਂ ਅੱਗੇ ਮਰਦਾ ਹੈ
ਮੋਇਆਂ ਵੀ ਤੈਥੋਂ ਡਰਦਾ ਹੈ, ਮਤ ਮੋਇਆਂ ਨੂੰ ਮਾਰ ਕੁਹਾਈਦਾ

ਬਿੰਦਰਾਬਨ ਮੇਂ ਗਊਆਂ ਚਰਾਵੇਂ, ਲੰਕਾ ਚੜ੍ਹ ਕੇ ਨਾਦ ਵਜਾਵੇਂ
ਮੱਕੇ ਦਾ ਬਣ ਹਾਜੀ ਆਵੇਂ, ਵਾਹ ਵਾਹ ਰੰਗ ਵਟਾਈਦਾ

ਮਨਸੂਰ ਤੁਸਾਂ ਥੇ ਆਇਆ ਏ, ਤੁਸਾਂ ਸੂਲੀ ਪਕੜ ਚੜ੍ਹਾਇਆ ਏ
ਮੇਰਾ ਬੀਰਨ ਬਾਬਲ ਜਾਇਆ ਏ, ਦਿਓ ਖ਼ੂਨ ਬਹਾ ਮੇਰੇ ਭਾਈ ਦਾ

ਤੁਸੀਂ ਸਭਨੀਂ ਭੇਖੀਂ ਥੀਂਦੇ ਹੋ, ਮੈਨੂੰ ਹਰ ਜਾ ਤੁਸੀਂ ਦਸੀਂਦੇ ਹੋ
ਮਧ ਆਪੇ ਆਪੇ ਪੀਂਦੇ ਹੋ, ਆਪੇ ਆਪ ਕੋ ਆਪ ਛਕਾਈਦਾ

ਹੁਣ ਪਾਸ ਤੁਸਾਡੇ ਵੱਸਾਂਗੀ, ਨਾ ਬੇਦਿਲ ਹੋ ਕੇ ਨੱਸਾਂਗੀ
ਸਭ ਭੇਤ ਤੁਹਾਡੇ ਦੱਸਾਂਗੀ, ਕਿਉਂ ਮੈਨੂੰ ਅੰਗ ਨਾ ਲਾਈਦਾ

ਵਾਹ ਜਿਸ ਪਰ ਕਰਮ ਅਵੇਹਾ ਹੈ, ਤਹਿਕੀਕ ਉਹ ਵੀ ਤੈਂ ਜੇਹਾ ਹੈ
ਸੱਚ ਸਹੀ ਰਵਾਇਤ ਏਹਾ ਹੈ, ਤੇਰੀ ਨਜ਼ਰ ਮਿਹਰ ਤਰ ਜਾਈਦਾ

ਵਿਚ ਭਾਂਬੜ ਬਾਗ਼ ਲਵਾਈਦਾ, ਚਰ੍ਹ ਵਿੱਚੋਂ ਆਪ ਵਖਾਈਦਾ
ਜਾਂ ਅਲਫ਼ੋਂ ਅਹਦ ਬਣਾਈਦਾ, ਤਾਂ ਬਾਤਨ ਕਿਆ ਬਤਲਾਈਦਾ

You set up your camp outside in plain view, and it is you who beat the drum with a loud beat. You made yourself known to the world; then you raced to the house of Abdullah.[2]

Whoever searches for you dies before he is dead.[3] Even after death he fears you, in case the dead are killed and slaughtered.

In Bindraban[4] you take the cows to pasture. You sound the conch when attacking Lanka.[5] You come as a hajji from Mecca. How amazingly your appearance is varied.

Mansur[6] came to you; it is you who seized him and made him mount the gallows. He is my dear brother, born of the same father. Blood money for my brother should be paid.

You are in all guises, you appear to me everywhere. It is you who are the wine and you who drink it. You are the one who makes you taste yourself.

Now I will remain with you. I will not lose heart and run away. I will tell all your mysteries. Why am I not to be embraced?

How wonderful, the one so favored is indeed just like you. It is a reliable tradition that salvation is to be attained through your look of kindness.

If the garden is planted in the flames, you display yourself from the fire pit. When Ahad is made from *alif*,[7] how is the hidden revealed?

ਬੇਲੀ ਅੱਲ੍ਹਾ ਵਾਲੀ ਮਾਲਿਕ ਹੋ, ਤੁਸੀਂ ਆਪੇ ਅਪਣੇ ਸਾਲਿਕ ਹੋ
ਆਪੇ ਖ਼ਲਕਤ ਆਪੇ ਖ਼ਾਲਿਕ ਹੋ, ਆਪੇ ਅਮਰ ਮਰੂਫ਼ ਕਰਾਈਦਾ

ਕਿਤੇ ਚੋਰ ਹੋ ਕਿਧਰੇ ਕਾਜ਼ੀ ਹੋ, ਕਿਤੇ ਮੰਬਰ ਤੇ ਬਹਿ ਵਾਅਜ਼ੀ ਹੋ
ਕਿਤੇ ਤੇਗ਼ ਬਹਾਦਰ ਗ਼ਾਜ਼ੀ ਹੋ, ਆਪੇ ਅਪਣਾ ਕਟਕ ਚੜ੍ਹਾਈਦਾ

ਆਪੇ ਯੂਸਫ਼ ਕੈਦ ਕਰਾਇਓ, ਯੂਨਸ ਮੱਛੀ ਤੋਂ ਨਿਗਲਾਇਓ
ਸਾਬਰ ਕੀੜੇ ਘਤ ਬਹਾਇਓ, ਫਿਰ ਉਹਨੂੰ ਤਖ਼ਤ ਚੜ੍ਹਾਈਦਾ

ਜੇ 'ਅਲਿਨਸਾਨ' ਪੜ੍ਹਾਇਆ ਈ, ਤਾਂ ਆਪ ਨੂੰ ਭਲਾ ਛੁਪਾਇਆ ਈ
ਦਿਲ ਚੌਦਾਂ ਤਬਕ ਬਣਾਇਆ ਈ, ਕਿਤੇ ਲੰਮਾ ਝੇੜਾ ਪਾਈਦਾ

ਬੁੱਲ੍ਹਾ ਸ਼ਹੁ ਹੁਣ ਸਹੀ ਸੰਞਾਤੇ ਹੋ, ਹਰ ਸੂਰਤ ਨਾਲ ਪਛਾਤੇ ਹੋ
ਕਿਤੇ ਆਤੇ ਕਿਤੇ ਜਾਤੇ ਹੋ, ਹੁਣ ਮੈਥੋਂ ਭੁੱਲ ਨਾ ਜਾਈਦਾ

੪੩

ਹੁਣ ਮੈਂ ਲਖਿਆ ਸੋਹਣਾ ਯਾਰ, ਜਿਸ ਦੇ ਹੁਸਨ ਦਾ ਗਰਮ ਬਜ਼ਾਰ

ਜਦ ਅਹਦ ਇਕ ਇਕੱਲਾ ਸੀ, ਨਾ ਜ਼ਾਹਰ ਕੋਈ ਤਜੱਲਾ ਸੀ
ਨਾ ਰੱਬ ਰਸੂਲ ਨਾ ਅੱਲ੍ਹਾ ਸੀ, ਨਾ ਜੱਬਾਰ ਤੇ ਨਾ ਕੱਹਾਰ

You are friend, God, lord, and master. It is you who are your own devoted follower. It is you who are the creation and the creator. It is you who causes good deeds to be performed.
Sometimes you are a thief, sometimes a *qazi*, sometimes a preacher who climbs into the pulpit, sometimes Tegh Bahadur,[8] the warrior for faith. You are the one who causes your army to attack.
It is you who had Yusuf[9] imprisoned, you who had Yunus[10] swallowed by the fish, you who put the worms into Ayub the patient,[11] then caused him to ascend the throne.
If you taught the lesson of the word *man*,[12] then you hid yourself well. You made the heart embrace the fourteen spheres.[13] Thus this lengthy debate is created.
Bullha, you are clearly recognized; lord, you are apprehended through every form. Here you come, here you go. Now you cannot be mistaken by me.

43

Now I have seen the fair beloved, whose beauty is always in such demand.
When Ahad alone existed, no divine glory was manifest. There was no Lord or Prophet or Allah, no Almighty, no all-powerful God.

ਬੇਚੂਨੋ ਬੇਚਗੂਨਾ ਸੀ, ਬੇਸ਼ਿਬ੍ਹਾ ਬੇਨਮੂਨਾ ਸੀ
ਨਾ ਕੋਈ ਰੰਗ ਨਮੂਨਾ[੧] ਸੀ, ਹੁਣ ਗੂਨਾਂ ਗੂਨ ਹਜ਼ਾਰ

ਪਿਆਰਾ ਪਹਿਨ ਪੋਸ਼ਾਕਾਂ ਆਇਆ, ਆਦਮ ਆਪਣਾ ਨਾਮ ਧਰਾਇਆ
ਅਹਦ ਤੇ ਬਣ ਅਹਿਮਦ ਆਇਆ, ਬਣਿਆਂ ਨਬੀਆਂ ਦਾ ਸਰਦਾਰ

'ਕੁਨ' ਕਿਹਾ 'ਫ਼ਯਕੂਨ' ਕਹਾਇਆ, ਬੇਚੂਨੀ ਸੇ ਚੂਨ ਬਣਾਇਆ
ਅਹਦ ਦੇ ਵਿਚ ਮੀਮ ਰਲਾਇਆ, ਤਾਂ ਕੀਤਾ ਐਡ ਪਸਾਰ

ਤਜੂੰ ਮਸੀਤ ਤਜੂੰ ਬੁਤਖ਼ਾਨਾ, ਬਰਤੀ ਰਹਾਂ ਨਾ ਰੋਜ਼ਾ ਜਾਨਾ
ਭੁੱਲ ਗਿਆ ਵੁਜ਼ੂ ਨਮਾਜ਼ ਦੁਗਾਨਾ, ਤੈਂ ਪਰ ਜਾਨ ਕਰਾਂ ਬਲਿਹਾਰ

ਪੀਰ ਪੈਗ਼ੰਬਰ ਇਸ ਦੇ ਬਰਦੇ, ਇਨਸ ਮਲਾਇਕ ਸਜਦੇ ਕਰਦੇ
ਸਿਰ ਕਦਮਾਂ ਦੇ ਉੱਤੇ ਧਰਦੇ, ਸਭ ਤੋਂ ਵੱਡੀ ਉਹ ਸਰਕਾਰ

ਜੋ ਕੋਈ ਉਸ ਨੂੰ ਲਖਿਆ ਚਾਹੇ, ਬਾਝ ਵਸੀਲੇ ਲਖਿਆ ਨ ਜਾਏ
ਸ਼ਾਹ ਇਨਾਇਤ ਭੇਤ ਬਤਾਏ, ਤਾਂ ਖੁੱਲ੍ਹੇ ਸਭ ਇਸਰਾਰ

੪੪

ਹੁਣ ਮੈਨੂੰ ਕੌਣ ਪਛਾਣੇ, ਹੁਣ ਮੈਂ ਹੋ ਗਈ ਨੀ ਕੁਝ ਹੋਰ

ਹਾਦੀ ਮੈਨੂੰ ਸਬਕ ਪੜ੍ਹਾਇਆ, ਓਥੇ ਗ਼ੈਰ ਨਾ ਆਇਆ ਜਾਇਆ
ਮੁਤਲਕ ਜ਼ਾਤ ਜਮਾਲ ਵਿਖਾਇਆ, ਵਹਦਤ ਪਾਇਆ ਨੀ ਸ਼ੋਰ

He was without parallel or analogy, without likeness or comparison. There was no spectacle or model; now there are thousands of things of all kinds.
The beloved came to put on various clothes; he called himself Adam. From Ahad he turned himself into Ahmad[1] and came as the leader of the prophets.
He said *Let it be* and caused *and it was*[2] to be said, making form from formlessness. He mingled the *mīm* into Ahad, and created this vast expanse.
I abandon the mosque, I abandon the idol temple. I do not keep Hindu fasts, nor do I observe Ramadan. I have forgotten ablutions and prayers with two prostrations.[3] I sacrifice my life to you.
Saints and prophets are his slaves. Men and angels prostrate themselves to him, laying their heads at his feet. He is the greatest overlord of all.
No one who wishes to see him can do so without an intermediary. If Shah Inayat reveals the secret, then all mysteries are solved.

44

Now who can recognize me? Now I have become something else.[1]
The guide taught me this lesson. There is no coming or going of the other there. The absolute being displays his beauty. Divine unity has created confusion.

ਅੱਵਲ ਹੋ ਕੇ ਲਾਮਕਾਨੀ, ਜ਼ਾਹਰ ਬਾਤਨ ਦਿਸਦਾ ਜਾਨੀ
ਰਿਹਾ ਨਾ ਮੇਰਾ ਨਾਮ ਨਿਸ਼ਾਨੀ, ਮਿਟ ਗਿਆ ਝਗੜਾ ਸ਼ੋਰ

ਪਿਆਰਾ ਆਪ ਜਮਾਲ ਵਿਖਾਲੇ, ਮਸਤ ਕਲੰਦਰ ਹੋਂ ਮਤਵਾਲੇ
ਹੰਸਾਂ ਦੇ ਹੁਣ ਵੇਖ ਕੇ ਚਾਲੇ, ਬੁੱਲ੍ਹਾ ਕਾਗਾਂ ਦੀ ਭੁੱਲ ਗਈ ਟੋਰ

੪੫

ਹੋਰੀ ਖੇਲੂੰਗੀ ਕਹਿ 'ਬਿਸਮਿੱਲ੍ਹਾ'

ਨਾਮ ਨਬੀ ਕੀ ਰਤਨ ਚੜ੍ਹੀ, ਬੂੰਦ ਪੜੀ 'ਇਲੱਲ੍ਹਾ'
ਰੰਗ ਰੰਗੀਲੀ ਓਹੀ ਖਿਲਾਵੇ, ਜੋ ਸਿੱਖੀ ਹੋਵੇ 'ਫ਼ਨਾ ਫ਼ਿੱਲ੍ਹਾ'

'ਅਲਸਤੁ ਬਿਰੱਬਿਕੁਮ' ਪ੍ਰੀਤਮ ਬੋਲੇ, ਸਭ ਸਖੀਆਂ ਨੇ ਘੁੰਘਟ ਖੋਲੇ
'ਕਾਲੂ ਬਲਾ' ਹੀ ਯੂੰਕਰ ਬੋਲੇ, 'ਲਾ ਇਲਾਹ ਇਲੱਲ੍ਹਾ'

'ਨਹਨੁ ਅਕਰਬ' ਕੀ ਬੰਸੀ ਬਜਾਈ, 'ਮਨ ਅਰਫ਼ ਨਫ਼ਸਹੁ' ਕੀ ਕੂਕ
    ਸੁਣਾਈ
'ਫ਼ਸੁੰਮ ਵਜਹੁੱਲ੍ਹਾ' ਕੀ ਧੂਮ ਮਚਾਈ, ਵਿਚ ਦਰਬਾਰ ਰਸੂਲ ਅੱਲ੍ਹਾ

੫ ਹਾਥ ਜੋੜ ਕਰ ਪਾਉਂ ਪੜੂੰਗੀ, ਆਜਿਜ਼ ਹੋ ਕਰ ਬੇਨਤੀ ਕਰੂੰਗੀ
ਫਗਵਾ ਝਗੜ[੧] ਭਰ ਝੋਲੀ ਲੂੰਗੀ, ਨੂਰ ਮੁਹੰਮਦ ' ਸੱਲੱਲ੍ਹਾ '

'ਫ਼ਜ਼ਕੁਰੂਨੀ' ਕੀ ਹੋਰੀ ਬਨਾਊਂ, 'ਵਸ਼ਕੁਰੂਨੀ' ਪੀਆ ਕੋ ਰਿਝਾਊਂ
ਐਸੇ ਪੀਆ ਕੇ ਮੈਂ ਬਲ ਬਲ ਜਾਊਂ, ਕੈਸਾ ਪੀਆ 'ਸੁਬਹਾਨੱਲ੍ਹਾ'

Infinite at first, the beloved appears as manifest and hidden. I have no name or mark anymore; all dispute and confusion are ended.
When the beloved displays his beauty, drunken fakirs become intoxicated. Now that I have observed the graceful movement of the wild geese,[2] Bullha, I have forgotten the motion of the crows.

45

I will play Holi, after saying *bismillāh*.[1]
I wear the name of the Prophet as my jewel, and the words *but God*[2] as my pendant. He is the one who operates this colorful show, from which the lesson of *annihilation in God*[3] is learned.
When the beloved said, *Am I not your lord?*[4] the girls all removed their veils. With the words *They said, "Yes,"* they said, *There is no god but God.*[5]
He played the flute of *We are nearer*,[6] and called out *Whoever has known himself.*[7] *Then there is the face of God*[8] was loudly proclaimed in the court of God's Apostle.
I will humbly fold my hands and fall at his feet, and in my helplessness I will entreat him. As my Holi offering, I will fill my lap with the light of Muhammad, *may God's blessing be upon him.*[9]
I will make *Then remember me* my Holi, and I will delight my beloved with *And be thankful to me.*[10] Such is the beloved to whom I am sacrificed, *glory be to God.*[11]

'ਸਿਬਗ਼ਤੁੱਲ੍ਹਾ' ਕੀ ਭਰ ਪਿਚਕਾਰੀ, 'ਅੱਲਾਹੁੱਸਮਦ' ਪਿਆ ਮੂੰਹ ਪਰ
ਮਾਰੀ
ਨੂਰ ਨਬੀ ਦਾ ਹੱਕ ਸੇ ਜਾਰੀ, ਨੂਰ ਮੁਹੰਮਦ 'ਸੱਲੱਲ੍ਹਾ'
ਬੁੱਲ੍ਹਾ ਸ਼ਹੁ ਦੀ ਧੂਮ ਮਚੀ ਹੈ, 'ਲਾ ਇਲਾਹ ਇੱਲੱਲ੍ਹਾ'

੪੬

ਕੱਤ ਕੁੜੇ ਨਾ ਵੱਤ ਕੁੜੇ, ਛੱਲੀ ਲਾਹ ਭਰੋਟੇ ਘੱਤ ਕੁੜੇ

ਜੇ ਪੂਣੀ ਪੂਣੀ ਕੱਤੇਂਗੀ, ਤਾਂ ਨੰਗੀ ਮੂਲ ਨਾ ਵੱਤੇਂਗੀ
ਸੈ ਵਰ੍ਹਿਆਂ ਵੀ ਜੇ ਨਾ ਕੱਤੇਂਗੀ, ਤਾਂ ਕਾਗ ਮਾਰੇਗਾ ਝੁਟ ਕੁੜੇ

ਵਿਚ ਗ਼ਫ਼ਲਤ ਜੇ ਤੈਂ ਦਿਨ ਜਾਲੇ, ਕੱਤ ਤੇ ਕੁਝ ਨਾ ਲਿਉ ਸੰਭਾਲੇ
ਬਾਝੋਂ ਗੁਣ ਸ਼ਹੁ ਅਪਣੇ ਨਾਲੇ, ਤੇਰੀ ਕਿਉਂ ਕਰ ਹੋਸੀ ਗੱਤ ਕੁੜੇ

ਮਾਂ ਪਿਉ ਤੇਰੇ ਗੰਢੀਂ ਪਾਈਆਂ, ਅਜੇ ਨਾ ਤੈਨੂੰ ਸੁਰਤਾਂ ਆਈਆਂ
ਦਿਨ ਥੋੜੇ ਤੇ ਚਾਅ ਮੁਕਾਈਆਂ, ਨਾ ਆਸੇਂ ਪੇਕੇ ਵੱਤ ਕੁੜੇ

੫ ਜੇ ਦਾਜ ਵਿਹੂਣੀ ਜਾਵੇਂਗੀ, ਤਾਂ ਕਿਸੇ ਭਲੀ ਨਾ ਭਾਵੇਂਗੀ
ਓਥੇ ਸ਼ਹੁ ਨੂੰ ਕਿਵੇਂ ਰੀਝਾਵੇਂਗੀ, ਕੁਝ ਲੈ ਫ਼ਕਰਾਂ ਦੀ ਮੱਤ ਕੁੜੇ

ਤੇਰੇ ਨਾਲ ਦੀਆਂ ਦਾਜ ਰੰਗਾਏ ਨੀ, ਓਹਨਾਂ ਸੂਹੇ ਸਾਲੂ ਪਾਏ ਨੀ
ਤੂੰ ਉਲਟੇ ਪੈਰ ਕਿਉਂ ਚਾਏ ਨੀ, ਜਾ ਓਥੇ ਲਖਸੇਂ ਤੱਤ ਕੁੜੇ

The syringe[12] was filled with *the dye of God*[13] and was squirted on the face of *God the eternal.*[14] The light of the Prophet proceeded from God, the light of Muhammad, *may God's blessing be upon him*. Bullha, the fame of the lord is loudly proclaimed: *There is no god but God.*

46

Spin, my girl, do not idle. Take off your ball of yarn and place it in the basket.
If you spin rolls and rolls of yarn, you will never wander naked. If for a hundred years you do not spin, the crow will swoop and attack you, my girl.
If you spend your days in obliviousness, if you do not spin and accumulate something, then without any virtues when your lord is beside you, how will you be saved, my girl?
Your parents have tied your knots,[1] but you have still not become aware. The days are few, but you have wasted them in enjoyment. You will not return to your parents' home, my girl.
If you go without a dowry, you will not please anyone. How will you delight your lord when you get there? Take some guidance from the fakirs, my girl.
Your companions have had their dowry clothes dyed and are wearing their red outfits. Why have you gone the wrong way? When you get there, you will realize the true state of things, my girl.

ਬੁੱਲ੍ਹਾ ਸ਼ਹੁ ਘਰ ਅਪਣੇ ਆਵੇ, ਚੂੜਾ ਬੇੜਾ ਸਭ ਸੁਹਾਵੇ
ਗੁਣ ਹੋਸੀ ਤਾਂ ਗਲੇ ਲਗਾਵੇ, ਨਹੀਂ ਰੋਸੇਂ ਨੈਣੀਂ ਰੱਤ ਕੁੜੇ

੪੭

ਕਦੀ ਅਪਣੀ ਆਖ ਬੁਲਾਓਗੇ

ਮੈਂ ਬੇਗੁਣ ਕਿਆ ਗੁਣ ਕੀਆ ਹੈ, ਤਨ ਪੀਆ ਹੈ ਮਨ ਪੀਆ ਹੈ
ਉਹ ਪੀਆ ਸੁ ਮੋਰਾ ਜੀਆ ਹੈ, ਪੀਆ ਪੀਆ ਸੇ ਰਲ ਮਿਲ ਜਾਓਗੇ

ਮੈਂ ਫ਼ਾਨੀ ਆਪ ਕੋ ਦੂਰ ਕਰਾਂ, ਤੈਂ ਬਾਕੀ ਆਪ ਹਜ਼ੂਰ ਕਰਾਂ
ਜੇ ਅਜ਼ਹਰ ਵਾਂਗ ਮਨਸੂਰ ਕਰਾਂ, ਖੜ ਸੂਲੀ ਪਕੜ ਚੜ੍ਹਾਓਗੇ

ਮੈਂ ਜਾਗੀ ਸਭ ਜਗ ਸੋਇਆ ਹੈ, ਖੁਲ੍ਹੀ ਪਲਕ ਤਾਂ ਉਠ ਕੇ ਰੋਇਆ ਹੈ
ਜੁਜ਼ ਮਸਤੀ ਕਾਮ ਨਾ ਹੋਇਆ ਹੈ, ਕਦੀ ਮਸਤ 'ਅਲਸਤ' ਬਣਾਓਗੇ

ਜਦੋਂ ਅਨਹਦ ਬਣ ਦੋ ਨੈਣ ਧਰੇ, ਅਗੇ ਸਿਰ ਬਿਨ ਧੜ ਕੇ ਲਾਖ ਪੜੇ
ਉਛਲ ਰੰਗਣ ਦੇ ਦਰਿਆ ਚੜ੍ਹੇ, ਮੇਰੇ ਲਹੂ ਦੀ ਨਦੀ ਵਗਾਓਗੇ

ਕਿਸੇ ਆਸ਼ਕ ਦਾ ਸੁਖ ਸੋਣਾ ਹੈ, ਅਸਾਂ ਰੋ ਰੋ ਕੇ ਮੁਖ ਧੋਣਾ ਹੈ
ਇਹ ਜਾਦੂ ਹੈ ਕਿ ਟੂਣਾ ਹੈ, ਇਸ ਰੋਗ ਦਾ ਭੋਗ ਬਣਾਓਗੇ

Bullha, if the lord comes home, your bangles and anklets all look fine. If you possess good qualities, he will embrace you. Otherwise you will weep tears of blood, my girl.

47

Will[1] you ever call me your own?

I am without merit; what virtuous action have I performed? My body is the beloved, my heart is the beloved. It is the beloved who is my life. Will you come to me as beloved to beloved?

As the transitory, I make myself distant. As the enduring, I make myself ever-present. If like Mansur[2] I make things very clear, will you seize me and make me mount the gallows?

I am awake, but the whole world is asleep. When it opens its eyes, it gets up and weeps. Intoxication is the only thing that works. Will you ever make me drunk on *Am I not?*[3]

When you became unstruck,[4] you set your two eyes at them. Hundreds of thousands laid down their severed heads before you, and the ocean billowed with waves of delight. Will you make the river of my blood flow?

Does any lover sleep peacefully? We have wept copiously and bathed our face in tears. Is it magic or a spell that you will use to turn this suffering into pleasure?

ਕਹੋ ਕਿਆ ਸਿਰ ਇਸ਼ਕ ਬਿਚਾਰੇਗਾ, ਫਿਰ ਕਿਆ ਥੀਸੀ ਨਿਰਵਾਰੇਗਾ
ਜਬ ਦਾਰ ਉਪਰ ਸਿਰ ਵਾਰੇਗਾ, ਤਬ ਪਾਛੇ ਢੋਲ ਬਜਾਓਗੇ

ਮੈਂ ਅਪਣਾ ਮਨ ਕਬਾਬ ਕੀਆ, ਆਂਖੋਂ ਕਾ ਅਰਕ ਸ਼ਰਾਬ ਕੀਆ
ਰਗ ਤਾਰਾਂ ਹੱਡ ਰਬਾਬ ਕੀਆ, ਕਿਆ ਮਤ ਕਾ ਨਾਮ ਬੁਲਾਓਗੇ[1]

ਸ਼ਕੰਜੇ[2] ਕੋ ਕਿਆ ਕੀਜੇਗਾ, ਮਨ ਭਾਣਾ ਸੌਦਾ ਲੀਜੇਗਾ
ਇਹ ਦੀਨ ਦੁਨੀ ਕਿਸ ਦੀਜੇਗਾ, ਮੁਝੇ ਆਪਣਾ ਦਰਸ ਬਤਾਓਗੇ

ਮੈਨੂੰ ਆਣ ਨਜ਼ਾਰੇ ਤਾਇਆ ਹੈ, ਦੋ ਨੈਣਾਂ ਬਰਖਾ ਲਾਇਆ ਹੈ
ਜੀਵੇਂ ਰੋਜ਼ ਇਨਾਇਤ ਆਇਆ ਹੈ, ਐਵੇਂ ਅਪਣਾ ਆਪ ਜਤਾਓਗੇ

ਬੁੱਲ੍ਹਾ ਸ਼ਹੁ ਨੂੰ ਵੇਖਣ ਜਾਓਗੇ, ਇਨ੍ਹਾਂ ਅੱਖੀਆਂ ਨੂੰ ਸਮਝਾਓਗੇ
ਦੀਦਾਰ ਤਦਾਹੀਂ ਪਾਓਗੇ, ਬਣ ਸ਼ਾਹ ਇਨਾਇਤ ਘਰ ਆਓਗੇ

੪੮

ਕਦੀ ਆ ਮਿਲ ਬਿਰਹੋਂ ਸਤਾਈ ਨੂੰ

ਇਸ਼ਕ ਲੱਗੇ ਤਾਂ ਹੈ ਹੈ ਕੂਕੇਂ, ਤੂੰ ਕੀ ਜਾਣੇ ਪੀੜ ਪਰਾਈ ਨੂੰ

ਜੇ ਕੋਈ ਇਸ਼ਕ ਵਿਹਾਜਿਆ ਲੋੜੇ, ਸਿਰ ਦੇਵੇ ਪਹਿਲੇ ਸਾਈ ਨੂੰ

ਅਮਲਾਂ ਵਾਲੀਆਂ ਲੰਘ ਲੰਘ ਗਈਆਂ, ਸਾਡੀਆਂ ਲੱਜਾਂ ਮਾਹੀ ਨੂੰ

Say, what secret will love ponder? Then what will happen when it decides? When the head has been sacrificed on the gallows, will you later bang the drum?
I have made my heart a kebab. I have turned the liquor of my eyes into wine, my veins into strings, and my bones into a rebeck. What will you call this religion?
What is the point of torment? Deal in what pleases the heart. Who is going to be given this world and the next? Will you show me a vision of yourself?
Your vision has come and set me on fire. My two eyes have created a downpour. Daily you have come as Inayat. Is this how you will make yourself known?
Bullha, when you go to look at the lord, you will make these eyes see properly. It is then that you will obtain a true vision of him. Will you return home as Shah Inayat?

48

Do come someday and meet this wretch who is oppressed by separation.
If you fell in love, you would shriek, “Ah, ah!” What do you know of another’s pain?
If anyone wants to purchase love, he should first give his head as a down payment.
The girls who have acted well have all passed over in turn. It is for the beloved to protect our honor.

ਗ਼ਮ ਦੇ ਵਹਿਣ ਸਿਤਮ ਦੀਆਂ ਕਾਂਗਾਂ, ਕਿਸੇ ਕਾਅਰ ਕਪੜ ਵਿਚ
ਪਾਈ ਨੂੰ

ਮਾਂ ਪਿਓ ਛੱਡ ਸਈਆਂ ਮੈਂ ਭੁਲੀਆਂ, ਬਲਿਹਾਰੀ ਰਾਮ ਦੁਹਾਈ ਨੂੰ

ਬੁੱਲ੍ਹਾ ਸ਼ਹੁ ਦੇ ਇਸ਼ਕ ਖਪਾਈ ਆਂ, ਘੇਰ ਘੁਮਣ ਵਿਚ ਪਾਈ ਨੂੰ

੪੯

ਕਦੀ ਆ ਮਿਲ ਯਾਰ ਪਿਆਰਿਆ, ਤੇਰੀਆਂ ਵਾਟਾਂ ਤੋਂ ਸਿਰ ਵਾਰਿਆ

ਚੜ੍ਹ ਬਾਗ਼ੀਂ ਕੋਇਲ ਕੂਕਦੀ, ਨਿਤ ਸੋਜ਼ੇ ਅਲਮ ਦੇ ਫੂਕਦੀ
ਮੈਨੂੰ ਤਤੜੀ ਕੋ ਸ਼ਾਮ ਵਿਸਾਰਿਆ

ਬੁੱਲ੍ਹਾ ਸ਼ਹੁ ਕਦੀ ਘਰ ਆਸੀ, ਮੇਰੀ ਬਲਦੀ ਭਾਹ ਬੁਝਾਸੀ
ਉਹਦੀ ਵਾਟਾਂ ਤੋਂ ਸਿਰ ਵਾਰਿਆ

੫੦

ਕਦੀ ਮੋੜ ਮੁਹਾਰਾਂ ਢੋਲਿਆ, ਤੇਰੀਆਂ ਵਾਟਾਂ ਤੋਂ ਸਿਰ ਘੋਲਿਆ

ਮੈਂ ਨ੍ਹਾਤੀ ਧੋਤੀ ਰਹਿ ਗਈ, ਕੋਈ ਗੰਢ ਸਜਣ ਦਿਲ ਬਹਿ ਗਈ
ਕੋਈ ਸੁਖ਼ਨ ਅਵੱਲਾ ਬੋਲਿਆ

Currents of pain and waves of cruelty surround this wretch, who has been sucked into the bottom of a whirlpool.[1]
I have left my parents and forgotten my girlfriends. I am sacrificed to the lord, to whom I appeal for justice.
Bullha, I am exhausted by my love for the lord, who has cast me into the whirlpool.

49

Do[1] come someday and meet me,[2] my beloved friend. My head is sacrificed to the roads on which you travel.
The *koil*[3] flies up in the gardens and cries out, exhaling her burning pain. I am wretched, my dark beloved has forgotten me.
Bullha, one day the lord will come home, and he will extinguish the fire that blazes within me. My head is sacrificed to the roads on which he travels.[4]

50

Sometime[1] do turn back your reins, my love. My head is offered to the roads on which you travel.
Freshly washed and bathed, I have been left here. Some knot has settled in my lover's heart. Did I say something inappropriate?

ਬੁੱਲ੍ਹਾ ਸ਼ਹੁ ਕਦੀ ਘਰ ਆਵਸੀ, ਮੇਰੀ ਬਲਦੀ ਭਾਹ ਬੁਝਾਵਸੀ
ਜਿਹਦੇ ਦੁੱਖਾਂ ਨੇ ਮੂੰਹ ਖੋਲ੍ਹਿਆ

੫੧

ਕਪੂਰੀ ਰੇਵੜੀ ਕਿਉਂ ਕਰ ਲੜੇ ਪਤਾਸੇ ਨਾਲ

ਤੇਲ ਤਿਲਾਂ ਦੇ ਲੱਡੂ ਨੇ, ਜਲੇਬੀ ਪਕੜ ਮੰਗਾਈ
ਡਰਦੀ ਨੱਠੀ ਕੰਦ ਸ਼ਕਰ ਤੋਂ, ਮਿਸਰੀ ਨਾਲ ਲੜਾਈ
ਕਾਂ ਲਗੜ ਨੂੰ ਮਾਰਨ ਲੱਗੇ, ਗਦੋਂ ਦੀ ਗਲ੍ਹ ਲਾਲ

ਹੋ ਫਰਿਆਦੀ ਲਖਪਤੀਆਂ ਨੇ, ਲੂਣ ਤੇ ਦਸਤਕ ਲਾਈ
ਗੁਲਗੁਲਿਆਂ ਮਨਸੂਬਾ ਬੱਧਾ, ਪਾਪੜ ਚੋਟ ਚਲਾਈ
ਭੇਡਾਂ ਮਾਰ ਪਲੰਗ ਖਪਾਏ, ਗੁਰਗਾਂ ਬੁਰਾ ਅਹਿਵਾਲ

ਗੁੜ ਦੇ ਲੱਡੂ ਗੁੱਸੇ ਹੋ ਕੇ, ਪੇੜਿਆਂ ਤੇ ਫ਼ਰਿਆਦੀ
ਬਰਫ਼ੀ ਨੂੰ ਕਹੇ ਦਾਲ ਚਨੇ ਦੀ, ਤੂੰ ਹੈਂ ਮੇਰੀ ਬਾਂਦੀ
ਚੜ੍ਹ ਸਹੇ ਸ਼ੀਹਾਂ ਤੇ ਨੱਚਣ, ਵੱਡੀ ਪਈ ਧਮਾਲ

ਸ਼ਕਰ ਖੰਦ ਕਹੇ ਮਿਸਰੀ ਨੂੰ, ਮੇਰੀ ਵੇਖ ਸਫ਼ਾਈ
ਚਿੜਵੇ ਚਨੇ ਇਹ ਕਰਨ ਲੱਗੇ, ਬਦਾਨੇ ਨਾਲ ਲੜਾਈ
ਚੂਹਿਆਂ ਕੰਨ ਬਿੱਲੀ ਦੇ ਕੁਤਰੇ, ਹੋ ਹੋ ਕੇ ਖ਼ੁਸ਼ਹਾਲ

ਬੁੱਲ੍ਹਾ ਸ਼ਹੁ ਹੁਣ ਕਿਆ ਬਤਾਵੇ, ਜੋ ਦਿੱਸੇ ਸੋ ਲੜਦਾ
ਲੱਤ ਬਲੱਤੀ ਗੁੱਤ ਬਗੁੱਤੀ, ਕੋਈ ਨਹੀਂ ਹਥ ਫੜਦਾ
ਵੇਖੋ ਕੇਹੀ ਕਿਆਮਤ ਆਈ, ਆਇਆ ਖਰ ਦੱਜਾਲ

Bullha, one day the lord will come home. He will extinguish the fire that blazes within me, whose pains are ready to devour me.

51

Why[1] does the yellow *revaṛī* fight with the *patāsā*?

The *laḍḍū* made with sesame seeds has arrested the *jalebī*. The *kand* has run in fear from the sugar and fought with the *misrī*. The crow has started killing the hawk, and the donkey's cheek is red.

The millionaires[2] seek justice, and issue a summons on the salt. The *gulgalās* have made a plan and wounded the *pāpaṛ*. The sheep have attacked the leopards and destroyed them, and the wolves are in a sorry state.

The *guṛ* and the *laḍḍū* have got angry and complained against the *peṛās*. The *canā dāl* said to the *barfī*, "You are my slave girl." The rabbits attack and dance upon the lions, and have a merry time.

The *shakar khand* says to the *misrī*, "Look how clean I am." The *ciṛvās* and *canās* have started fighting with the *badānās*. The rats nibble the cat's ears in great delight.

Now what can Bullhe Shah say? Everyone you can see is fighting. Kicking and pulling each other's hair, no one holds another back. Behold the arrival of the day of doom, with Dajjal[3] on his donkey.

੫੨

ਕਰ ਕੱਤਣ ਵੱਲ ਧਿਆਨ ਕੁੜੇ

ਨਿਤ ਮੱਤੀਂ ਦੇਂਦੀ ਮਾਂ ਧੀਆ, ਕਿਉਂ ਫਿਰਨੀਂ ਐਵੇਂ ਅਹਿਦੀਆ
ਨਾ ਸ਼ਰਮ ਹਯਾ ਗਵਾ ਧੀਆ, ਤੂੰ ਕਦੀ ਤਾਂ ਸਮਝ ਨਦਾਨ ਕੁੜੇ

ਚਰਖ਼ਾ ਮੁਫ਼ਤ ਤੇਰੇ ਹੱਥ ਆਇਆ, ਪਲਿਓਂ ਨਹੀਂ ਕੁਝ ਖੋਲ੍ਹ ਗਵਾਇਆ
ਨਹੀਓਂ ਕਦਰ ਮਿਹਨਤ ਦਾ ਪਾਇਆ, ਜਦ ਹੋਇਆ ਕੰਮ ਅਸਾਨ ਕੁੜੇ

ਚਰਖ਼ਾ ਬਣਿਆ ਖ਼ਾਤਰ ਤੇਰੀ, ਖੇਡਣ ਦੀ ਕਰ ਹਿਰਸ ਥੁਰੇੜੀ
ਹੋਣਾ ਨਹੀਓਂ ਹੋਰ ਵਡੇਰੀ, ਮਤ ਕਰ ਕੋਈ ਅਗਿਆਨ ਕੁੜੇ

ਚਰਖ਼ਾ ਤੇਰਾ ਰੰਗ ਰੰਗੀਲਾ, ਰੀਸ ਕਰੇਂਦਾ ਸਭ ਕਬੀਲਾ
ਚਲਦੇ ਚਾਰੇ ਕਰ ਲੈ ਹੀਲਾ, ਹੋ ਘਰ ਦੇ ਵਿਚ ਅਵਾਦਾਨ ਕੁੜੇ

ਇਸ ਚਰਖ਼ੇ ਦੀ ਕੀਮਤ ਭਾਰੀ, ਤੂੰ ਕੀ ਜਾਣੇਂ ਕਦਰ ਗਵਾਰੀ
ਉੱਚੀ ਨਜ਼ਰ ਫਿਰੇ ਹੰਕਾਰੀ, ਵਿਚ ਅਪਣੇ ਸ਼ਾਨ ਗੁਮਾਨ ਕੁੜੇ

ਮੈਂ ਕੂਕਾਂ ਕਰ ਖਲੀਆਂ ਬਾਹੀਂ, ਗ਼ਾਫ਼ਲ ਸਮਝ ਕਦਾਹੀਂ
ਐਸਾ ਚਰਖ਼ਾ ਘੜਨਾ ਨਾਹੀਂ, ਫੇਰ ਕਿਸੇ ਤਰਖ਼ਾਣ ਕੁੜੇ

ਇਹ ਚਰਖ਼ਾ ਤੂੰ ਕਿਉਂ ਗਵਾਇਆ, ਕਿਉਂ ਤੂੰ ਖੇਹ ਦੇ ਵਿਚ ਰੁਲਾਇਆ
ਜਦ ਦਾ ਹੱਥ ਤੇਰੇ ਇਹ ਆਇਆ, ਤੂੰ ਕਦੇ ਨਾ ਡਾਹਿਆ ਆਣ ਕੁੜੇ

52

Pay[1] attention to your spinning, my girl.
Your mother is always admonishing you: Daughter, why are you idly wandering about, you lazy thing? Do not destroy your honor and reputation, daughter. Do have some sense, you ignorant girl.
You got your spinning wheel for nothing. You did not have to use any of your own money on it. You have not realized the value of hard work, when the work has proved easy, my girl.
The spinning wheel was made for you. Do not be so keen to play. You are not going to be growing up anymore, so come to your senses, you ignorant girl.
Your spinning wheel is brightly colored; the whole clan is envious of it. Work as hard as you can and do well in the house, my girl.
This spinning wheel has a high price, but what do you know of its value, you peasant? You look down at everyone as you strut about filled with arrogance, being proud of your status, my girl.
I stand with arms outstretched and cry: Will you ever come to your senses, you heedless one? No carpenter is ever going to make you another spinning wheel like this one, my girl.
Why have you spoiled this spinning wheel? Why have you let it lie in the dust? Ever since you have had it, you have never come to set it up, my girl.

ਨਿਤ ਮੱਤੀਂ ਦਿਆਂ ਵਲੱਲੀ ਨੂੰ, ਇਸ ਭੋਲੀ ਕਮਲੀ ਝੱਲੀ ਨੂੰ
ਜਦ ਪਾਵੇਗਾ ਵਕ਼ਤ ਇਕੱਲੀ ਨੂੰ, ਤਦ ਹਾਏ ਹਾਏ ਕਰਸੀ ਜਾਨ ਕੁੜੇ

ਮੁੱਢੋਂ ਦੀ ਤੂੰ ਰਿਜ਼ਕ ਵਿਹੂਣੀ, ਗੋਹੜਿਓਂ ਨਾ ਤੂੰ ਕੱਤੀ ਪੂਣੀ
ਹੁਣ ਕਿਉਂ ਫਿਰਨੀ ਏਂ ਨਿੰਮੋਝੂਣੀ, ਕਿਸ ਦਾ ਕਰੇਂ ਗੁਮਾਨ ਕੁੜੇ

ਨਾ ਤਕਲਾ ਰਾਸ ਕਰਾਵੇਂ ਤੂੰ, ਨਾ ਬਾਇੜ ਮਾਲ੍ਹ ਪਵਾਵੇਂ ਤੂੰ
ਕਿਉਂ ਘੜੀ ਮੁੜੀ ਚਰਖ਼ਾ ਚਾਵੇਂ ਤੂੰ, ਤੂੰ ਕਰਨੀ ਏਂ ਅਪਣਾ ਜ਼ਿਆਨ ਕੁੜੇ

ਡਿੰਗਾ ਤਕਲਾ ਰਾਸ ਕਰਾ ਲੈ, ਨਾਲ ਸ਼ਤਾਬੀ ਬਾਇੜ ਪਵਾ ਲੈ
ਜਿਉਂਕਰ ਵੱਗੇ ਤਿਵੇਂ ਵਗਾ ਲੈ, ਮਤ ਕਰ ਕੋਈ ਅਗਿਆਨ ਕੁੜੇ

ਅੱਜ ਘਰ ਵਿਚ ਨਵੀਂ ਕਪਾਹ ਕੁੜੇ, ਤੂੰ ਝਬ ਝਬ ਵੇਲਣ ਡਾਹ ਕੁੜੇ
ਰੂੰ ਵੇਲ ਪਿੰਜਾਵਣ ਜਾਹ ਕੁੜੇ, ਮੁੜ ਕੱਲ੍ਹ ਨਾ ਤੇਰਾ ਜਾਣ ਕੁੜੇ

ਜਦ ਰੂੰ ਪਿੰਜਾ ਲਿਆਵੇਂਗੀ, ਸਈਆਂ ਵਿਚ ਪੂਣੀਆਂ ਪਾਵੇਂਗੀ
ਮੁੜ ਆਪੇ ਹੀ ਪਈ ਭਾਵੇਂਗੀ, ਵਿਚ ਸਾਰੇ ਜਗ ਜਹਾਨ ਕੁੜੇ

ਤੇਰੇ ਨਾਲ ਦੀਆਂ ਸਭ ਸਈਆਂ ਨੀ, ਕਤ ਪੂਣੀਆਂ ਸਭਨਾਂ ਲਈਆਂ ਨੀ
ਤੈਨੂੰ ਬੈਠੀ ਨੂੰ ਪਿੱਛੇ ਪਈਆਂ ਨੀ, ਕਿਉਂ ਬੈਠੀ ਏਂ ਤੂੰ ਹੈਰਾਨ ਕੁੜੇ

ਦੀਵਾ ਆਪਣੇ ਪਾਸ ਜਗਾਵੀਂ, ਕਤ ਕਤ ਸੂਤ ਭਰੋਟੇ ਪਾਵੀਂ
ਅੱਖੀਂ ਵਿਚੋਂ ਰਾਤ ਲੰਘਾਵੀਂ, ਔਖੀ ਕਰਕੇ ਜਾਨ ਕੁੜੇ

I am always telling this half-witted, simple, mad, and crazy girl: When you are all alone and bad times come, your soul will cry "Alas, alas," my girl.
From the outset you have been without anything to live by. You have not spun cotton rolls from the bunches of yarn. Why do you go around now looking sad, and what are you so proud of, my girl?
You do not set the spindle straight, nor do you set up the connecting string and the driving band. Why do you keep packing the spinning wheel away all the time? You are bringing about your own ruin, my girl.
Set the twisted spindle straight, and quickly set up the connecting string. Keep it moving naturally; do not do anything stupid, my girl.
Today there is a fresh lot of raw cotton in the house, my girl. Quickly start to roll it, my girl. Once it is rolled, go to get it carded, my girl. You will not get to return to it tomorrow, my girl.
When you bring the carded cotton, you will put the cotton rolls on the wheel with your friends. Then you will be the one who is popular throughout the whole world, my girl.
All the girls who are your companions have spun their cotton rolls.[2] As you sit there, they come for you, asking: Why are you sitting in such a daze, my girl?
Light a lamp beside you. Keep spinning and putting the hanks in the basket. Let night pass before your eyes, and do not take things easy, my girl.

ਇਹ ਪੇਕਾ ਰਾਜ ਦਿਨ ਚਾਰ ਕੁੜੇ, ਨਾ ਖੇਡੋ ਖੇਡ ਗੁਜ਼ਾਰ ਕੁੜੇ
ਨਾ ਰਹੁ ਵਿਹਲੀ ਕਰ ਕਾਰ ਕੁੜੇ, ਘਰ ਬਾਰ ਨਾ ਕਰ ਵੀਰਾਨ ਕੁੜੇ

ਤੂੰ ਸੁੱਤਿਆਂ ਰੈਣ ਗੁਜ਼ਾਰ ਨਹੀਂ, ਮੁੜ ਆਉਣਾ ਦੂਜੀ ਵਾਰ ਨਹੀਂ
ਫਿਰ ਬਹਿਣਾ ਏਸ ਭੰਡਾਰ ਨਹੀਂ, ਵਿਚ ਇਕੋ ਜੇਡੇ ਹਾਣ ਕੁੜੇ

ਤੂੰ ਸਦਾ ਨਾ ਪੇਕੇ ਰਹਿਣਾ ਏ, ਨਾ ਪਾਸ ਅੰਬੜੀ ਦੇ ਬਹਿਣਾ ਏ
ਭਾ ਅੰਤ ਵਿਛੋੜਾ ਸਹਿਣਾ ਏ, ਵੱਸ ਪਏਂਗੀ ਸੱਸ ਨਨਾਣ ਕੁੜੇ

ਕੱਤ ਲੈ ਨੀ ਕੁਝ ਕਤਾ ਲੈ ਨੀ, ਹੁਣ ਤਾਣੀ ਤੰਦ ਉਣਾ ਲੈ ਨੀ
ਤੂੰ ਅਪਣਾ ਦਾਜ ਰੰਗਾ ਲੈ ਨੀ, ਤੂੰ ਤਦ ਹੋਵੇਂ ਪਰਧਾਨ ਕੁੜੇ

ਜਦ ਘਰ ਬੇਗਾਨੇ ਜਾਵੇਂਗੀ, ਮੁੜ ਵੱਤ ਨਾ ਓਥੋਂ ਆਵੇਂਗੀ
ਓਥੇ ਜਾ ਕੇ ਪੱਛੋਤਾਵੇਂਗੀ, ਕੁਝ ਅਗਦੋਂ ਕਰ ਸਮਿਆਨ ਕੁੜੇ

ਅੱਜ ਐਡਾ ਤੇਰਾ ਕੰਮ ਕੁੜੇ, ਕਿਉਂ ਹੋਈਂ ਏਂ ਬੇਗ਼ਮ ਕੁੜੇ
ਕੀ ਕਰ ਲੈਣਾ ਇਸ ਦਮ ਕੁੜੇ, ਜਦ ਘਰ ਆਏ ਮਹਿਮਾਨ ਕੁੜੇ

ਜਦ ਸਭ ਸਈਆਂ ਟੁਰ ਜਾਉਣਗੀਆਂ, ਫਿਰ ਓਥੇ ਮੂਲ ਨਾ ਆਉਣਗੀਆਂ
ਆ ਚਰਖ਼ੇ ਮੂਲ ਨਾ ਡਾਹੁਣਗੀਆਂ, ਤੇਰਾ ਤ੍ਰਿੰਜਣ ਪਿਆ ਵੀਰਾਨ ਕੁੜੇ

ਕਰ ਮਾਣ ਨਾ ਹੁਸਨ ਜਵਾਨੀ ਦਾ, ਪਰਦੇਸ ਨਾ ਰਹਿਣ ਸੈਲਾਨੀ ਦਾ
ਕੋਈ ਦੁਨੀਆਂ ਝੂਠੀ ਫ਼ਾਨੀ ਦਾ, ਨਾ ਰਹਿਸੀ ਨਾਮ ਨਿਸ਼ਾਨ ਕੁੜੇ

You get just a few days to lord it in your father's house,
my girl. Do not spend your time playing about, my
girl. Do not remain idle but do something, my girl.
Do not ruin your family, my girl.
Do not spend the night asleep. You are not going to come
back a second time. You are not going to sit in this
company again among your age-mates, my girl.
You are not going to remain in your father's house forever.
You are not going to sit beside your dear mother. In
the end you must endure separation from them, and
you will come under the authority of your husband's
mother and sisters, my girl.
Spin, and have it spun. Have the thread woven in the
warp. Have your dowry clothes dyed; then you will be
respected, my girl.
When you go to that house of strangers, you will never
return from there again. When you arrive there, you
will be sorry. Get your things ready in advance, my
girl.
Today you have so much work to do, my girl. Why have
you become so unconcerned, my girl? What will you
do at that moment, when the guests come to the
house, my girl?
When all your girlfriends leave, they will certainly not
come there again. They will never come to set up their
spinning wheels. Your spinning party will be deserted,
my girl.
Do not be proud of your beauty and youth. Travelers do
not remain in a foreign country. No name or mark of
this false and transitory world will remain, my girl.

ਇਕ ਔਖਾ ਵੇਲਾ ਆਵੇਗਾ, ਸਭ ਸਾਕ ਸੈਣ ਭਜ ਜਾਵੇਗਾ
ਕਰ ਮੱਦਦ ਪਾਰ ਲੰਘਾਵੇਗਾ, ਉਹ ਬੁਲ੍ਹੇ ਦਾ ਸੁਲਤਾਨ ਕੁੜੇ

੫੩

ਕਿਉਂ ਓਹਲੇ ਬਹਿ ਬਹਿ ਝਾਕੀਦਾ, ਇਹ ਪਰਦਾ ਕਿਸ ਤੋਂ ਰਾਖੀਦਾ

ਕਾਰਨ ਪੀਤ ਮੀਤ ਬਣ ਆਇਆ, ਮੀਮ ਦਾ ਘੁੰਘਟ ਮੁੱਖ ਪਰ ਪਾਇਆ
ਅਹਦ ਤੇ ਅਹਿਮਦ ਨਾਮ ਧਰਾਇਆ, ਸਿਰ ਛਤਰ ਝੁੱਲੇ 'ਲੌਲਾਕੀ' ਦਾ

ਤੁਸੀਂ ਆਪੇ ਆਪ ਹੀ ਸਾਰੇ ਹੋ, ਕਿਉਂ ਕਹਿੰਦੇ ਅਸੀਂ ਨਿਆਰੇ ਹੋ
ਆਏ ਅਪਣੇ ਆਪ ਨਜ਼ਾਰੇ ਹੋ, ਵਿਚ ਬਰਜ਼ਖ਼ ਰਖਿਆ ਖ਼ਾਕੀ ਦਾ

ਤੁਧ ਬਾਝੋਂ ਦੂਜਾ ਕਿਹੜਾ ਹੈ, ਕਿਉਂ ਪਾਇਆ ਉਲਟਾ ਝੇੜਾ ਹੈ
ਇਹ ਡਿਠਾ ਬੜਾ ਅੰਧੇਰਾ ਹੈ, ਹੁਣ ਆਪ ਨੂੰ ਆਪੇ ਆਖੀਦਾ

ਕਿਤੇ ਰੂਮੀ ਹੋ ਕਿਤੇ ਸ਼ਾਮੀ ਹੋ, ਕਿਤੇ ਸਾਹਿਬ ਕਿਤੇ ਗ਼ੁਲਾਮੀ ਹੋ
ਤੁਸੀਂ ਆਪੇ ਆਪ ਤਮਾਮੀ ਹੋ, ਕਹੂੰ ਖੋਟਾ ਖਰਾ ਸੁਲਾਖੀਦਾ

ਜਿਸ ਤਨ ਵਿਚ ਇਸ਼ਕ ਦਾ ਜੋਸ਼ ਹੋਇਆ, ਉਹ ਬੇਖ਼ੁਦ ਹੋ ਬੇਹੋਸ਼ ਹੋਇਆ
ਉਹ ਕਿਉਂ ਕਰ ਰਹੇ ਖ਼ਮੋਸ਼ ਹੋਇਆ, ਜਿਸ ਪਿਆਲਾ ਪੀਤਾ ਸਾਕੀ ਦਾ

ਤੁਸੀਂ ਆਪ ਅਸਾਂ ਵਲ ਧਾਏ ਜੀ, ਕਦ ਰਹਿੰਦੇ ਛੁਪੇ ਛੁਪਾਏ ਜੀ
ਤੁਸੀਂ ਸ਼ਾਹ ਇਨਾਇਤ ਬਣ ਆਏ ਜੀ, ਹੁਣ ਲਾ ਲਾ ਨੈਣ ਝੁਮਾਕੀਦਾ

A difficult time will come. All your family and kin will flee. The one who will come to your aid and get you across is Bullha's sovereign,[3] my girl.

53

Why do you sit in concealment and peep out? Who are you veiling yourself from?
You came for the sake of love, turning yourself into someone to love. You placed the veil of *mīm* over your face, and from Ahad you made your name Ahmad.[1] The royal umbrella of *If it were not for you*[2] sways over your head.
You yourself are all things, so why do you say you are separate? You have come as your own spectacle, interposing the dividing line of earthliness.[3]
Apart from you, who else is there? Why have you created this futile dispute? You saw a great darkness; now you call yourself yourself.
Sometimes you are a Turk, sometimes a Syrian,[4] sometimes the master, sometimes the slave. You yourself embrace entirety, irrespective of the appearance of things being false or true.
The body that is filled with the passion of love loses self and consciousness. How can someone who has drunk from the cupbearer's[5] goblet remain silent?
You were the one who rushed at us; when did you ever remain hidden? You have come as Shah Inayat. Now keep your eyes fixed on us.

ਬੁੱਲ੍ਹੇ ਸ਼ਾਹ ਤਨ ਭਾਠੀ ਕਰ, ਅਗ ਬਾਲ ਹਡਾਂ ਤਨ ਮਾਟੀ ਕਰ
ਇਹ ਸ਼ੌਂਕ ਮੁਹੱਬਤ ਬਾਟੀ ਕਰ, ਇਹ ਮਧਵਾ ਇਸ ਬਿਧ ਛਾਕੀਦਾ

੫੪

ਕਿਉਂ ਲੜਨਾ ਹੈਂ ਕਿਉਂ ਲੜਨਾ ਹੈਂ ਗ਼ੈਰ ਗੁਨਾਹੇ

'ਲਾ ਤਤਹੱਰਕੁ' ਖ਼ੁਦ ਲਿਖਿਓ ਈ, ਕਿਸ ਨੂੰ ਦੇਨਾ ਏਂ ਫਾਹੇ

ਸ਼ਰ੍ਹਾ ਤੇ ਅਹਿਲ ਕੁਰਆਨ ਭੀ ਆਹੇ, ਅਸੀਂ ਅੱਗੇ ਸੱਦੇ ਆਏ

'ਅਲਸਤੁ ਬਿਰੱਬਿਕੁਮ' ਵਾਰਦ ਹੋਇਆ, 'ਕਾਲੂ ਬਲਾ' ਧੁੰਮ ਪਾਏ

'ਕੁਨ ਫ਼ਯਕੂਨ' ਆਵਾਜ਼ਾ ਹੋਇਆ, ਤਦਾਂ ਅਸੀਂ ਭੀ ਕੋਲੇ ਆਹੇ

ਲੱਜ਼ਤ ਮਾਰ ਦਿਵਾਨੇ ਕੀਤੇ, ਨਹੀਂ ਜ਼ਾਤੇ ਅਸਲੀ ਆਹੇ

੫੫

ਕਿਹਨੂੰ ਲਾਮਕਾਨੀ ਦਸਦੇ ਹੋ, ਤੁਸੀਂ ਹਰ ਰੰਗ ਦੇ ਵਿਚ ਵਸਦੇ ਹੋ

'ਕੁਨ' ਕਹਿਓ 'ਫ਼ਯਕੂਨ' ਕਹਾਇਓ, ਤੈਂ ਬਾਝੋਂ ਹੋਰ ਕਿਹੜਾ ਆਇਓ
ਇਸ਼ਕੋਂ ਸਭ ਜ਼ਹੂਰ ਬਣਾਇਓ, ਆਸ਼ਕ ਹੋ ਕੇ ਵਸਦੇ ਹੋ

Bullhe Shah, make your body a furnace, burn your bones in the fire, and turn your body into dust. Make this love and desire your food for the journey; this is how to taste this wine.

54

Why do you dispute, why do you dispute with us over another's sin?[1]
You were the one who wrote *You do not move.*[2] So who are you causing to be hanged?
There was the law and the followers of the Qur'an, but we were called before they were.
Am I not your lord?[3] was revealed, and up went the loud cry *They said, "Yes."*
When *Let it be, and it was*[4] was proclaimed, we too were there.
Inflicting ecstasy, he has driven us mad; otherwise we should have retained our original nature.

55

Whom do you describe as infinite? You dwell in every color.
You are the one who said *Let it be,* and caused *as it was* to be said.[1] Who came but you? From love you created the manifest world, where you dwell as your lover.[2]

ਪੁੱਛੋ ਆਦਮ ਕਿਸ ਨੇ ਆਂਦਾ ਏ, ਕਿਥੋਂ ਆਇਆ ਕਿਥੇ ਜਾਂਦਾ ਏ
ਓਥੇ ਕਿਸ ਦਾ ਤੈਨੂੰ ਲਾਂਝਾ ਏ, ਓਥੇ ਖਾ ਦਾਣਾ ਉੱਠ ਨਸਦੇ ਹੋ

ਆਪੇ ਸੁਣੇਂ ਤੇ ਆਪ ਸੁਣਾਵੇਂ, ਆਪੇ ਗਾਵੇਂ ਆਪ ਬਜਾਵੇਂ
ਹੱਥੋਂ ਕੌਲ ਸਰੂਦ ਸੁਣਾਵੇਂ, ਕਿਤੇ ਜਾਹਲ ਹੋ ਕੇ ਨਸਦੇ ਹੋ

ਤੇਰੀ ਵਹਦਤ ਤੂਹੇਂ ਬੁਝਾਵੇਂ, 'ਅਨਲਹੱਕ' ਦੀ ਤਾਰ ਹਿਲਾਵੇਂ
ਸੂਲੀ ਤੇ ਮਨਸੂਰ ਚੜ੍ਹਾਵੇਂ, ਓਥੇ ਕੋਲ ਖਲੋ ਕੇ ਹਸਦੇ ਹੋ

ਜਿਵੇਂ ਸਿਕੰਦਰ ਤਰਫ਼ ਨੁਸ਼ਾਬਾਂ, ਹੋ ਰਸੂਲ ਲੈ ਆਇਆ ਕਿਤਾਬਾਂ
ਯੂਸਫ਼ ਹੋ ਕੇ ਅੰਦਰ ਖ਼ਾਬਾਂ, ਜ਼ੁਲੈਖ਼ਾ ਦਾ ਦਿਲ ਖਸਦੇ ਹੋ

ਕਿਤੇ ਰੂਮੀ ਹੋ ਕਿਤੇ ਜ਼ੰਗੀ ਹੋ, ਕਿਤੇ ਟੋਪੀ ਪੋਸ਼ ਫਰੰਗੀ ਹੋ
ਕਿਤੇ ਮੈਖ਼ਾਨੇ ਵਿਚ ਭੰਗੀ ਹੋ, ਕਿਤੇ ਮਿਹਰ ਮਿਹਰੀ ਬਣ ਵਸਦੇ ਹੋ

ਬੁੱਲ੍ਹਾ ਸ਼ਹੁ ਇਨਾਇਤ ਆਰਫ਼ ਹੈ, ਉਹ ਦਿਲ ਮੇਰੇ ਦਾ ਵਾਰਸ ਏ
ਮੈਂ ਲੋਹਾ ਤੇ ਉਹ ਪਾਰਸ ਹੈ, ਤੁਸੀਂ ਓਸੇ ਦੇ ਸੰਗ ਖਸਦੇ ਹੋ

੫੬

ਕੀ ਕਰਦਾ ਨੀ ਕੀ ਕਰਦਾ ਨੀ, ਕੋਈ ਪੁੱਛੋ ਖਾਂ ਦਿਲਬਰ ਕੀ ਕਰਦਾ

ਇਕਸੇ ਘਰ ਵਿਚ ਵਸਦਿਆਂ ਰਸਦਿਆਂ, ਨਹੀਂ ਹੁੰਦਾ ਵਿਚ ਪਰਦਾ

Ask Adam this: Who brought him, where did he come from, and where does he go? Whom did he deal with there, when he ate the grain[3] and ran away?
You are the one who listens and the one who tells. You are the one who sings and the one who plays. You made the melody of the word sound from his hand, then as the ignorant one[4] you fled.
Unity is yours and you are the one who makes it understood. You play the string of *I am God.*[5] You made Mansur mount the gallows, while you stood around and laughed.[6]
Like Sikandar coming to Nushaba,[7] you come as the Apostle with the scriptures. As Yusuf in her dreams,[8] you steal the heart of Zulaikha.
Now you are a Greek, now you are an African, now you are a European in a hat. Now you are a hashish addict in the tavern, now you live comfortably as a respectable married couple.
Bullha, Shah Inayat is a master mystic, he is the lord of my heart. I am iron and he is the philosopher's stone.[9] You snatch hold of me and make us touch.

56

What is he doing, what is he doing? Someone should ask what the beloved is doing.
Those who live happily together in one house do not need a screen between them.

ਵਿਚ ਮਸੀਤ ਨਮਾਜ਼ ਗੁਜ਼ਾਰੇ, ਬੁਤਖ਼ਾਨੇ ਜਾ ਵੜਦਾ

ਆਪ ਇੱਕੋ ਕਈ ਲੱਖ ਘਰਾਂ ਦੇ, ਮਾਲਕ ਇਹ ਘਰ ਘਰ ਦਾ

ਜਿਤ ਵਲ ਵੇਖਾਂ ਉਤ ਵਲ ਓਹੋ, ਹਰ ਦੀ ਸੰਗਤ ਕਰਦਾ

ਮੂਸਾ ਤੇ ਫ਼ਰਔਨ ਬਣਾ ਕੇ, ਦੋ ਹੋ ਕੇ ਕਿਉਂ ਲੜਦਾ

ਹਾਜ਼ਰ ਨਾਜ਼ਰ ਓਹੋ ਹਰ ਥਾਂ, ਸੂਚਕ[੧] ਕਿਸ ਨੂੰ ਖੜਦਾ

ਐਸੀ ਨਾਜ਼ੁਕ ਬਾਤ ਕਿਉਂ ਕਹਿੰਦਾ, ਨਾ ਕਹਿ ਸਕਦਾ ਨਾ ਜਰਦਾ

ਇਤ ਵੱਲ ਆਪੇ ਉਤ ਵੱਲ ਆਪੇ, ਆਪੇ ਸਾਹਿਬ ਬਰਦਾ

ਵਹਦਤ ਦਾ ਦਰਿਆ ਸਚਾਵਾਂ, ਓਥੇ ਦਿੱਸੇ ਹਰ ਕੋਈ ਤਰਦਾ

ਬੁੱਲ੍ਹਾ ਸ਼ਹੁ ਦਾ ਇਸ਼ਕ ਬਘੇਲਾ, ਰੱਤ ਪੀਦਾਂ ਗੋਸ਼ਤ ਚਰਦਾ

੫੭

ਕੀ ਕਰਦਾ ਬੇਪਰਵਾਹੀ ਜੇ

'ਕੁਨ' ਕਿਹਾ 'ਫ਼ਯਕੂਨ' ਕਹਾਇਆ, ਬਾਤਨ ਜ਼ਾਹਰ ਦੇ ਵਲ ਆਇਆ
ਬੇਚੂਨੀ ਦਾ ਚੂੰਨ ਬਣਾਇਆ, ਬਿਖੜੀ ਖੇਡ ਮਚਾਈ ਜੇ

ਸਿਰ ਮੁਖ਼ਫ਼ੀ ਦਾ ਜਿਸ ਦਮ ਬੋਲਾ, ਘੁੰਘਟ ਅਪਨੇ ਮੂੰਹ ਸੇ ਖੋਲਾ
ਹੁਣ ਕਿਉਂ ਕਰਦਾ ਸਾਥੋਂ ਓਹਲਾ, ਸਭ ਵਿਚ ਹਕੀਕਤ ਆਈ ਜੇ

He performs the prayer in the mosque, he goes into the idol temple.
There is just one of him and many hundreds of thousands of houses, but he is the master of every house.
Wherever I look, there is only him. He keeps company with everyone.
He created Moses and Pharaoh.[1] Why does he turn himself into two and fight?
Present and seeing, only he exists everywhere. Who does the informer seize?
How can I tell such a sensitive secret? I cannot utter it, nor can I bear it.
On this side and that side there is only him. He is the master and the slave.
The river of unity is true. Everyone can be seen swimming there.
Bullha, love for the lord is a young tiger. It drinks blood and it eats flesh.

57

What is this nonchalance he practices?
He said *Let it be* and made them say *and it was.*[1] The hidden proceeded to the manifest. He fashioned form from formlessness and set up a complex game.
At the moment he spoke of the hidden secret,[2] he removed the veil from his face. Now why does he conceal himself from us? True reality has entered everything.

'ਕੱਰਮਨਾ ਬਨੀ ਆਦਮ' ਕਿਹਾ, ਕੋਈ ਨਾ ਕੀਤਾ ਤੇਰੇ ਜਿਹਾ
ਸ਼ਾਨ ਬਜ਼ੁਰਗੀ ਦੇ ਸੰਗ ਇਹਾ, ਡਫ਼ਲੀ ਖ਼ੂਬ ਵਜਾਈ ਜੇ

ਆਪੇ ਬੇਪਰਵਾਹੀਆਂ ਕਰਦੇ, ਅਪਣੇ ਆਪ ਸੇ ਆਪੇ ਡਰਦੇ
ਰਿਹਾ ਸਮਾ ਵਿਚ ਹਰ ਹਰ ਘਰ ਦੇ, ਭੁੱਲੀ ਫਿਰੇ ਲੁਕਾਈ ਜੇ

ਚੇਟਕ ਲਾ ਦੀਵਾਨਾ ਹੋਇਆ, ਲੈਲਾ ਬਣ ਕੇ ਮਜਨੂੰ ਮੋਹਿਆ
ਆਪੇ ਰੋਇਆ ਆਪੇ ਧੋਇਆ, ਕੇਹੀ ਕੀਤੀ ਅਸ਼ਨਾਈ ਜੇ

ਆਪੇ ਹੈਂ ਤੂੰ ਸਾਜਨ ਸਈਆਂ, ਅਕਲ ਦਲੀਲਾਂ ਸਭ ਉਠ ਗਈਆਂ
ਬੁੱਲ੍ਹਾ ਸ਼ਹੁ ਨੇ ਖ਼ੁਸ਼ੀਆ ਲਈਆਂ, ਹੁਣ ਕਰਦਾ ਕਿਉਂ ਜੁਦਾਈ ਜੇ

੫੮

ਕੀ ਜਾਣਾਂ ਮੈਂ ਕੋਈ ਵੇ ਅੜਿਆ, ਕੀ ਜਾਣਾ ਮੈਂ ਕੋਈ

ਜੋ ਕੋਈ ਅੰਦਰ ਬੋਲੇ ਚਾਲੇ, ਜ਼ਾਤ ਅਸਾਡੀ ਸੋਈ
ਜਿਸ ਦੇ ਨਾਲ ਮੈਂ ਨੇਹੁੰ ਲਗਾਇਆ, ਉਹੋ ਜੇਹੀ ਹੋਈ

ਚਿੱਟੀ ਚਾਦਰ ਲਾਹ ਸੁੱਟ ਕੁੜੀਏ, ਪਹਿਨ ਫ਼ਕੀਰਾਂ ਲੋਈ
ਚਿੱਟੀ ਚਾਦਰ ਦਾਗ਼ ਹਜ਼ਾਰਾਂ, ਲੋਈ ਨੂੰ ਦਾਗ਼ ਨਾ ਕੋਈ

ਅਲਫ਼ ਪਛਾਤਾ ਬੇ ਪਛਾਤੀ, ਤੇ ਤਲਾਵਤ ਹੋਈ
ਸੀਨ ਪਛਾਤਾ ਸ਼ੀਨ ਪਛਾਤਾ, ਸਾਦਕ ਸਾਬਰ ਹੋਈ

We have honored the sons of Adam,[3] for no one like you has been made. Such is the glory that goes with greatness; the drum was properly beaten.[4]

He is the one who acts nonchalantly, he is the one who is afraid of himself. He is present in every house, while people roam in confusion.

He displayed his charms and he became mad. He became Laila to make Majnun[5] fall in love. He was the one who wept, he was the one who wailed. What a wonderful kind of love he made.

You yourself are the beloved and the girls. All reason and logic have vanished. Bullha, the lord has taken away joys; why does he now inflict separation?

58

What[1] do I know of anyone, my friend, what do I know of anyone?

Whoever speaks and moves inside us is our essential being. I have become identical with the one I fell in love with.

Get rid of your white shawl, girl, and put on the fakirs' blanket. The white shawl will get covered with stains, but there is no stain on the blanket.[2]

I recognized *alif,*[3] I recognized *be,* then *te* began my scriptural recitation. I recognized *sīn,*[4] I recognized *shīn,* then I became sincere and patient.

ਕੂ ਕੂ ਕਰਦੀ ਕੁਮਰੀ ਆਹੀ, ਗਲ ਵਿਚ ਤੌਕ ਪਿਓਈ
ਬੱਸ ਨਾ ਕਰਦੀ ਕੂ ਕੂ ਕੋਲੋਂ, ਕੂ ਕੂ ਅੰਦਰ ਮੋਈ

ਜੋ ਕੁਝ ਕਰਸੀ ਅੱਲ੍ਹਾ ਭਾਣਾ, ਕਿਆ ਕੁਝ ਕਰਸੀ ਕੋਈ
ਜੋ ਕੁਝ ਲੇਖ ਮੱਥੇ ਦਾ ਲਿਖਿਆ, ਮੈਂ ਉਸ ਤੇ ਸ਼ਾਕਰ ਹੋਈ

ਆਸ਼ਕ ਬਕਰੀ ਮਾਸ਼ੂਕ ਕਸਾਈ, ਮੈਂ ਮੈਂ ਕਰਦੀ ਕੋਹੀ
ਜਿਉਂ ਜਿਉਂ ਮੈਂ ਮੈਂ ਬਹੁਤਾ ਕਰਦੀ, ਤਿਉਂ ਤਿਉਂ ਮੋਈ ਮੋਈ

ਬੁੱਲ੍ਹਾ ਸ਼ਹੁ ਇਨਾਇਤ ਕਰਕੇ, ਸ਼ੌਕ ਸ਼ਰਾਬ ਦਿਤੋਈ
ਭਲਾ ਹੋਇਆ ਅਸੀਂ ਦੂਰੋਂ ਛੁੱਟੇ, ਨੇੜੇ ਆਣ ਲੱਧੋਈ

੫੯

ਕੀ ਬੇਦਰਦਾਂ ਦੇ ਸੰਗ ਯਾਰੀ, ਰੋਵਣ ਅੱਖੀਆਂ ਜ਼ਾਰੋ ਜ਼ਾਰੀ

ਸਾਨੂੰ ਗਏ ਬੇਦਰਦੀ ਛੱਡ ਕੇ, ਸੀਨੇ ਸਾਂਗ ਹਿਜਰ ਦੀ ਗੱਡ ਕੇ
ਜਿਸਮੋਂ ਜਿੰਦ ਨੂੰ ਲੈ ਗਏ ਕੱਢ ਕੇ, ਇਹ ਗੱਲ ਕਰ ਗਏ ਹੈਂਸਿਆਰੀ

ਬੇਦਰਦਾਂ ਦਾ ਕੀ ਭਰਵਾਸਾ, ਖ਼ੌਫ਼ ਨਹੀਂ ਦਿਲ ਅੰਦਰ ਮਾਸਾ
ਚਿੜੀਆਂ ਮੌਤ ਗਵਾਰਾਂ ਹਾਸਾ, ਮਗਰੋਂ ਹਸ ਹਸ ਤਾੜੀ ਮਾਰੀ

ਆਵਣ ਕਹਿ ਗਏ ਫੇਰ ਨਾ ਆਏ, ਆਵਣ ਦੇ ਸਭ ਕੌਲ ਭੁਲਾਏ
ਮੈਂ ਭੁੱਲੀ ਭੁਲ ਨੈਣ ਲਗਾਏ, ਕੇਹੇ ਮਿਲੇ ਸਾਨੂੰ ਠੱਗ ਬਪਾਰੀ

"Coo, coo," said the turtledove, with your ring around its neck.[5] Its cooing never stops. It was still busy cooing when it died.

Whatever he does, it is God's will; what can anyone do by himself? I am grateful for whatever fate is written on my forehead.

The lover is the goat and the beloved is the butcher. Saying "Me, me,"[6] it is slaughtered. The more it says "Me, me," the deader it is.

Bullha, the lord in his grace[7] gave me the wine of passion. It is good that we have been set free from distant separation and that you have come near and found us.

59

With those who are cruel, what love is possible? My eyes are weeping bitterly.

The cruel ones abandoned us and went away, transfixing our breast with the spear of separation and removing the life from our body. This is what those murderers did.

What trust can be placed in the cruel, who do not have an ounce of fear in their hearts? The death of birds is a joke to peasants; afterward they laugh and clap their hands.

They said they would come but did not, forgetting all their promises of coming. I wander lost but have fixed my eyes on them. How will I get to see those robber traders?

੫ ਬੁੱਲ੍ਹੇ ਸ਼ਾਹ ਇਕ ਸੌਦਾ ਕੀਤਾ, ਪੀਤਾ ਜ਼ਹਿਰ ਪਿਆਲਾ ਪੀਤਾ
ਨਾ ਕੁਝ ਨਫ਼ਾ ਨਾ ਟੋਟਾ ਲੀਤਾ, ਦਰਦ ਦੁਖਾਂ ਦੀ ਗਠੜੀ ਭਾਰੀ

੯੦

ਕੇਹੇ ਲਾਰੇ ਦੇਨਾਂ ਏਂ ਸਾਨੂੰ, ਦੋ ਘੜੀਆਂ ਮਿਲ ਜਾਈਂ

ਨੇੜੇ ਵੱਸੇਂ ਥਾਂ ਨਾ ਦੱਸੇਂ, ਢੂੰਡਾਂ ਕਿਤ ਵਲ ਜਾਹੀਂ
ਆਪੇ ਝਾਤੀ ਪਾਈ ਅਹਿਮਦ, ਵੇਖਾਂ ਤਾਂ ਮੁੜ ਨਾਹੀਂ

ਆਖ ਗਿਓਂ ਮੁੜ ਆਇਓਂ ਨਾਹੀਂ, ਸੀਨੇ ਭੜਕਣ ਭਾਹੀਂ
ਇਕਸੇ ਘਰ ਵਿਚ ਵਸਦਿਆਂ ਰਸਿਦਆਂ, ਕਿਤ ਵਲ ਕੂਕ ਸੁਣਾਈਂ

ਪਾਂਧੀ ਜਾ ਮੇਰਾ ਦੇਹ ਸੁਨੇਹਾ, ਦਿਲ ਦੇ ਉਹਲੇ ਲੁਕਦਾ ਕੇਹਾ
ਨਾਮ ਅੱਲ੍ਹਾ ਦੇ ਨਾ ਹੋ ਵੈਰੀ, ਮੁਖ ਵੇਖਣ ਨੂੰ ਨਾ ਤਰਸਾਈਂ

੫ ਬੁੱਲ੍ਹਾ ਸ਼ਹੁ ਕੀ ਲਾਇਆ ਮੈਨੂੰ, ਅੱਧੀ ਰਾਤੇ ਤੇਰੀ ਮਹਿਮਾਂ
ਉਝੜ ਬੇਲੇ ਸਭ ਕੋਈ ਡਰਦਾ, ਸੋ ਢੂੰਡਾਂ ਮੈਂ ਚਾਈਂ ਚਾਈਂ

Bullhe Shah did a deal, he drank the cup filled with the poison of love. He got no profit and no loss; his bundle of pains and sorrows is heavy.

60

What[1] are these false promises you offer? Meet me for just a couple of moments.
You live near but do not tell me the place. In which direction should I look for you? It is you who peep out as Ahmad.[2] When I look, you are no longer there.
You promised when you went, but you have not returned. Flames blaze in my breast. Living happily in the same house, where else[3] should I cry out to you?
Go, traveler, and deliver my message. How can you hide in the cover of the heart? In the name of God, do not be hostile. Do not make me long to see your face.
Bullha, what has the lord done to me? In the middle of the night I sing your praises. Everyone fears the wild river glades, but that is where I search most happily.

੬੧

ਕੌਣ ਆਇਆ ਪਹਿਨ ਲਿਬਾਸ ਕੁੜੇ, ਤੁਸੀਂ ਪੁੱਛੋ ਨਾਲ ਇਖ਼ਲਾਸ ਕੁੜੇ

ਹੱਥ ਖੂੰਡੀ ਮੋਢੇ ਕੰਬਲ ਕਾਲਾ, ਅੱਖੀਆਂ ਦੇ ਵਿਚ ਵੱਸੇ ਉਜਾਲਾ
ਚਾਕ ਨਹੀਂ ਕੋਈ ਹੈ ਮਤਵਾਲਾ, ਪੁੱਛੋ ਬਿਠਾ ਕੇ ਪਾਸ ਕੁੜੇ

ਚਾਕਰ ਚਾਕ ਨਾ ਇਸ ਨੂੰ ਆਖੋ, ਇਹ ਨਾ ਖ਼ਾਲੀ ਗੁੱਝੜੀ ਘਾਤੋਂ
ਵਿਛੜਿਆ ਹੋਇਆ ਪਹਿਲੀ ਰਾਤੋਂ, ਆਇਆ ਕਰਨ ਤਲਾਸ਼ ਕੁੜੇ

ਨਾ ਇਹ ਚਾਕਰ ਚਾਕ ਕਹੀਂ ਦਾ, ਨਾ ਇਹ ਜ਼ੱਰਾ ਸ਼ੌਕ ਮਹੀਂ ਦਾ
ਨਾ ਮੁਸ਼ਤਾਕ ਹੈ ਦੁੱਧ ਦਹੀਂ ਦਾ, ਨਾ ਉਸ ਭੁੱਖ ਪਿਆਸ ਕੁੜੇ

੫ ਬੁੱਲ੍ਹਾ ਸ਼ਹੁ ਲੁਕ ਬੈਠਾ ਓਹਲੇ, ਦੱਸੇ ਭੇਤ ਨਾ ਮੁੱਖ ਸੇ ਬੋਲੇ
ਬਾਬਲ ਵਰ ਖੇੜਿਆਂ ਤੋਂ ਟੋਲੇ, ਵਰ ਮੈਂਡਾ ਮੈਂਡੇ ਪਾਸ ਕੁੜੇ

੬੨

ਖ਼ਾਕੀ ਖ਼ਾਕ ਸਿਉਂ ਰਲ ਜਾਣਾ, ਕੁਝ ਨਹੀਂ ਜ਼ੋਰ ਧਿੰਗਾਣਾ

ਗਏ ਸੋ ਗਏ ਫੇਰ ਨਹੀਂ ਆਏ, ਮੇਰੇ ਜਾਨੀ ਮੀਤ ਪਿਆਰੇ
ਮੇਰੇ ਬਾਝੋਂ ਰਹਿੰਦੇ ਨਾਹੀਂ, ਹੁਣ ਕਿਉਂ ਅਸਾਂ ਵਿਸਾਰੇ
ਵਿਚ ਕਬਰਾਂ ਦੇ ਖ਼ਬਰ ਨਾ ਕਾਈ, ਮਾਰੂ ਕੇਹਾ ਝੁਲਾਣਾ

61

Who[1] has come dressed up, my girl? Ask him straight, my girl.

A crook is in his hand and a black blanket on his shoulders; light dwells in the eyes. He is not a herdsman but a man of wisdom. Get him to sit beside you and question him, my girl.

Do not call him a menial herdsman.[2] He is not devoid of secret purpose. Separated since the first night,[3] he has come to search, my girl.

He is no one's menial herdsman, nor does he take the least pleasure in buffaloes. He has no desire for milk or yogurt, nor does he feel hunger or thirst, my girl.

Bullha, the lord sits hidden in concealment. He does not reveal the secret or speak with his mouth. My father seeks a bridegroom from the Kheras,[4] but my bridegroom is by my side, my girl.

62

Those made of dust must mingle with the dust. Force and might are of no avail.

Those who have gone have gone, they have not returned, my dear beloved friends. They could not bear to live without me, so now why have they forgotten us? There is no awareness in the grave, so why this anguished thrashing about?[1]

ਚਿਤ ਪਿਆਰ ਨਾ ਜਾਏ ਸਾਥੋਂ, ਉੱਭੇ ਸਾਹ ਨਾ ਰਹਿੰਦੇ
ਅਸੀਂ ਮੋਇਆਂ ਦੇ ਪਰਲੇ ਪਾਰ ਹਾਂ, ਜਿਊਂਦਿਆਂ ਦੇ ਵਿਚ ਬਹਿੰਦੇ
ਅੱਜ ਕਿ ਭਲਕੇ ਤੁਰਨ ਦਾ ਸਾਨੂੰ, ਹੋਸੀ ਬੜਾ ਖਪਾਣਾ

ਓਥੇ ਮਗਰ ਪਿਆਦੇ ਲੱਗੇ, ਤਾਂ ਅਸੀਂ ਏਥੇ ਆਏ
ਏਥੇ ਸਾਨੂੰ ਰਹਿਣ ਨਾ ਮਿਲਦਾ, ਅੱਗੇ ਕਿਤ ਵਲ ਧਾਏ
ਜੋ ਕੁਝ ਅਗਲਿਆਂ ਦੇ ਸਿਰ ਬੀਤੀ, ਅਸਾਂ ਵੀ ਓਹੋ ਟਿਕਾਣਾ

੫ ਬੁੱਲ੍ਹਾ ਏਥੇ ਰਹਿਣ ਨਾ ਮਿਲਦਾ, ਰੋਂਦੇ ਪਿਟਦੇ ਚੱਲੇ
ਇੱਕੋ ਨਾਮ ਓਸੇ ਦਾ ਖ਼ਰਚੀ, ਪੈਸਾ ਹੋਰ ਨਾ ਪੱਲੇ
ਮੈਂ ਸੁਪਨਾ ਸਭ ਜਗ ਵੀ ਸਪਨਾ, ਸੁਪਨਾ ਲੋਕ ਬਬਾਣਾ

੬੩

ਖੇਡ ਲੈ ਵਿਚ ਵਿਹੜੇ ਘੁੰਮੀ ਘੁੰਮ

ਏਸ ਵਿਹੜੇ ਵਿਚ ਆਲਾ ਸੋਂਹਦਾ, ਆਲੇ ਦੇ ਵਿਚ ਤਾਕੀ
ਤਾਕੀ ਦੇ ਵਿਚ ਸੇਜ ਵਿਛਾਵਾਂ, ਨਾਲ ਪੀਆ ਸੰਗ ਰਾਤੀ

ਏਸ ਵਿਹੜੇ ਦੇ ਨੌਂ ਦਰਵਾਜ਼ੇ, ਦਸਵਾਂ ਗੁਪਤ ਰਖਾਤੀ
ਓਸ ਗਲੀ ਦੀ ਮੈਂ ਸਾਰ ਨਾ ਜਾਣਾਂ, ਜਹਾਂ ਆਵੇ ਪੀਆ ਜਾਤੀ

ਏਸ ਵਿਹੜੇ ਵਿਚ ਚਰਖ਼ਾ ਸੋਂਹਦਾ, ਆਲੇ ਦੇ ਵਿਚ ਤਾਕੀ
ਆਪਣੇ ਪੀਆ ਨੂੰ ਯਾਦ ਕਰੇਸਾਂ, ਚਰਖ਼ੇ ਦੇ ਹਰ ਫੇਰੇ

Our memory and love for them do not leave us, and we cannot stop sobbing. We have passed far beyond the dead, even as we sit among the living. Today or tomorrow we shall experience the great distress of departure.
The constables pursued us there, so we came here. We do not get to stay here; where will we move in the future? We are headed for the fate that befell those who went before us.
Bullha, no one gets to stay here. They departed weeping and beating their breasts. It is only his name that is our provision for the journey, we carry no other money. I am a dream, the whole world is a dream, and my father's people are a dream.

63

Dance[1] around the courtyard and play.
In this courtyard the alcove looks good. In the alcove there is a little window. I make up the bed in the alcove for a night with my beloved.
This courtyard has nine doors;[2] the tenth is kept secret. I do not have a clue about the street along which my beloved comes.
In this courtyard the spinning wheel looks good. In the alcove there is a little window. I will remember my beloved with every turn of the spinning wheel.

ਇਸ ਵਿਹੜੇ ਵਿਚ ਮਕਨਾਂ ਹਾਥੀ, ਸੰਗਲ ਨਾਲ ਕਹੇੜੇ
ਬੁੱਲ੍ਹੇ ਸ਼ਾਹ ਫ਼ਕੀਰ ਸਾਈਂ ਦਾ, ਜਾਗਦਿਆਂ ਕੋ ਛੇੜੇ

੬੪

ਗੱਲ ਰੌਲੇ ਲੋਕਾਂ ਪਾਈ ਏ

ਸਚ ਆਖ ਮਨਾ ਕਿਉਂ ਡਰਨਾ ਏਂ, ਇਸ ਸਚ ਪਿੱਛੇ ਤੂੰ ਤਰਨਾ ਏਂ
ਸਚ ਸਦਾ ਆਬਾਦੀ ਕਰਨਾ ਏਂ, ਸਚ ਵਸਤ ਅਚੰਭਾ ਆਈ ਏ

ਬਾਹਮਣ ਆ ਜਜਮਾਨ ਡਰਾਏ, ਪਿੱਤਰ ਪੀੜ ਦਸ ਭਰਮ ਦੁੜਾਏ
ਆਪੇ ਦੱਸ ਕੇ ਜਤਨ ਕਰਾਏ, ਪੂਜਾ ਸ਼ੁਰੂ ਕਰਾਈ ਏ

ਪਿੱਤਰ ਤੁਸਾਂ ਦੇ ਉੱਪਰ ਪੀੜਾ, ਗੁੜ ਚਾਵਲ ਮਨਸਾਓ ਲੀੜਾ
ਜੰਜੂ ਪਾਓ ਲਾਹੋ ਬੀੜਾ, ਚੁਲੀ ਤੁਰਤ ਪਵਾਈ ਏ

ਪੀੜ ਨਹੀਂ ਇਉਂ ਨਿਕਲਣ ਲੱਗੀ, ਰੋਕ ਰੁਪਈਆ ਭਾਂਡੇ ਢੱਗੀ
ਹੋਵੇ ਲਾਖੀ ਦਰੁਸਤ ਨਾ ਬੱਗੀ, ਬੁੱਲ੍ਹਾ ਇਹ ਬਾਤ ਬਣਾਈ ਏ

ਪਿਰਥਮ ਚੰਡੀ ਮਾਤ ਬਣਾਈ, ਜਿਸ ਨੂੰ ਪੂਜੇ ਸਰਬ ਲੋਕਾਈ
ਪਾਛੇ ਵਡ ਕੀ[1] ਜੰਜ ਚੜ੍ਹਾਈ, ਡੋਲੀ ਠੁਮ ਠੁਮ ਆਈ ਏ

In this courtyard there is a baby elephant[3] that strains against its chain. Bullhe Shah is a fakir of the lord; he disturbs those who are awake.

64

People have covered the whole thing[1] in confusion.

Tell me truly, my heart, why are you afraid? It is thanks to this truth that you are saved. Truth always makes things flourish. Truth has come as a wondrous treasure.

The Brahmans[2] have come to scare their patrons. They make them anxious by telling them how their ancestors suffer. You are the one who instructs them and makes them exert themselves. It is you who causes the worship to begin.

"Your ancestors are in pain. Make offerings of raw sugar, rice, and cloth. Undo your shirt and put on your sacred thread." Then they are quickly given a handful of Ganges water.

This is not how suffering is removed, with cash, rupees, vessels, and cattle. Something that is actually scarlet cannot become white.[3] Bullha, this is all make-believe.

First the image of the goddess Chandi[4] was made, the mother whom all the people worship. Then the great bridegroom's[5] procession went out. The palanquin has come with lots of loud noise.

ਭੁੱਲ ਖ਼ੁਦਾ ਨੂੰ ਜਾਣ ਖ਼ੁਦਾਈ, ਬੁੱਤਾਂ ਅੱਗੇ ਸੀਸ ਨਿਵਾਈ
ਜਿਹੜੇ ਘੜ ਕੇ ਆਪ ਬਣਾਈ, ਸ਼ਰਮ ਰਤਾ ਨਾ ਆਈ ਏ

ਵੇਖੋ ਤੁਲਸੀ ਮਾਤ ਬਣਾਈ, ਸਾਲਗਰਾਮੇ ਸੰਗ ਪਰਨਾਈ
ਹਸ ਰਸ ਡੋਲੀ ਚਾ ਚੜ੍ਹਾਈ, ਸਾਲਾ ਸਹੁਰਾ ਬਣੇ ਜਵਾਈ ਏ

ਧੀਆਂ ਭੈਣਾਂ ਸਭ ਵਿਆਹਵਣ, ਪਰਦੇ ਅਪਣੇ ਆਪ ਕਜਾਵਣ
ਬੁੱਲ੍ਹਾ ਸ਼ਾਹ ਕੀ ਆਖਣ ਆਵਣ, ਨਾ ਮਾਤਾ ਕਿਸੇ ਵਿਆਹੀ ਏ

ਸ਼ਾਹ ਰਗ ਥੀਂ ਰੱਬ ਦਿਸਦਾ ਨੇੜੇ, ਲੋਕਾਂ ਪਾਏ ਲੰਮੇ ਝੇੜੇ
ਵਾ ਕੇ ਝਗੜੇ ਕੌਣ ਨਬੇੜੇ, ਭਜ ਭਜ ਉਮਰ ਗਵਾਈ ਏ

ਬਿਰਛ ਬਾਗ਼ ਵਿਚ ਨਹੀਂ ਜੁਦਾਈ, ਬੰਦਾ ਰੱਬ ਤਿਵੇਂ ਬਣ ਆਈ
ਪਿਛਲੇ ਸਰਤੇ ਤੇ ਖਿੜ ਆਈ, ਦੁਬਿਧਾ ਆਣ ਮਿਟਾਈ ਏ

ਬੁੱਲ੍ਹਾ ਆਪੇ ਭੁੱਲ ਭੁਲਾਇਆ ਏ, ਆਪੇ ਚਿਲਿਆਂ ਵਿਚ ਦਬਾਇਆ ਏ
ਆਪੇ ਹੋਕਾ ਦੇ ਸੁਣਾਇਆ ਏ, ਮੁਝ ਮੇਂ ਭੇਤ ਨਾ ਕਾਈ ਏ

ਗਰਮ ਸਰਦ ਹੋ ਜਿਸ ਨੂੰ ਪਾਲਾ, ਹਰਕਤ ਕੀਤਾ ਚਿਹਰਾ ਕਾਲਾ
ਤਿਸ ਨੂੰ ਆਖਣ ਜੀ ਸੁਖਾਲਾ, ਇਸ ਦੀ ਕਰੋ ਦਵਾਈ ਏ

ਅੱਖੀਆਂ ਪੱਕੀਆਂ ਆਖਣ ਆਈਆਂ, ਐਸੀ ਸਮਝ ਕੇ ਆਓ ਨੀ ਮਾਈਆਂ
ਆਪੇ ਭੁੱਲ ਗਈਆਂ ਹੁਣ ਸਾਈਆਂ, ਹੁਣ ਤੀਰਥ ਪਾਸ ਸੁਧਾਈ ਏ

People mistakenly think they are divine and bow their heads before the idols. They were the ones who made them, yet they feel no shame at all.
See how the sacred basil is made the mother. It is married to the ammonite sacred to Vishnu. It is put into the bridal palanquin with rejoicing. The brother-in-law and the father-in-law become the son-in-law.[6]
Daughters and sisters all get married. They cover themselves in their veils. Bullha, what do they come to say? No one has married the mother.
The lord appears nearer than the jugular vein.[7] People have created lengthy disputes. Who can settle these contentions about him? They have wasted their lives in running around.
There is no separation between the tree and the garden. That is the relationship of creature and lord. After last autumn they blossom again. Duality is destroyed.
Bullha, you have gone astray, and have led others astray. You have disciplined yourself with lengthy vigils. You have made loud proclamations. But in no way are you distinct from me.[8]
Someone catches a chill and is feverish. His evil deeds have blackened his face. People ask him if he is feeling all right and say, "Give him some medicine."
They say that their eyesight is good. Come, mothers,[9] if that is what you think. They are lost in error, lord. Now the place of pilgrimage is correctly placed right beside us.

ਪੋਸਤ ਆਖੇ ਮਿਲੇ ਅਫ਼ੀਮ, ਬੰਦਾ ਭਾਲੇ ਕਾਦਰ ਕਰੀਮ
ਨਾ ਕੋਈ ਦੱਸੇ ਗਿਆਨ ਹਕੀਮ, ਅਕਲ ਤੁਹਾਡੀ ਜਾਈ ਏ

ਜੋ ਕੋਈ ਦਿਸਦਾ ਏਹੋ ਪਿਆਰਾ, ਬੁੱਲ੍ਹਾ ਆਪੇ ਵੇਖਣਹਾਰਾ
ਆਪੇ ਬੇਦ ਕੁਰਆਨ ਪੁਕਾਰਾ, ਜੋ ਸੁਫਨੇ ਵਸਤ ਭੁਲਾਈ ਏ

੬੫

ਗੁਰ ਜੋ ਚਾਹੇ ਸੋ ਕਰਦਾ ਏ

ਮੇਰੇ ਘਰ ਵਿਚ ਚੋਰੀ ਹੋਈ, ਸੁੱਤੀ ਰਹੀ ਨਾ ਜਾਗਿਆ ਕੋਈ
ਮੈਂ ਗੁਰ ਫੜਿਆ ਸੋਝੀ ਹੋਈ, ਜੋ ਮਾਲ ਗਿਆ ਸੋ ਤਰਦਾ ਏ

ਪਹਿਲੇ ਮੁਖ਼ਫ਼ੀ ਆਪ ਖਜ਼ਾਨਾ ਸੀ, ਓਥੇ ਹੈਰਤ ਹੈਰਤਖ਼ਾਨਾ ਸੀ
ਫਿਰ ਵਹਦਤ ਦੇ ਵਿਚ ਆਣਾ ਸੀ, ਕੁਲ ਜੁਜ਼ ਦਾ ਮੁਜਮਲ ਪਰਦਾ ਏ

'ਕੁਨ ਫ਼ਯਕੂਨ' ਅਵਾਜ਼ਾ ਦੇਂਦਾ, ਵਹਦਤ ਵਿਚੋਂ ਕਸਰਤ ਲੈਂਦਾ
ਪਹਿਨ ਲਿਬਾਸ ਬੰਦਾ ਬਣ ਬਹਿੰਦਾ, ਕਰ ਬੰਦਗੀ ਮਸਜਿਦ ਵੜਦਾ ਏ

ਰੋਜ਼ ਮੀਸਾਕ 'ਅਲਸਤ' ਸੁਣਾਵੇ, 'ਕਾਲੂ ਬਲਾ ਸ਼ਹਿਦਨਾ' ਚਾਹਵੇ
ਫਿਰ ਕੁਝ ਅਪਣਾ ਆਪ ਛੁਪਾਵੇ, ਉਹ ਗਿਣ ਗਿਣ ਵਸਤਾਂ ਧਰਦਾ ਏ

ਗੁਰ ਅੱਲ੍ਹਾ ਆਪ ਕਹੇਂਦਾ ਏ, ਗੁਰ ਅਲੀ ਨਬੀ ਹੋ ਬਹਿੰਦਾ ਏ
ਘਰ ਹਰ ਦੇ ਦਿਲ ਵਿਚ ਰਹਿੰਦਾ ਏ, ਉਹ ਖ਼ਾਲੀ ਭਾਂਡੇ ਭਰਦਾ ਏ

Like addicts after opium, creatures search for God the almighty and the merciful. No philosopher can tell you what true knowledge is. The intellect is your child.[10]
Should someone appear to be the true beloved, Bullha, he is the one who sees him. It is he who has proclaimed the Veda and the Qur'an. The whole thing[11] is lost in a dream.

65

The guru does whatever he wants.
There was a burglary in my house. I remained asleep and no one woke up. When I clung to the guru, I became aware that the goods that were lost had been regained.
First he was a hidden treasure.[1] There was a place of perfect wonderment there. Then he had to enter unity. The business of whole and part is a veil.
He proclaims *Let it be, and it was.*[2] From unity he assumes multiplicity. He gets dressed and becomes a creature, and enters the mosque and worships.
On the day of the covenant he announces *Am I not?* He desires *They said, "Yes, we testify."*[3] Then he conceals himself somewhat, he counts things out and places them.
The guru calls himself God. The guru appears as Ali[4] and the Prophet. The guru dwells in the hearts of everyone. He fills empty vessels.

ਬੁੱਲ੍ਹਾ ਸ਼ਹੁ ਨੂੰ ਘਰ ਵਿਚ ਪਾਇਆ, ਜਿਸ ਸਾਂਗੀ ਇਹ ਸਾਂਗ ਬਣਾਇਆ
ਲੋਕਾਂ ਕੋਲੋਂ ਭੇਤ ਛੁਪਾਇਆ, ਉਹ ਦਰਸ ਪਰਮ ਦਾ ਪੜ੍ਹਦਾ ਏ

੬੬

ਘਰ ਮੇਂ ਗੰਗਾ ਆਈ ਸੰਤੋ, ਘਰ ਮੇਂ ਗੰਗਾ ਆਈ

ਆਪੇ ਮੁਰਲੀ ਆਪ ਕਨ੍ਹਈਆ, ਆਪੇ ਯਾਦਵਰਾਈ

ਆਪ ਗੋਬਰੀਆ ਆਪ ਗਡਰੀਆ, ਆਪੇ ਦੇਤ ਰਖਾਈ

ਅਨਹਦ ਦ੍ਵਾਰ ਕਾ ਆਯਾ ਗੰਵਰੀਆ, ਕੰਗਣ ਦਸਤ ਚੜ੍ਹਾਈ

ਮੂੰਡ ਮੁੰਡਾ ਮੋਹੇ ਪਰੀਤੀ, ਕੌਰੀਅਨ ਕੰਨਾਂ ਮੇਂ ਪਾਈ

ਅੰਮ੍ਰਿਤ ਫਲ ਖਾ ਲਿਓ ਰੇ ਗੋਸਾਈਂ, ਥੋੜ੍ਹੀ ਕਰੋ ਬਢਾਈ[1]

੬੭

ਘੜਿਆਲੀ ਦਿਓ ਨਿਕਾਲ ਨੀ, ਅਜ ਪੀ ਘਰ ਆਇਆ ਲਾਲ ਨੀ

ਘੜੀ ਘੜੀ ਘੜਿਆਲ ਬਜਾਵੇ, ਰੈਣ ਵਸਲ ਦੀ ਪਿਆ ਘਟਾਵੇ
ਮੇਰੇ ਮਨ ਦੀ ਬਾਤ ਜੇ ਪਾਵੇ, ਹੱਥੋਂ ਚਾ ਸੁੱਟੇ ਘੜਿਆਲ ਨੀ

Bullha, I have found the lord in my house. He is the actor who put on the show.[5] He hid the secret from people. He recites the teaching of supreme truth.

66

The[1] Ganges has come into the house,[2] oh holy men, the Ganges has come into the house.
It is he who is the flute, he who is Krishna, he who is the lord of the Yadavs.[3]
It is he who collects the cow dung, he who is the herdsman, he who pays the wages for herding.
He has come as the young peasant at the door that leads to the unstruck,[4] wearing a bracelet on his wrist.
He has shaved his head[5] and has entranced me in love. He wears cowrie shells[6] in his ears.
Eat the nectar fruit, oh lord of the cattle. Dare to advance a little.

67

Get rid of the gong beater.[1] Today the beloved has come to my house.
He strikes the gong at every quarter.[2] He is shortening our night together. If he understood my thoughts, he would throw the gong away.

ਅਨਹਦ ਵਾਜਾ ਵਜੇ ਸੁਹਾਨਾ, ਮੁਤਰਿਬ ਸੁਘੜਾ ਤਾਨ ਤਰਾਨਾ
ਨਮਾਜ਼ ਰੋਜ਼ਾ ਭੁੱਲ ਗਿਆ ਦੁਗਾਨਾ, ਮਧ ਪਿਆਲਾ ਦੇਣ ਕਲਾਲ ਨੀ

ਮੁਖ ਵੇਖਣ ਦਾ ਅਜਬ ਨਜ਼ਾਰਾ, ਦੁੱਖ ਦਲਿੱਦਰ ਉਠ ਗਿਆ ਸਾਰਾ
ਰੈਣ ਵਡੀ ਕਿਆ ਕਰੇ ਪਸਾਰਾ, ਦਿਨ ਅੱਗੇ ਧਰੋ ਦੀਵਾਲ ਨੀ

ਮੈਨੂੰ ਆਪਣੀ ਖ਼ਬਰ ਨਾ ਕਾਈ, ਕਿਆ ਜਾਣਾਂ ਮੈਂ ਕਿਤ ਗਵਾਈ
ਇਹ ਗੱਲ ਕਿਉਂਕਰ ਛੁਪੇ ਛੁਪਾਈ, ਹੁਣ ਹੋਇਆ ਫਜ਼ਲ ਕਮਾਲ ਨੀ

ਟੂਣੇ ਕਾਮਣ ਕਰੇ ਬਥੇਰੇ, ਸਿਹਰੀ ਆਏ ਵਡੇ ਵਡੇਰੇ
ਹੁਣ ਘਰ ਆਇਆ ਜਾਨੀ ਮੇਰੇ, ਰਹਾਂ ਲਖ ਵਰ੍ਹੇ ਇਹਦੇ ਨਾਲ ਨੀ

ਬੁੱਲ੍ਹਾ ਸ਼ਹੁ ਦੀ ਸੇਜ ਪਿਆਰੀ, ਨੀ ਮੈਂ ਤਾਰਨਹਾਰੇ ਤਾਰੀ
ਕਿਵੇਂ ਕਿਵੇਂ ਹੁਣ ਆਈ ਵਾਰੀ, ਹੁਣ ਵਿਛੜਨ ਹੋਇਆ ਮੁਹਾਲ ਨੀ

੬੮

ਘੁੰਗਟ ਓਹਲੇ ਨਾ ਲੁਕ ਸੋਹਣਿਆ, ਮੈਂ ਮੁਸ਼ਤਾਕ ਦੀਦਾਰ ਦੀ ਹਾਂ ।

ਜਾਨੀ ਬਾਝ ਦੀਵਾਨੀ ਹੋਈ, ਟੋਕਾਂ ਕਰਦੇ ਲੋਕ ਸਭੋਈ
ਜੇਕਰ ਯਾਰ ਕਰੇ ਦਿਲਜੋਈ, ਮੈਂ ਤਾਂ ਫ਼ਰਿਆਦ ਪੁਕਾਰਦੀ ਹਾਂ

ਮੁਫ਼ਤ ਵਿਕਾਂਦੀ ਜਾਂਦੀ ਬਾਂਦੀ, ਮਿਲ ਮਾਹੀਆ ਜਿੰਦ ਐਵੇਂ ਜਾਂਦੀ
ਇਕਦਮ ਹਿਜਰ ਨਹੀਂ ਮੈਂ ਸਹਿੰਦੀ, ਮੈਂ ਬੁਲਬੁਲ ਇਸ ਗੁਲਜ਼ਾਰ ਦੀ ਹਾਂ

The unstruck music[3] plays sweetly. The capable musician plays the melody and the tune. Praying and fasting and prayers of two prostrations[4] are forgotten, when the distiller[5] gives me a cup of liquor.
How amazing things appear when I behold his face. All my pain and misery are removed. How the long night is extended. Oh, put up a wall against the day.
I am completely unaware of myself. I do not know where I became lost. How can this mystery be hidden? Now I have been granted perfect grace.
I performed many spells and charms, and many great magicians came. Now my dear beloved has come to my house. May I live with him for a hundred thousand years.
Bullha, the lord's bed is dear. See, I have been saved by the savior. Somehow or other, my turn has now arrived. Now parting has become impossible.

68

Do not hide behind a veil, my lovely. I desire a vision of you.
Without my beloved I have become mad, and people all taunt me. If the beloved is solicitous, then I will call to him as a suppliant.
I am your slave girl who is being sold for nothing. Come to me, beloved, my life is going for nothing. I am not suffering some sudden separation. I am a nightingale of this garden.[1]

੬੯

ਘੁੰਗਟ ਚੁੱਕ ਓ ਸਜਣਾ, ਹੁਣ ਸ਼ਰਮਾਂ ਕਾਹਨੂੰ ਰੱਖੀਆਂ ਵੇ

ਜ਼ੁਲਫ ਕੁੰਡਲ ਨੇ ਘੇਰਾ ਪਾਇਆ, ਬਿਸੀਅਰ ਹੋ ਕੇ ਡੰਗ ਚਲਾਇਆ
ਵੇਖ ਅਸਾਂ ਵੱਲ ਤਰਸ ਨਾ ਆਇਆ, ਕਰਕੇ ਖ਼ੂਨੀ ਅੱਖੀਆਂ ਵੇ

ਦੋ ਨੈਣਾਂ ਦਾ ਤੀਰ ਚਲਾਇਆ, ਮੈਂ ਆਜਿਜ਼ ਦੇ ਸੀਨੇ ਲਾਇਆ
ਘਾਇਲ ਕਰਕੇ ਮੁੱਖ ਛੁਪਾਇਆ, ਚੋਰੀਆਂ ਇਹ ਕਿਨ ਦੱਸੀਆਂ ਵੇ

ਬਿਰੋਂ ਕਟਾਰੀ ਤੂੰ ਕਸ ਮਾਰੀ, ਤਦ ਮੈਂ ਹੋਈ ਬੇਦਿਲ ਭਾਰੀ
ਮੁੜ ਨਾ ਲਈ ਤੈਂ ਸਾਰ ਹਮਾਰੀ, ਪੱਤੀਆਂ ਤੇਰੀਆਂ ਕੱਚੀਆਂ ਵੇ

ਨੇਹੁੰ ਲਗਾ ਕੇ ਮਨ ਹਰ ਲੀਤਾ, ਫੇਰ ਨਾ ਅਪਣਾ ਦਰਸ਼ਨ ਦੀਤਾ
ਜ਼ਹਿਰ ਪਿਆਲਾ ਆਪੇ ਪੀਤਾ, ਸਾਂ ਅਕਲੋਂ ਮੈਂ ਲੱਚੀਆਂ ਵੇ

ਸ਼ਾਹ ਇਨਾਇਤ ਮੁਖੋਂ ਨਾ ਬੋਲਾਂ, ਸੂਰਤ ਤੇਰੀ ਹਰ ਵਲ ਟੋਲਾਂ
ਸਾਬਤ ਹੋ ਕੇ ਫੇਰ ਕਿਉਂ ਡੋਲਾਂ, ਅਜ ਕੌਲੋਂ ਮੈਂ ਸੱਚੀਆਂ ਵੇ

੭੦

ਚਲੋ ਦੇਖੀਏ ਉਸ ਮਸਤਾਨੜੇ ਨੂੰ, ਜਿਹਦੀ ਤ੍ਰਿੰਜਣਾਂ ਦੇ ਵਿਚ ਪਈ ਏ ਧੁੰਮ
ਉਹ ਤੈਂ ਮੈਂ ਵਹਦਤ ਵਿਚ ਰੰਗਦਾ ਏ, ਨਹੀਂ ਪੁੱਛਦਾ ਜ਼ਾਤ ਦੇ ਕੀ ਹੋ ਤੁਮ

ਜਿਹਦਾ ਸ਼ੋਰ ਚੁਫੇਰੇ ਪੈਂਦਾ ਏ, ਉਹ ਕੋਲ ਤੇਰੇ ਨਿੱਤ ਰਹਿੰਦਾ ਏ
ਨਾਲੇ 'ਨਹੁਨ ਅਕਰਬ' ਕਹਿੰਦਾ ਏ, ਨਾਲੇ ਆਖੇ 'ਵਫ਼ੀ ਅਨਫ਼ੁਸਿਕੁਮ'

69

Lift your veil, beloved. Now why have you put on these modest airs?
Your curling tresses coiled around me. They turned into serpents and stung me. You looked at me pitilessly with murderous eyes.
You fired your two eyes' arrows and struck the breast of this poor wretch. After wounding me, you hid your face. Who showed you these clandestine ways?
When you struck me hard with the dagger of separation, I became deeply distraught. You did not ask after me anymore. Your messages proved to be untrue.
You made me fall in love and stole my heart, but then you did not show yourself. I was the one who drank the cup of poison. My mind was unsteady.
I do not just speak of Shah Inayat with my lips, I search for your face in every direction. Now that I have become resolute, why should I waver? Today I am true to my promise.

70

Let us go and see that wild one, of whom there is so much talk in the spinning parties.[1] He dyes you and me in the ocean of unity, and does not ask what your caste[2] is.
The one who creates such clamor everywhere remains beside you always. He also says *We are nearer,*[3] as well as *And in your own selves.*[4]

ਛਡ ਝੂਠ ਭਰਮ ਦੀ ਬਸਤੀ ਨੂੰ, ਕਰ ਇਸ਼ਕ ਦੀ ਕਾਇਮ ਮਸਤੀ ਨੂੰ
ਗਏ ਪਹੁੰਚ ਸਜਣ ਦੀ ਹਸਤੀ ਨੂੰ, ਜਿਹੜੇ ਹੋ ਗਏ 'ਸੁੰਮੁਨ ਬੁਕਮੁਨ ਉਮ'

ਨਾ ਤੇਰਾ ਏ ਨਾ ਮੇਰਾ ਏ, ਜਗ ਫ਼ਾਨੀ ਝਗੜਾ ਝੇੜਾ ਏ
ਬਿਨਾਂ ਮੁਰਸ਼ਦ ਰਹਿਬਰ ਕਿਹੜਾ ਏ, ਪੜ੍ਹ 'ਫ਼ਜ਼ਕੁਰੂਨੀ ਅਜ਼ਕੁਰਕੁਮ'

੫ ਬੁੱਲ੍ਹੇ ਸ਼ਾਹ ਇਹ ਬਾਤ ਇਸ਼ਾਰੇ ਦੀ, ਜਿਨ੍ਹਾਂ ਲੱਗ ਗਈ ਤਾਂਘ ਨਜ਼ਾਰੇ ਦੀ
ਦਸ ਪੈਂਦੀ ਘਰ ਵਣਜਾਰੇ ਦੀ, ਹੈ 'ਯਦੁੱਲਾਹਿ ਫ਼ੌਕ ਐਦੀਕੁਮ'

੭੧

ਚੁਪ ਕਰਕੇ ਕਰੀਂ ਗੁਜ਼ਾਰੇ ਨੂੰ

ਸੱਚ ਸੁਣਕੇ ਲੋਕ ਨਾ ਸਹਿੰਦੇ ਨੀ, ਸੱਚ ਆਖੀਏ ਤਾਂ ਗਲ ਪੈਂਦੇ ਨੀ
ਫਿਰ ਸੱਚੇ ਪਾਸ ਨਾ ਬਹਿੰਦੇ ਨੀ, ਸੱਚ ਮਿੱਠਾ ਆਸ਼ਕ ਪਿਆਰੇ ਨੂੰ

ਸੱਚ ਸ਼ਰ੍ਹਾ ਕਰੇ ਬਰਬਾਦੀ ਏ, ਸੱਚ ਆਸ਼ਕ ਦੇ ਘਰ ਸ਼ਾਦੀ ਏ
ਸੱਚ ਕਰਦਾ ਨਵੀਂ ਆਬਾਦੀ ਏ, ਜਿਹਾ ਸ਼ਰ੍ਹਾ ਤਰੀਕਤਹਾਰੇ ਨੂੰ

ਚੁਪ ਆਸ਼ਕ ਤੋਂ ਨਾ ਹੁੰਦੀ ਏ, ਜਿਸ ਆਈ ਸੱਚ ਸੁਗੰਧੀ ਏ
ਜਿਸ ਮਾਲ੍ਹ ਸੁਹਾਗ ਦੀ ਗੁੰਦੀ ਏ, ਛਡ ਦੁਨੀਆਂ ਕੂੜ ਪਸਾਰੇ ਨੂੰ

੫ ਬੁੱਲ੍ਹਾ ਸ਼ਹੁ ਸੱਚ ਹੁਣ ਬੋਲੇ ਹੈ, ਸੱਚ ਸ਼ਰ੍ਹਾ ਤਰੀਕਤ ਫੋਲੇ ਹੈ
ਗੱਲ ਚੌਥੇ ਪਦ ਦੀ ਖੋਲੇ ਹੈ, ਜਿਹਾ ਸ਼ਰ੍ਹਾ ਤਰੀਕਤ ਹਾਰੇ ਨੂੰ

Leave this habitation of falseness and delusion, and adhere firmly to the intoxication of love. The essence of the beloved has been reached by those who have become *deaf, dumb, and blind.*[5]

It is not mine, it is not yours. This transitory world is a quarrelsome altercation. Who but the guide directs us? Recite *Remember me, and I will remember you.*[6]

Bullha, this is a hint to those who have felt the desire to see him. A sign of the trader's[7] house is *The hand of God is over their hands.*[8]

71

Get along by keeping silent.

When they hear the truth, people cannot endure it. If you tell the truth, they fall on you. Then they do not sit beside a truthful person. Truth is sweet to the dear lover.

Truth destroys the law. Truth is the delight of the lover's house. Truth makes things flourish anew. It is like the law for the follower of the way.

Silence is impossible for the lover who has experienced the perfume of truth, and who has plaited the garland of married bliss. Forsake the world's false expanse.

Bullhe Shah now speaks of reality.[1] He examines the truth of the law and the way. He reveals the secret of the fourth state.[2] It is like the law for the follower of the way.[3]

੧੨

ਜਾਤਾ ਹੈ ਮੈਂ ਜਾਤਾ ਹੈ,[੧] ਇਸ਼ਕ ਸ਼ਰ੍ਹਾ ਕੀ ਨਾਤਾ ਹੈ

ਪੜ੍ਹ ਪੜ੍ਹ ਪੰਡਿਤ ਮੁੱਲਾਂ ਹਾਰੇ, ਕਿਸੇ ਨਾ ਭੇਤ ਪਛਾਤਾ ਹੈ

ਇੱਕੋ ਹਰਫ਼ ਪਰੇਮ ਦਾ ਪੜ੍ਹਿਆ, ਭੁੱਲਿਆ ਰੱਬ ਪਛਾਤਾ ਹੈ

ਨਮਾਜ਼ ਰੋਜ਼ਾ ਓਸ ਕੀ ਕਰਨਾ, ਜਿਸ ਮਧ ਪੀਤੀ ਮਧਮਾਤਾ ਹੈ

ਸੂਰਤ ਤੇਰੀ ਜ਼ਾਹਰ ਹੋਈ, ਹੁਣ ਹੰਮੀ ਗਿਆ ਗਵਾਤਾ ਹੈ

ਜ਼ਰੀਬਾਫ਼ ਦੀ ਕਦਰ ਕੀ ਜਾਣੇ, ਛਟ ਓਨਾ ਜਤ ਕਾਤਾ ਹੈ

ਐਨ ਗ਼ੈਨ ਦੀ ਖ਼ਬਰ ਕੀ ਜਾਣੇ, ਪੜ੍ਹਿਆ ਇਲਮ ਭੁਲਾਤਾ ਹੈ

ਕਨਜ਼ ਕਦੂਰੀ ਮੰਤਕ ਮਾਅਨੇ, ਸਾਰਾ ਇਲਮ ਗਵਾਤਾ ਹੈ

ਬੁੱਲ੍ਹਾ ਸ਼ਹੁ ਦੀ ਮਜਲਸ ਬਹਿ ਕੇ, ਹੋ ਗਿਆ ਗੁੰਗਾ ਬਾਤਾ ਹੈ

੧੩

ਜਿਸ ਤਨ ਲਗਿਆ ਇਸ਼ਕ ਕਮਾਲ, ਨਾਚੇ ਬੇਸੁਰ ਤੇ ਬੇਤਾਲ

ਦਰਦਮੰਦਾਂ ਨੂੰ ਕੋਈ ਨਾ ਛੇੜੇ, ਆਪੇ ਅਪਣਾ ਦੁੱਖ ਸਹੇੜੇ
ਜੰਮ ਨਾ ਜੀਉ ਨਾ ਮੂਲ ਉਘੇੜੇ, ਆਪਣਾ ਬੂਝੇ ਆਪ ਖ਼ਿਆਲ

72

I[1] have realized, ah, I have realized the relationship between love and the law.
For all their learning, the Brahmans and mullahs are defeated. No one has recognized the secret.
When I studied the single word of love, I recognized the lord whom I had mistaken.
Are prayer and fasting to be performed by one who has drunk wine and become intoxicated?
Now that your form has become manifest, all sense of self is lost and destroyed.
How can the craft of the worker in gold lace be appreciated by one who produces sacking from wool and goat's hair?
How can one know about *'ain* and *ġhain*[2] when all the learning one has studied is forgotten?
The *Kanz* and the *Qudūrī*,[3] logic and semantics—all this knowledge is lost.
Bullha, through sitting in the company of the lord, all talk is struck dumb.

73

The body smitten by perfect love dances without a tune, without a beat.
No one can torment those who are in pain, and who have invited suffering upon themselves. They have passed beyond birth and life and are absorbed in their own thoughts.

ਜਿਸ ਨੇ ਵੇਸ ਇਸ਼ਕ ਦਾ ਕੀਤਾ, ਧੁਰ ਦਰਬਾਰੋਂ ਫ਼ਤਵਾ ਲੀਤਾ
ਜਦੋਂ ਹਜ਼ੂਰੋਂ ਪਿਆਲਾ ਪੀਤਾ, ਕੁਝ ਨਾ ਰਿਹਾ ਜਵਾਬ ਸਵਾਲ

ਜਿਸਦੇ ਅੰਦਰ ਵਸਿਆ ਯਾਰ, ਉੱਠਿਆ ਯਾਰੋ ਯਾਰ ਪੁਕਾਰ
ਨਾ ਉਹ ਚਾਹੇ ਰਾਗ ਨਾ ਤਾਰ, ਐਵੇਂ ਬੈਠਾ ਖੇਡੇ ਹਾਲ

੫ ਬੁੱਲ੍ਹਾ ਸ਼ਹੁ ਨਗਰ ਸਚ ਪਾਇਆ, ਝੂਠਾ ਰੌਲਾ ਸਭ ਮੁਕਾਇਆ
ਸੱਚਿਆਂ ਕਾਰਨ ਸੱਚ ਸੁਣਾਇਆ, ਪਾਇਆ ਉਸਦਾ ਪਾਕ ਜਮਾਲ

੧੪

ਜਿਚਰ ਨਾ ਇਸ਼ਕ ਮਜਾਜ਼ੀ ਲਾਗੇ, ਸੂਈ ਸੀਵੇ ਨਾ ਬਿਨ ਧਾਗੇ[1]

ਇਸ਼ਕ ਮਜਾਜ਼ੀ ਦਾਤਾ ਹੈ, ਜਿਸ ਪਿੱਛੇ ਮਸਤ ਹੋ ਜਾਤਾ
ਇਸ਼ਕ ਜਿਨ੍ਹਾਂ ਦੇ ਹੱਡੀਂ ਪੈਂਦਾ, ਸੋਈ ਨਰ ਜੀਵਤ ਮਰ ਵੈਂਦਾ
ਇਸ਼ਕ ਪਿਤਾ ਤੇ ਮਾਤਾ ਹੈ, ਜਿਸ ਪਿੱਛੇ ਮਸਤ ਹੋ ਜਾਤਾ ਹੈ

ਆਸ਼ਕ ਦਾ ਤਨ ਸੁਕਦਾ ਜਾਏ, ਮੈਂ ਖੜੀ ਜਿੰਦਬੜ ਕੇ ਸਾਏ
ਵੇਖ ਮਸ਼ੂਕਾਂ ਖਿੜ ਖਿੜ ਹਾਸੇ, ਇਸ਼ਕ ਬੇਤਾਲ ਪੜ੍ਹਾਤਾ ਹੈ

ਜਿਸ ਉੱਤੇ ਇਸ਼ਕ ਇਹ ਆਇਆ ਹੈ, ਉਹ ਬੇਬਸ ਕਰ ਦਿਖਲਾਇਆ ਹੈ
ਨਸ਼ਾ ਰੋਮ ਰੋਮ ਮੇਂ ਆਇਆ ਹੈ
ਇਸ ਵਿਚ ਨਾ ਰੱਤੀ ਉਹਲਾ ਹੈ, ਹਰ ਤਰਫ਼ ਦਿਸੀਂਦਾ ਮੌਲਾ ਹੈ

Whoever has adopted the appearance of love obtained a license from the primal court. When he drank the cup from the divine presence, there was no more question or debate.

The one in whom the beloved dwells gets up and calls out: "My beloved, my beloved!" He does not desire any music or instrument, he just sits and plays in ecstasy.

Bullha has found truth in the city of the lord. All false confusion is brought to an end. He has announced the truth for those who are true. He has discovered his perfect beauty.

74

So[1] long as human love[2] has not been felt, the needle cannot sew without thread.[3]

Human love is the giver who sends me into ecstasy. They whose bones are pervaded by love die while they are still alive. Love is our father and our mother. It sends us into ecstasy.

The lover's body dries up. I stand in the shade of the castor tree.[4] See, the beloveds laugh out loud, taught by the demon love.[5]

Whoever experiences this love is rendered powerless. Every bit of his body is filled with ecstasy. There is not the slightest concealment in him. The lord appears in every direction.

੫ ਬੁੱਲ੍ਹਾ ਆਸ਼ਕ ਵੀ ਹੁਣ ਤਰਦਾ ਹੈ, ਜਿਸ ਫ਼ਿਕਰ ਪੀਆ ਦੇ ਘਰ ਦਾ ਹੈ
ਰੱਬ ਮਿਲਦਾ ਵੇਖ ਉਚਰਦਾ ਹੈ
ਮਨ ਅੰਦਰ ਹੋਇਆ ਝਾਤਾ ਹੈ, ਜਿਸ ਪਿਛੇ ਮਸਤ ਹੋ ਜਾਤਾ ਹੈ

੧੫

ਜਿੰਦ ਕੁੜਿੱਕੀ ਦੇ ਮੂੰਹ ਆਈ

ਆਪੇ ਹੈਂ ਤੂੰ 'ਲਹਮਕ ਲਹਮੀ', ਆਪੇ ਹੈਂ ਤੂੰ ਨਿਆਰਾ
ਗੱਲਾਂ ਸੁਣ ਸੁਣ ਤੇਰੀਆਂ ਮੇਰਾ, ਅਕਲ ਗਿਆ ਉਡ ਸਾਰਾ
ਸ਼ਰੀਅਤ ਤੋਂ ਬੇਸ਼ਰੀਅਤ ਕਰਕੇ, ਭਲੀ ਖੁਭਣ ਵਿਚ ਪਾਈ

ਜ਼ੱਰਾ ਇਸ਼ਕ ਤੁਸਾਡਾ ਦਿਸਦਾ, ਪਰਬਤ ਕੋਲੋਂ ਭਾਰਾ
ਇਕ ਘੜੀ ਦੇ ਵੇਖਣ ਕਾਰਨ, ਚੁੱਕ ਲਿਆ ਜਗ ਸਾਰਾ
ਕੀਤੀ ਮਿਹਨਤ ਮਿਲਦੀ ਨਾਹੀਂ, ਡਾਢੇ ਦੀ ਅਸ਼ਨਾਈ

ਵਾਵੇਲਾ ਕੀ ਕਰਨਾ ਜਿੰਦੇ, ਜੋ ਸਾੜੇ ਸੋ ਸਾੜੇ
ਸੁੱਖਾਂ ਦਾ ਇਕ ਪੂਲਾ ਨਾਹੀਂ, ਦੁੱਖਾਂ ਦੇ ਖਲਵਾੜੇ
ਹੋਣੀ ਸੀ ਜੋ ਉਸ ਦਿਨ ਹੋਈ, ਹੁਣ ਕੀ ਕਰੀਏ ਭਾਈ

੫ ਸੁਲ੍ਹਾ ਨਾ ਮੰਨਦਾ ਬਾਤ ਨਾ ਪੁੱਛਦਾ, ਆਖ ਵੇਖਾਂ ਕੀ ਕਰਦਾ
ਕਲ ਮੈਂ ਕਮਲੀ ਤੇ ਉਹ ਕਮਲਾ, ਹੁਣ ਕਿਉਂ ਮੈਥੋਂ ਡਰਦਾ
ਓਹਲੇ ਬਹਿ ਕੇ ਰਮਜ਼ ਚਲਾਈ, ਦਿਲ ਨੂੰ ਚੋਟ ਲਗਾਈ

Now even Bullha the lover is saved. For those who are anxious to know where the beloved lives, see, the lord comes and speaks. From inside the heart, he peeps out, the one who sends me into ecstasy.

75

My heart is caught in a net.

It is you who are a case of *Your flesh is my flesh,*[1] it is you who are distinct. Listening to all you say, my mind is in a complete whirl. Taking me from the law to freedom from the law, you have cast me into a wonderful mire.

A fragment of your love seems heavier than a mountain. In order to see you for a single instant, I have taken the whole world on my head. In spite of all my efforts, I have not obtained that cruel one's love.

Why, oh heart, do you lament so? Let him destroy me if he will. I do not have a single sheaf of joys, only whole threshing floors of griefs. Whatever happened that day was fated to happen. Now what can we do, brother?

He does not agree to peace, nor does he ask after me. Let me speak and see what he does. Yesterday I was crazy and he was crazy. Now why does he fear me? Sitting in concealment, he has fired his glance and wounded my heart.

ਸੀਨੇ ਬਾਣ ਦੰਦਾਲ ਗਲੇ ਵਿਚ, ਇਸ ਹਾਲਤ ਵਿਚ ਜਾਲਾਂ
ਚਾ ਚਾ ਸਿਰ ਡੋਏਂ ਤੇ ਮਾਰਾਂ, ਰੋ ਰੋ ਯਾਰ ਕੂੰ ਭਾਲਾਂ
ਅਗੇ ਵੀ ਸਈਆਂ ਨੇਹੁੰ ਲਗਾਇਆ, ਕਿ ਮੈਂ ਹੀ ਪ੍ਰੀਤ ਲਗਾਈ

ਜਗ ਵਿਚ ਰੌਸ਼ਨ ਨਾਮ ਤੁਸਾਡਾ, ਆਸ਼ਕ ਤੋਂ ਕਿਉਂ ਨਸਦੇ ਹੋ
ਵੱਸੋ ਰੱਸੋ ਵਿੱਚ ਬੁੱਕਲ ਦੇ, ਅਪਣਾ ਭੇਤ ਨਾ ਦਸਦੇ ਹੋ
ਵਿਚਕੜੇ ਵਿਚਕਾਰੋਂ ਫੜ, ਮੈਂ ਕਰ ਉਲਟੀ ਲਟਕਾਈ

ਅੰਦਰ ਵਾਲਿਆ ਬਾਹਰ ਆਵੀਂ, ਬਾਹੋਂ ਪਕੜ ਖਲੋਵਾਂ
ਜ਼ਾਹਰਾ ਮੈਥੋਂ ਲੁੱਕਣ ਛੁੱਪਣ, ਬਾਤਨ ਕੋਲੇ ਹੋਵਾਂ
ਏਸੇ ਬਾਤਨ ਫਟੀ ਜ਼ੁਲੈਖ਼ਾ, ਮੈਂ ਬਾਤਨ ਬਰਲਾਈ

ਆਖਣੀਆਂ ਸੀ ਆਖ ਸੁਣਾਈਆਂ, ਮਚਲਾ ਸੁਣਦਾ ਨਾਹੀਂ
ਹੱਥ ਮਰੋੜਾਂ ਫੋੜਾਂ ਤਲੀਆਂ, ਰੋਵਾਂ ਢਾਹੀਂ ਢਾਹੀਂ
ਲੈਣੇ ਥੀਂ ਮੁੜ ਦੇਣਾ ਆਇਆ, ਇਹ ਤੇਰੀ ਭਲਿਆਈ

੧੦ ਇਕ ਇਕ ਲਹਿਰ ਅਜਿਹੀ ਆਵੇ, ਜੋ ਨਾ ਕਹਿਣੀਆਂ ਦੱਸਾਂ
ਸੱਚ ਆਖਾਂ ਤਾਂ ਸੂਲੀ ਫਾਹਾ, ਝੂਠ ਕਹਾਂ ਤਾਂ ਵੱਸਾਂ
ਐਸੀ ਨਾਜ਼ੁਕ ਬਾਤ ਕਿਉਂ ਆਖਾਂ, ਕਹਿੰਦਿਆਂ ਹੋਏ ਪਰਾਈ

ਵਹੀ ਵਸੀਲਾ ਪਾਕਾਂ ਦਾ, ਤੁਸੀਂ ਆਪੇ ਸਾਡੇ ਹੋਵੋ
ਜਾਗਦਿਆਂ ਸੰਗ ਸਾਡੇ ਜਾਗੋ, ਸਵਾਂ ਤਾਂ ਨਾਲੇ ਸੋਵੋ
ਜਿਸ ਨੇ ਤੈਂ ਸੰਗ ਪਰੀਤ ਲਗਾਈ, ਕਿਹੜੇ ਸੁੱਖ ਸੁਵਾਈ

ਐਸੀਆਂ ਲੀਕਾਂ ਲਾਈਆਂ ਮੈਨੂੰ, ਹੋਰ ਕਈ ਘਰ ਗਾਲੇ
ਉੱਪਰ ਵਾਰੋਂ ਪਾਵੇਂ ਝਾਤੀ, ਵੱਤੀਂ ਫਿਰੇਂ ਦੁਆਲੇ
ਲੁਕਣ ਛੁੱਪਣ ਤੇ ਛਲ ਜਾਵਣ, ਇਹ ਤੇਰੀ ਵਡਿਆਈ

With an arrow in my breast and an iron collar around my neck, I am in a sorry state. Violently I dash my head upon the ground. I weep and search for my beloved. Have my girlfriends fallen in love before, or is it just me who has become infatuated?

Your name is glorious in the world. Why do you flee from your lover? You dwell in the folds of my veil,[2] but you do not reveal your secret. Seizing me within by the middle, you have hung me upside down.

Oh you who dwell within, come outside, let me stand and hold on to your arm. Outwardly you play hide-and-seek from me, but inside I am near. Zulaikha[3] was wounded inwardly, and inwardly I am injured.

The things that had to be said were clearly proclaimed. He deliberately will not hear me and does not listen. I wring my hands and weep bitterly. Instead of receiving, I had to give again. Such is your kindness.

Each wave comes on in such a way that I cannot describe them. If I tell the truth, I face the gallows and the noose. If I lie, I flourish. How can I utter such a delicate thing? Once I speak, it belongs to others.

Revelation is the medium for the holy. Become ours of your own accord. Remain awake with us when we wake. If I sleep, then sleep with me. Do you allow anyone who is in love with you to sleep peacefully?

You have so disgraced me, and have destroyed many other houses. From above you glance down. All around you roam about me. You deceive us with this hide-and-seek. This is your greatness.

ਤੇਰਾ ਮੇਰਾ ਨਿਆਉਂ ਨਬੇੜੇ, ਰੂਮੋਂ ਕਾਜ਼ੀ ਆਵੇ
ਖੋਲ੍ਹ ਕਿਤਾਬਾਂ ਕਰੇ ਤੱਸਲੀ, ਦੋਹਾਂ ਇੱਕ ਬਤਾਵੇ
ਮੈਂ ਤੇ ਕਾਜ਼ੀ ਹੋਏ ਰਾਜ਼ੀ, ਕਰਸੀ ਕੀ ਲੋਕਾਈ

ਬੁੱਲ੍ਹਾ ਸ਼ਹੁ ਤੂੰ ਕੇਹਾ ਜੇਹਾ, ਹੁਣ ਕੇਹਾ ਮੈਂ ਕੇਹੀ
ਤੈਨੂੰ ਜੋ ਮੈਂ ਢੂੰਡਣ ਲੱਗੀ, ਮੈਂ ਭੀ ਆਪ ਨਾ ਰੇਹੀ
ਪਾਇਆ ਜ਼ਾਹਰ ਬਾਤਨ ਮੈਨੂੰ, ਬਾਰ੍ਹ ਅੰਦਰ ਰੁਸ਼ਨਾਈ

੭੬

ਜੁਮ੍ਹੇਂ ਦੀ ਹੋਰੋ ਹੋਰ ਬਹਾਰ

ਪੀਰ ਅਸਾਨੂੰ ਪੀੜਾਂ ਲਾਈਆਂ, ਮੰਗਲ ਮੂਲ ਨਾ ਸੁਰਤਾਂ ਆਈਆਂ
ਇਸ਼ਕ ਛਨਿਛਰ ਘੋਲ ਘੁਮਾਈਆਂ, ਬੁਧ ਸੁਧ ਲੈਂਦਾ ਨਹੀਓਂ ਯਾਰ

ਪੀਰ ਵਾਰ ਰੋਜ਼ੇ ਤੇ ਜਾਵਾਂ, ਸਭ ਪੈਗ਼ੰਬਰ ਪੀਰ ਮਨਾਵਾਂ
ਜਦ ਪੀਆ ਦਾ ਦਰਸ਼ਨ ਪਾਵਾਂ, ਕਰਦੀ ਹਾਰ ਸ਼ਿੰਗਾਰ

ਮੰਤਕ ਮਾਅਨੇ ਪੜ੍ਹਾਂ ਨ ਅਸਲਾਂ, ਵਾਜਬ ਫ਼ਰਜ਼ ਨ ਸੁੰਨਤ ਨਫ਼ਲਾਂ
ਕੰਮ ਕਿਸ ਆਈਆਂ ਸ਼ਰ੍ਹਾਂ ਦੀਆਂ ਅਕਲਾਂ, ਕੁਝ ਨਹੀਂ ਬਾਝੋਂ ਦੀਦਾਰ

੫ ਸ਼ਾਹ ਇਨਾਇਤ ਦੀਨ ਅਸਾਂ ਦਾ, ਦੀਨ ਦੁਨੀ ਮਕਬੂਲ ਅਸਾਂ ਦਾ
ਖੁੱਥੀ ਮੀਢੀ ਦਸਤ ਪਰਾਂਦਾ, ਫਿਰਾਂ ਉਜਾੜ ਉਜਾੜ

To settle the case between us, the *qazi* comes from Rum.[4] Opening his books, he gives reassurance, saying both are one. I am happy with the *qazi*. How will he hide from me?

Bullha says: What are you like, lord? Now what are you like and what am I like? If I start seeking you, there is no me left. You found me both manifest and concealed. Your light is both outside and inside.

76

Friday[1] brings a special delight.

Monday[2] gave us pains; on Tuesday we gained no understanding. We were sacrificed to love on Saturday. Wednesday[3] removed our awareness when you were not there, beloved.

On Monday I go to the shrine and pray to the prophets and saints. When I gain a vision of the beloved, I adorn myself.

I do not study the principles of logic and semantics, obligations, duties, the law, and extra rituals. What use are minds trained in religious law? Nothing matters except seeing him.

Shah Inayat is my religion, the one whom we accept in this world and the next. My plait is undone and the ribbon is in my hand as I wander in the wilderness.

ਭੁੱਲੀ ਹੀਰ ਸਲੇਟੀ ਮਰਦੀ, ਬੇਲੇ ਮਾਹੀ ਮਾਹੀ ਕਰਦੀ
ਕੋਈ ਨਾ ਮਿਲਦਾ ਦਿਲ ਦਾ ਦਰਦੀ, ਮੈਂ ਮਿਲਸਾਂ ਰਾਂਝਣ ਨਾਲ

ਬੁੱਲ੍ਹਾ ਭੁੱਲਾ ਨਮਾਜ਼ ਦੁਗਾਨਾ, ਜਦ ਦਾ ਸੁਣਿਆ ਤਾਨ ਤਰਾਨਾ
ਅਕਲ ਕਹੇ ਮੈਂ ਜ਼ਰਾ ਨਾ ਮਾਨਾਂ, ਇਸ਼ਕ ਕੂਕੇਂਦਾ ਤਾਰੋ ਤਾਰ

੧੧

ਜੋ ਰੰਗ ਰੰਗਿਆ ਗੂੜ੍ਹਾ ਰੰਗਿਆ, ਮੁਰਸ਼ਦ ਵਾਲੀ ਲਾਲੀ ਓ ਯਾਰ

ਅਹਦ ਵਿਚੋਂ ਅਹਿਮਦ ਹੋਇਆ, ਵਿੱਚੋਂ ਮੀਮ ਨਿਕਾਲੀ ਓ ਯਾਰ
ਦੁੱਰੇ ਮਆਨੀ ਦੀ ਧੂਮ ਮਚੀ ਹੈ, 'ਨਹਨੁ' ਕਾ ਘੁੰਡ ਓਠਾਲੀਂ ਓ ਯਾਰ

ਜ਼ੁਲਫ਼ ਸਿਆਹ ਵਿਚ ਹੈ ਯਦ ਬੈਜ਼ਾ, ਓਹ ਚਮਕਾਰਾ ਵਿਖਾਲੀਂ ਓ ਯਾਰ
'ਕੁਨ ਫ਼ਯਕੂਨ' ਅਵਾਜ਼ਾ ਹੋਇਆ, ਦਿੱਤੀ ਮੀਮ ਵਿਖਾਲੀ ਓ ਯਾਰ

ਅਹਦ ਕੋਲੋ ਅਹਿਮਦ ਹੋਇਆ, ਬਿਸਮਿਲ ਮੀਮ ਨਿਕਾਲੀ ਓ ਯਾਰ
ਪਾਕ ਮੁਹੰਮਦ ਪੈਦਾ ਹੋਇਆ, ਚੌਦਾਂ ਤਬਕਾਂ ਦਾ ਵਾਲੀ ਓ ਯਾਰ

੫ 'ਅਲਸਤੁ ਬਿਰੱਬਿਕੁਮ' ਨਾਜ਼ਲ ਹੋਇਆ, 'ਕਾਲੂ ਬਲਾ' ਗਲ ਡਾਲੀ ਓ ਯਾਰ
'ਕੁੌਲਿ ਸ਼ੈਇਨ' ਕੀ ਖੇਡ ਮਚੀ ਹੈ, ਅਪਣਾ ਆਪ ਸੰਭਾਲੀਂ ਓ ਯਾਰ

ਸੂਰਾ ਯਾਸੀਨ ਮੁਜ਼ੱਮਲ ਵਾਲਾ, ਬਦਲਾ ਕੁਝ ਦਵਾਲੀ ਓ ਯਾਰ
'ਸੁੰਮੁਨ ਬੁਕਮੁਨ ਉਮਯੁਨ' ਹੋਇਆ, ਲਾਈਆਂ ਦੀ ਲਜ ਪਾਲੀਂ ਓ ਯਾਰ

Hir the daughter of the Sials[4] is lost and on the point of death, crying out to her beloved in the river glade: "I can find no one who feels what is in my heart. I will meet with my dear Ranjha."
Bullha forgot the prayer of two prostrations[5] once he heard the music play. I have no belief at all in what the intellect says, when love cries out aloud.[6]

77

The[1] color that I have been dyed is a deep one, it is the crimson of the guide, my friend.
Ahmad emerged from Ahad,[2] God brought forth the *mīm* from himself, my friend. The fame of the pearl of meanings[3] was celebrated. Lift the veil of *We*,[4] my friend.
In your dark curls there is the white hand.[5] Display its brilliance, my friend. *Let it be, and it was*[6] was proclaimed. He displayed the *mīm*, my friend.
Ahmad emerged from Ahad, the *mīm* was brought forth in the beginning, my friend. Holy Muhammad was born, the lord of the fourteen spheres,[7] my friend.
Am I not your lord?[8] was revealed. *They said, "Yes"* was hung around their necks, my friend. The game of *Over all things*[9] has started. Control yourself, my friend.
Give me something for the sake of the *Yāsīn* and the *Muzammil*,[10] my friend. Protect the honor of those who seek refuge with you, having become *deaf, dumb, and blind*,[11] my friend.

'ਮੂਤੂ ਕਬਲ ਅਨ ਤਮੂਤੂ' ਹੋਇਆਂ, ਮੋਇਆਂ ਨੂੰ ਫੇਰ ਜਿਵਾਲੀਂ ਓ ਯਾਰ
'ਲਾ ਤਤਹੱਰਕੁ ਜ਼ੱਰਹੁ', ਦੋਜ਼ਖ਼ ਕਿਹਨੂੰ ਡਾਲੀਂ ਓ ਯਾਰ

'ਲਨ ਤਨਾਲੁਲਬਿੱਰ' ਕੋਲੋਂ, 'ਹੱਤਾ' ਦੀ ਰਮਜ਼ ਪਛਾਣੀਂ ਓ ਯਾਰ
ਔਖਾ ਝੇੜਾ ਇਸ਼ਕੇ ਵਾਲਾ, ਸੰਭਲ ਪੈਰ ਟਿਕਾਲੀਂ ਓ ਯਾਰ

ਹਰ ਸ਼ੈ ਅੰਦਰ ਤੂਹੀਂ ਆਪੇ, ਆਪੇ ਵੇਖ ਵਿਖਾਲੀਂ ਓ ਯਾਰ
ਸ਼ਬੇ ਮਿਅਰਾਜ ਨਬੀ ਜੀ ਵਾਲਾ, ਓਹਾ ਵਸਲ ਵਿਸਾਲੀਂ ਓ ਯਾਰ

ਯਾ ਰੱਬ ਖ਼ਲਕਤ ਪੈਦਾ ਕੀਤੀ, ਦੁਨੀਆਂ ਖ਼ੂਬ ਖ਼ਿਆਲੀ ਓ ਯਾਰ
ਬੁੱਲ੍ਹਾ ਸ਼ਹੁ ਮੇਰੇ ਘਰ ਆਇਆ, ਕਰ ਕਰ ਨਾਚ ਵਿਖਾਲੀ ਓ ਯਾਰ

੭੮

ਟੁਕ ਬੂਝ ਕੌਣ ਆਇਆ ਏ, ਕਿਸੇ ਭੇਖੀ ਭੇਖ ਵਟਾਇਆ ਏ

ਜਿਸ ਨਾ ਦਰਦ ਦੀ ਬਾਤ ਕਹੀ, ਉਸ ਪਰੇਮ ਨਗਰ ਨਾ ਝਾਤ ਪਈ
ਉਹ ਡੁੱਬ ਮੋਈ ਸਭ ਘਾਤ ਗਈ, ਉਹ ਕਿਉਂ ਚੰਦਰੀ ਨੇ ਜਾਇਆ ਏ

ਮਾਨਿੰਦ ਪਲਾਸ ਬਣਾਇਓ ਈ, ਤਨ ਕਰ ਕਰ ਪਾਤ ਲੁਟਾਇਓ ਈ
ਮੁਖ ਕਾਲਾ ਕਰ ਦਿਖਲਾਇਓ ਈ, ਕਿਆ ਸਿਆਹੀ ਰੰਗ ਲਗਾਇਆ ਏ

ਇਕ ਰੱਬ ਦਾ ਨਾਂ ਖ਼ਜ਼ਾਨਾ ਏ, ਸੰਗ ਚੋਰਾਂ ਯਾਰਾਂ ਦਾਨਾ ਏ
ਇਸ ਰਹਿਮਤ ਦਾ ਖਸਮਾਨਾ ਏ, ਸੰਗ ਖ਼ੌਫ਼ ਰਕੀਬ ਬਣਾਇਆ ਏ

Restore to life those who have died in accordance with *Die before you die,*[12] my friend. You wrote, *You do not move at all.*[13] Why cast them into hell, my friend?

In *You will not attain righteousness*, recognize the mystery of *until,*[14] my friend. The quarrel of love is hard. Tread carefully, my friend.

You are in everything. Display yourself, my friend. Grant me the union that was given to the Prophet on the night of the ascension,[15] my friend.

Oh Lord, you brought creation into being. The world is a dream and a fancy, my friend. Bullha, the lord has come to my house; show him your dancing,[16] my friend.

78

Just guess who has come in disguise. A master of concealment has transformed himself.

No one who has not spoken of pain has glimpsed the city of love. She drowned[1] and died, with all opportunities lost. Why was that unlucky wretch born?

You made yourself like the *palās* tree.[2] You turned your body into leaves and destroyed them. You blackened your face. What is this blackness you have colored yourself with?

The only treasure is the name of the lord, although it is reckoned a trifle by thieves and adulterers. Besides the protection of this mercy, fear was created by the rival.[3]

੫ ਦੂਈ ਦੂਰ ਕਰੋ ਕੋਈ ਸ਼ੋਰ ਨਹੀਂ, ਇਹ ਤੁਰਕ ਹਿੰਦੂ ਕੋਈ ਹੋਰ ਨਹੀਂ
ਸਭ ਸਾਧ ਕਹੋ ਕੋਈ ਚੋਰ ਨਹੀਂ, ਹਰ ਘਟ ਘਟ ਆਪ ਸਮਾਇਆ ਏ

ਐਵੇਂ ਕਿੱਸੇ ਕਾਹਨੂੰ ਘੜਨਾ ਏਂ, ਤੇ ਗੁਲਸਤਾਂ ਬੋਸਤਾਂ ਪੜ੍ਹਨਾਂ ਏ
ਐਵੇਂ ਬੇਮੁਜਬ ਕਿਉਂ ਲੜਨਾ ਏਂ, ਕਿਸ ਉਲਟਾ ਵੇਦ ਪੜ੍ਹਾਇਆ ਏ

ਸ਼ਰੀਅਤ ਸਾਡੀ ਦਾਈ ਏ, ਤਰੀਕਤ ਸਾਡੀ ਮਾਈ ਏ
ਅੱਗੋਂ ਹੱਕ ਹਕੀਕਤ ਆਈ ਏ, ਅਤੇ ਮਾਰਫ਼ਤੋਂ ਕੁਝ ਪਾਇਆ ਏ

ਹੈ ਵਿਰਲੀ ਬਾਤ ਬਤਾਵਣ ਦੀ, ਤੁਸੀਂ ਸਮਝੋ ਦਿਲ ਤੇ ਲਾਵਣ ਦੀ
ਕੋਈ ਗਤ ਦੱਸੋ ਉਸ ਭਾਵਣ ਦੀ, ਇਹ ਕਾਹਨੂੰ ਭੇਤ ਬਣਾਇਆ ਏ

ਇਹ ਪੜ੍ਹਨਾ ਇਲਮ ਜ਼ਰੂਰ ਹੋਇਆ, ਪਰ ਦਸਣਾ ਨਾਮਨਜ਼ੂਰ ਹੋਇਆ
ਜਿਸ ਦਸਿਆ ਸੋ ਮਨਸੂਰ ਹੋਇਆ, ਇਸ ਸੂਲੀ ਪਕੜ ਚੜ੍ਹਾਇਆ ਏ

੧੦ ਤੁਝੇ ਕਸਬੇ ਫ਼ਕਰ ਤਾਕੀਦ ਕੀਆ, ਵਖ ਤਕ ਆਰਫ਼ ਬਾਜ਼ੀਦ ਕੀਆ
ਕਰ ਜ਼ੁਹਦੀ ਕੁਤਬ ਫ਼ਰੀਦ ਕੀਆ, ਕਿਸੇ ਬੇਮਿਹਨਤ ਨਹੀਂ ਪਾਇਆ ਏ

ਇਸ ਦੁੱਖ ਸੇ ਕਿਚਕਰ ਭਾਗੇਂਗਾ, ਰਹੇਂ ਸੁੱਤਾ ਕਦ ਤੂੰ ਜਾਗੇਂਗਾ
ਫੇਰ ਉਠਦਾ ਰੋਵਣ ਲਾਗੇਂਗਾ, ਕਿਸੇ ਗ਼ਫ਼ਲਤ ਮਾਰ ਸੁਲਾਇਆ ਏ

ਗ਼ੈਨ ਐਨ ਦੀ ਸੂਰਤ ਇਕ ਠਹਿਰਾ, ਇਕ ਨੁਕਤੇ ਦਾ ਹੈ ਫ਼ਰਕ ਪੜਾ
ਜੋ ਨੁਕਤਾ ਦਿਲ ਥੀਂ ਦੂਰ ਕਰਾ, ਫਿਰ ਗ਼ੈਨੋਂ ਐਨ ਜਿਤਾਇਆ ਏ

ਜਿਹੜਾ ਮਨ ਵਿਚ ਲੱਗਾ ਦੂਆ ਰੇ, ਇਹ ਕੌਣ ਕਹੇ ਮੈਂ ਮੂਆ ਰੇ
ਤਨ ਸਭ ਇਨਾਇਤ ਹੂਆ ਰੇ, ਫਿਰ ਬੁੱਲ੍ਹਾ ਨਾਮ ਧਰਾਇਆ ਏ

Get rid of duality, there is no confusion. He is both Turk and Hindu,[4] there is no one else. Call everyone a holy man, there is no thief. He is contained in every heart.

Why do you make up stories pointlessly, and read the *Gulistān* and the *Bostān*?[5] Why do you quarrel for no reason? Who has taught you this perverse Veda?[6]

The law[7] is our nurse, the way is our mother. Next came reality, and we gained something real from gnosis.

It is something seldom to be told. Realize that it is to be taken to heart. Show some way of pleasing him. What have you made a secret?[8]

It is necessary to study this science but unacceptable to reveal it. The one who did reveal it was Mansur,[9] who was seized and put on the gallows.

You were urged on by the practice of austerity. Bayazid[10] was separated from his body and became a perfect adept. Asceticism creates great saints. No one discovers it without effort.

How long will you flee from this suffering? You remain asleep; when will you awake? Then when you get up, you will burst out crying. A fit of obliviousness attacked you and made you sleep.

A single form was assigned to *'ain* and *ġhain*.[11] The only difference between them is a single dot. Once the dot is removed from the heart, *ġhain* is shown to be *'ain*.

While the heart is affected by duality, who can say "My ego is dead"? My whole being became Inayat; then it got the name Bullha.

੭੯

ਟੂਣੇ ਕਾਮਨ ਕਰਕੇ ਨੀ, ਮੈਂ ਪਿਆਰਾ ਯਾਰ ਮਨਾਵਾਂਗੀ

ਇਸ ਟੂਣੇ ਨੂੰ ਪੜ੍ਹ ਫੂਕਾਂਗੀ, ਸੂਰਜ ਅਗਨ ਜਲਾਵਾਂਗੀ

ਅੱਖੀਆਂ ਕਾਜਲ ਕਾਲੇ ਬਾਦਲ, ਭਵਾਂ ਸੇ ਆਗ ਲਗਾਵਾਂਗੀ

ਔਰ ਬਸਾਤ ਨਹੀਂ ਕੁਝ ਮੇਰੀ, ਜੋਬਨ ਧੜੀ ਗੁੰਦਾਵਾਂਗੀ

ਸੱਤ ਸਮੁੰਦਰ ਦਿਲ ਦੇ ਅੰਦਰ, ਦਿਲ ਸੇ ਲਹਿਰ ਉਠਾਵਾਂਗੀ

ਬਿਜਲੀ ਹੋ ਕਰ ਚਮਕ ਡਰਾਵਾਂ, ਬਣ ਬਾਦਲ ਘਿਰ ਘਿਰ ਜਾਵਾਂਗੀ

ਇਸ਼ਕ ਅੰਗੀਠੀ ਹਰਮਲ ਤਾਰੇ, ਸੂਰਜ ਅਗਨ ਚੜ੍ਹਾਵਾਂਗੀ

ਨਾ ਮੈਂ ਵਿਆਹੀ ਨਾ ਮੈਂ ਕੁਆਰੀ, ਬੇਟਾ ਗੋਦ ਖਿਡਾਵਾਂਗੀ

ਬੁੱਲ੍ਹਾ ਮਕਾਨ ਦੀ ਪਟੜੀ ਉੱਤੇ, ਬਹਿਕੇ ਨਾਦ ਵਜਾਵਾਂਗੀ

ਲਾ ਸੌਵਾਂ ਮੈਂ ਸ਼ਹੁ ਗਲ ਅਪਣੇ, ਤਦ ਮੈਂ ਨਾਰ ਕਹਾਵਾਂਗੀ

੮੦

ਢੋਲਾ ਆਦਮੀ ਬਣ ਆਇਆ, ਵਾਹ ਵਾਹ ਆਇਆ ਛੁਪਾ ਛੁਪਾਇਆ

ਆਪੇ ਆਹੂ ਆਪੇ ਚੀਤਾ, ਆਪੇ ਮਾਰਨ ਧਾਇਆ
ਆਪੇ ਸਾਹਿਬ ਆਪੇ ਬਰਦਾ, ਆਪੇ ਮੁੱਲ ਵਿਕਾਇਆ

79

I[1] will use spells and charms to win my dear beloved back.
I will recite and blow this spell.[2] I will use the sun to light the sacrificial fire.
The kohl on my eyes will be black clouds. With my eyebrows I will make fire.
Having no other resource, I will plait my youthful beauty.
Within my heart are the seven seas. I will stir up waves with my heart.
Becoming lightning, I will flash and frighten. I will become clouds and circle overhead.
With love as my brazier and the stars as wild rue,[3] I will offer the sun on the fire.
I am not married, nor am I a virgin. I will play with my son on my lap.
Bullha, I will sit on the stool of infinity and play the conch.
If I sleep in my lord's embrace, then I will be called a wife.

80

The beloved has come as man. How wonderfully he has come concealed.
It is he who is the deer, he who is the cheetah. It is he who moves fast to hunt them down. It is he who is the master, he who is the slave, he who lets himself be sold.

ਕਦੀ ਹਾਥੀ ਤੇ ਅਸਵਾਰ ਹੋਇਆ, ਕਦੀ ਠੂਠਾ ਡਾਂਗ ਭੁਵਾਇਆ
ਕਦੀ ਰਾਵਲ ਜੋਗੀ ਭੋਗੀ ਹੋ ਕੇ, ਸਾਂਗੀ ਸਾਂਗ ਬਣਾਇਆ

ਬਾਜ਼ੀਗਰ ਕਿਆ ਬਾਜ਼ੀ ਖੇਲੀ, ਮੈਨੂੰ ਪੁਤਲੀ ਵਾਂਗ ਨਚਾਇਆ
ਮੈਂ ਓਸੇ ਪੜਤਾਲੇ ਨਚਣਾ, ਜਿਸ ਰਾਤ ਯਾਰ ਲਖਾਇਆ

ਹਾਬੀਲ ਕਾਬੀਲ ਆਦਮ ਦੇ ਜਾਏ, ਆਦਮ ਕਿਸ ਦਾ ਜਾਇਆ
ਬੁੱਲ੍ਹਾ ਉਨ੍ਹਾਂ ਤੋਂ ਭੀ ਅੱਗੇ ਆਹਾ, ਦਾਦਾ ਗੋਦ ਖਿਡਾਇਆ

੮੧

ਤਾਂਘ ਮਾਹੀ ਦੀ ਜਲੀ ਆਂ, ਨਿਤ ਕਾਂਗ ਉਡਾਵਾਂ ਖਲੀ ਆਂ

ਕੌਡੀ ਦਮੜੀ ਪੱਲੇ ਨਾ ਕਾਈ, ਪਾਰ ਵੰਵਣ ਨੂੰ ਮੈਂ ਸਧਰਾਈ
ਨਹੀਂ ਮਲਾਹਾਂ ਨਾਲ ਅਸ਼ਨਾਈ, ਝੇੜਾ ਕਰਾਂ ਵਲੱਲੀ ਆਂ

ਨੈ ਚੰਦਲ ਦੇ ਸ਼ੋਰ ਕਿਨਾਰੇ, ਘੁੰਮਣ ਘੇਰ ਵਿਚ ਠਾਠਾਂ ਮਾਰੇ
ਡੁਬ ਡੁਬ ਮੋਏ ਤਾਰੂ ਭਾਰੇ, ਜੋ ਸ਼ੋਰ ਕਰਾਂ ਤਾਂ ਝੱਲੀ ਆਂ

ਨੈ ਚੰਦਲ ਦੇ ਡੂੰਘੇ ਪਾਹੇ, ਤਾਰੂ ਗੋਤੇ ਖਾਂਦੇ ਆਏ
ਮਾਹੀ ਮੈਂਡੇ ਪਾਰ ਸਿਧਾਏ, ਮੈਂ ਕੇਵਲ ਰਹੀ ਆਂ ਕੱਲੀ ਆਂ

ਨੈ ਚੰਦਲ ਦੀਆਂ ਤਾਰੂ ਫਾਟਾਂ, ਖਲੀ ਉਡੀਕਾਂ ਮਾਹੀ ਦੀਆਂ ਵਾਟਾਂ
ਇਸ਼ਕ ਮਾਹੀ ਦੇ ਲਾਈਆਂ ਚਾਟਾਂ, ਜੇ ਕੂਕਾਂ ਤਾਂ ਮੈਂ ਗਲੀ ਆਂ

Sometimes he is mounted on an elephant, sometimes he
is sent around begging with earthen cup and staff.
Sometimes he is a master yogi, sometimes a hedonist;
he is an actor[1] who assumes different guises.
What a show the juggler has mounted; he has made me
dance like a puppet. I must dance according to his
measure, in the style that my beloved has shown me.
Abel and Cain were the sons of Adam, but who was
Adam born from? Bullha, even before them, the
grandfather[2] was dandled in his lap.

81

I[1] am consumed with desire for my beloved. I am
anxiously standing in wait[2] for him.
I do not have even the smallest coin on me. I long to cross
over to the other side. I am not on friendly terms with
the boatmen. Foolishly, I get into quarrels with them.
There is a commotion on the banks of the river Chenab.
The waves surge in the whirlpools. Strong swimmers
keep drowning here. If I make a noise, I go crazy.
The tributaries of the river Chenab are deep. Swimmers
dive deep into them. My beloved has gone across. I am
left here alone.
The branches of the river Chenab can only be crossed by
swimming. I stand waiting for my beloved to come.
My love for my beloved has filled me with ecstasy. If
I cry out, I am destroyed.

ਪਾਰ ਝਨਾਓਂ ਜੰਗਲ ਬੇਲੇ, ਓਥੇ ਖ਼ੂਨੀ ਸ਼ੇਰ ਬਘੇਲੇ
ਝਬ ਰੱਬ ਮੈਨੂੰ ਮਾਹੀ ਮੇਲੇ, ਮੈਂ ਏਸ ਫ਼ਿਕਰ ਵਿਚ ਗਲੀ ਆਂ

ਅੱਧੀ ਰਾਤੀ ਲਟਕਣ ਤਾਰੇ, ਇਕ ਲਟਕੇ ਇਕ ਲਟਕਣਹਾਰੇ
ਮੈਂ ਉੱਠ ਆਈ ਨਦੀ ਕਿਨਾਰੇ, ਹੁਣ ਪਾਰ ਲੰਘਣ ਨੂੰ ਖਲੀ ਆਂ

ਮੈਂ ਮਨਤਾਰੂ ਸਾਰ ਕੀ ਜਾਣਾਂ, ਵੰਝ ਨਾ ਚੱਪਾ ਤੁਲ੍ਹਾ ਪੁਰਾਣਾ
ਘੁੰਮਣ ਘੇਰ ਨਾ ਟਾਂਗ ਟਿਕਾਣਾ, ਰੋ ਰੋ ਫਾਟਾਂ ਤਲੀਆਂ

ਬੁੱਲ੍ਹਾ ਸ਼ਹੁ ਘਰ ਮੇਰੇ ਆਵੇ, ਹਾਰ ਸ਼ਿੰਗਾਰ ਮੇਰੇ ਮਨ ਭਾਵੇ
ਮੂੰਹ ਮੁਕਟਾ ਮੱਥੇ ਤਿਲਕ ਲਗਾਵੇ, ਜੇ ਵੇਖੇ ਤਾਣ ਮੈਂ ਭਲੀ ਆਂ

੯੨

ਤੁਸੀਂ ਆਓ ਮਿਲੋ ਮੇਰੀ ਪਿਆਰੀ, ਮੇਰੇ ਟੁਰਨੇ ਦੀ ਹੋਈ ਤਿਆਰੀ

ਸੱਭੇ ਰਲ ਕੇ ਟੋਰਨ ਆਈਆਂ, ਮਾਸੀਆਂ ਫੁੱਫੀਆ ਚਾਚੀਆਂ ਤਾਈਆਂ
ਸੱਭੇ ਰੋਂਦੀਆਂ ਜ਼ਾਰੋ ਜ਼ਾਰੀ

ਸੱਭੇ ਆਖਣ ਇਹ ਗੱਲ ਜਾਣੀਂ, ਹਰਦਮ ਹੋਕੇ ਰਹੀਂ ਨਿਮਾਣੀ
ਤਾਹੀਂ ਲੱਗੇਂਗੀ ਓਥੇ ਪਿਆਰੀ

ਸੱਭੇ ਟੋਰ ਘਰਾਂ ਨੂੰ ਮੁੜੀਆਂ, ਮੈਂ ਹੋ ਇਕ ਇਕੱਲੜੀ ਟੁਰੀ ਆਂ
ਹੋਈ ਆਂ ਡਾਰੋਂ ਕੂੰਜ ਨਿਆਰੀ

On the other side of the Chenab there are jungles and thickets, where cruel tigers and panthers roam. May the lord bring me quickly to my beloved. This anxiety is killing me.

It is the middle of the night and the stars are waning. Some have already waned; others are about to do so. I have got up and come to the riverbank. Now I am standing here waiting to cross.

I cannot swim and do not have a clue what to do. I have no pole or oar, and my raft is old. There are whirlpools, and no crossing place is marked. I weep and wring my hands.

Bullha, if the lord comes to my house, all my finery pleases me. He is wearing a diadem[3] and a forehead mark. If he looks at me, I feel fine.

82

Come to me, my dears. My departure is prepared.

They have all come to see me off, all my various aunts on both sides. They all weep bitterly.

They all say, "Just be aware of this. You must be humble at every moment. That way you will be liked there."

After seeing me off, they all return to their houses. I have departed alone. I am like the crane who is separated from her flock.

ਬੁੱਲ੍ਹਾ ਸ਼ਹੁ ਮੇਰੇ ਘਰ ਆਵੇ, ਮੈਂ ਕੁੱਚਜੀ ਨੂੰ ਗਲ ਲਾਵੇ
ਇਕ ਸ਼ਹੁ ਦੀ ਬਾਤ ਨਿਆਰੀ

੮੩

ਤੁਸੀਂ ਕਰੋ ਅਸਾਡੀ ਕਾਰੀ, ਕੇਹੀ ਹੋ ਗਈ ਵੇਦਨ ਭਾਰੀ

ਉਹ ਮੇਰੇ ਘਰ ਅੰਦਰ ਆਇਆ, ਉਸ ਨੇ ਮੈਨੂੰ ਆ ਭਰਮਾਇਆ
ਪੁੱਛੋ ਜਾਦੂ ਹੈ ਕਿ ਸਾਇਆ, ਉਸ ਤੋਂ ਲਵੋ ਹਕੀਕਤ ਸਾਰੀ

ਉਹੋ ਦਿਲ ਮੇਰੇ ਵਿਚ ਵਸਦਾ, ਬੈਠਾ ਨਾਲ ਅਸਾਡੇ ਹਸਦਾ
ਪੁੱਛਾਂ ਬਾਤਾਂ ਤੇ ਉਠ ਨਸਦਾ, ਲੈ ਬਾਜ਼ਾਂ ਵਾਂਗ ਉਡਾਰੀ

ਮੈਂ ਸ਼ਹੁ ਦਰਿਆਵਾਂ ਪਈ ਆਂ, ਠਾਠਾਂ ਲਹਿਰਾਂ ਦੇ ਮੂੰਹ ਗਈ ਆਂ
ਫੜੂ ਕੋ ਘੁੰਮਣ ਘੇਰ ਭਵਈਆਂ, ਪੜ ਬਰਖਾ ਰੈਣ ਅੰਧਾਰੀ

ਸਾਈਆਂ ਐਡ ਛਨਿਛਰ ਚਾਏ, ਤਾਰੇ ਖਾਰਿਆਂ ਹੇਠ ਛੂਪਾਏ
ਮੁੰਜ ਦੀਆਂ ਰੱਸੀਆਂ ਨਾਗ ਬਣਾਏ, ਇਹਨਾਂ ਸਹਿਰਾਂ ਤੋਂ ਬਲਿਹਾਰੀ

ਇਹ ਜੋ ਮੁਰਲੀ ਕਾਨ੍ਹ ਵਜਾਈ, ਦਿਲ ਮੇਰੇ ਨੂੰ ਚੋਟ ਲਗਾਈ
ਆਹ ਦੇ ਨਾਅਰੇ ਕਰਦੀ ਆਹੀ, ਮੈਂ ਰੋਵਾਂ ਜ਼ਾਰੋ ਜ਼ਾਰੀ

ਇਸ਼ਕ ਦੀਵਾਨੇ ਲੀਕਾਂ ਲਾਈਆਂ, ਡਾਢੀਆਂ ਘਣੀਆਂ ਸੱਥਾਂ ਪਾਈਆਂ
ਹਾਂ ਮੈਂ ਬਕਰੀ ਵਿੱਚ ਕਸਾਈਆਂ, ਰਹਿੰਦਾ ਸਹਿਮ ਹਮੇਸ਼ਾ ਭਾਰੀ

Bullha, the lord may embrace me if he comes to my house, although I am so unaccomplished. The ways of the lord are strange.

83

Give me a cure that works. I suffer from a grievous pain.
He came inside my house. He came and bewitched me. Ask if it is magic or a shadow.[1] Get the whole truth from him.
It is he who dwells in my heart. He sits with me and laughs. If I ask him things, he runs away. He takes flight like a hawk.
Now, lord, I have fallen into the river.[2] I am engulfed by the waves and billows. I have been seized and spun around in the whirlpools. The rain is falling and the night is dark.
Oh lord, you have performed such great and powerful tricks. You have hidden the stars under baskets.[3] You have turned fiber ropes into snakes. I am sacrificed to all this magic.
This flute that Krishna played inflicted a wound on my heart. I sighed and uttered loud laments, while weeping bitter tears.
My mad love has brought me disgrace. It has brought me before harsh tribunals. I am a goat among butchers. I am always gripped by deep terror.

ਇਸ਼ਕ ਰੁਹੇਲਾ ਨਾਹੀਂ ਜਚਦਾ, ਅੰਦਰ ਧਰਿਆ ਬੰਨੇ ਨਚਦਾ
ਮੈਨੂੰ ਦਿਓ ਸੁਨੇਹੜਾ ਸਚ ਦਾ, ਮੇਰੀ ਕਰੋ ਕੋਈ ਗ਼ਮਖ਼ਾਰੀ

ਮੈਂ ਕੀ ਮਿਹਰ ਮੁਹੱਬਤ ਜਾਣਾਂ, ਸਈਆਂ ਕਰਦੀਆਂ ਜ਼ੋਰ ਧਿੰਗਾਣਾ
ਗਲਗਲ ਮੇਵਾ ਕੀ ਹਦਵਾਣਾ, ਕੀ ਕੋਈ ਵੈਦ ਪਸਾਰੀ

ਨੌਸ਼ਹੁ ਜਿਸ ਦਾ ਬਾਂਸ ਬਰੇਲੀ, ਟੁੱਟੀ ਡਾਲੋਂ ਰਹੇ ਇਕੇਲੀ
ਕੂਕੇ ਬੇਲੇ ਬੇਲੀ ਬੇਲੀ, ਉਹਦੀ ਕਰੇ ਕੋਈ ਦਿਲਦਾਰੀ

ਬੁੱਲ੍ਹਾ ਸ਼ਹੁ ਦੇ ਜੇ ਮੈਂ ਜਾਵਾਂ, ਅਪਣਾ ਸਿਰ ਧੜ ਫੇਰ ਨਾ ਪਾਵਾਂ
ਓਥੇ ਜਾਵਾਂ ਫੇਰ ਨਾ ਆਵਾਂ, ਏਥੇ ਐਵੇਂ ਉਮਰ ਗੁਜ਼ਾਰੀ

੮੪

ਤੂੰ ਕਿਧਰੋਂ ਆਇਆ ਕਿਧਰ ਜਾਣਾ, ਅਪਣਾ ਦੱਸ ਟਿਕਾਣਾ

ਜਿਸ ਠਾਣੇ ਦਾ ਮਾਣ ਕਰੇਂ ਤੂੰ, ਤੇਰੇ ਨਾਲ ਨਾ ਜਾਸੀ ਠਾਣਾ

ਜ਼ੁਲਮ ਕਰੇਂ ਤੇ ਲੋਕ ਸਤਾਵੇਂ, ਕਸਬ ਫੜਿਓ ਲੁਟ ਖਾਣਾ

ਮਹਿਬੂਬ ਸੁਜਾਨੀ ਕਰੇ ਅਸਾਨੀ, ਖ਼ੌਫ਼ ਜਾਏ ਮਲਕਾਣਾ

ਸ਼ਹਿਰ ਖ਼ਮੋਸ਼ਾਂ ਦੇ ਚਲ ਵੱਸੀਏ, ਜਿੱਥੇ ਮੁਲਕ ਸਮਾਣਾ

Fierce love cannot be properly understood. If it is placed inside, it dances on the boundary wall. Give me a message from the true one. Let someone show me some sympathy.
What do I know of kindness and love? My girlfriends are violent toward me. I do not know the difference between a citron and a watermelon.[4] Is there any doctor or apothecary for me?
The girl whose bridegroom is like bamboo from Bareilly[5] has been broken off from the branch and is alone. In the river glade she cries, "Beloved, beloved." Will anyone console her?
Bullha, if I go to the lord's, I will not get my life back again.[6] If I go there, I will not return. Here my life has been passed for nothing.

84

Where have you come from, where are you going to? Tell us where you live.
The position of which you are so proud will not go with you.
You oppress people and torment them. You have stolen their food and snatched away their livelihood.
The wise beloved makes things easy, and makes the fear of the angel of death go away.
You must go and settle in the city of the silent,[1] into which the whole country is admitted.

ਭਰ ਭਰ ਪੂਰ ਲੰਘਾਵੇ ਡਾਢਾ, ਮਲਕੁਲਮੌਤ ਮੁਹਾਣਾ

ਕਰ ਲਏ ਚਾਵੜ ਚਾਰ ਦਿਹਾੜੇ, ਓੜਕ ਤੂੰ ਉੱਠ ਜਾਣਾ

ਇਨ੍ਹਾਂ ਸਭਨਾਂ ਥੀਂ ਏ ਬੁੱਲ੍ਹਾ, ਔਗਣਹਾਰ ਪੁਰਾਣਾ

੯੫

ਤੂੰਹੀਓਂ ਹੈਂ ਮੈਂ ਨਾਹੀਂ ਵੇ ਸਜਣਾ, ਤੂੰਹੀਓਂ ਹੈਂ ਮੈਂ ਨਾਹੀਂ

ਖੋਲੇ ਦੇ[੧] ਪਰਛਾਵੇਂ ਵਾਂਗੂੰ, ਰਿਹਾ ਮਨ ਮਾਹੀਂ

ਜਾਂ ਬੋਲਾਂ ਤੂੰ ਨਾਲੇ ਬੋਲੇਂ, ਚੁੱਪ ਕਰਾਂ ਮਨ ਮਾਹੀਂ

ਜਾਂ ਸੌਵਾਂ ਤੇ ਨਾਲੇ ਸੌਵੇਂ, ਜਾਂ ਟੁਰਾਂ ਤੂੰ ਰਾਹੀਂ

ਬੁੱਲ੍ਹਾ ਸ਼ਹੁ ਘਰ ਆਇਆ ਸਾਡੇ, ਜਿੰਦੜੀ ਘੋਲ ਘੁਮਾਈਂ

੯੬

ਤੇਰਾ ਨਾਮ ਧਿਆਈਦਾ, ਸਾਈਂ ਤੇਰਾ ਨਾਮ ਧਿਆਈਦਾ

ਬੁੱਲ੍ਹੇ ਨਾਲੋਂ ਚੁੱਲ੍ਹਾ ਚੰਗਾ, ਜਿਸ ਪਰ ਤੁਆਮ ਪਕਾਈਦਾ

ਰਲ ਫ਼ਕੀਰਾਂ ਮਜਲਿਸ ਕੀਤੀ, ਭੋਰਾ ਭੋਰਾ ਖਾਈਦਾ

ਰੰਗੜ ਨਾਲੋਂ ਖੰਗਰ ਚੰਗਾ, ਜਿਸ ਪਰ ਪੈਰ ਘਸਾਈਦਾ

Full loads of passengers are taken across by the cruel ferryman, the angel of death.
You may enjoy yourself for a few days, but in the end you must get up and leave.
Bullha has long been more sinful than all these creatures.

85

There is only you, there is no me, beloved. There is only you, there is no me.
Like the shadows in a ruined house, I go around and around in my head.
When I speak, then you speak too. When I am silent, you are in my mind.
When I sleep, you sleep with me. When I walk, you are on my way.
Bullha, the lord has come to my house. My life is sacrificed to him.

86

Your[1] name is the focus of our meditation, lord, your name is the focus of our meditation.
Better than Bullha is a hearth[2] on which food is cooked.
The fakirs have come together and held a party, where every crumb is eaten.
Better than a Ranghar[3] is a lump of brick on which the foot is rubbed.

ਬੁੱਲ੍ਹਾ ਸ਼ਹੁ ਨੂੰ ਸੋਈ ਪਾਵੇ, ਜੋ ਬਕਰਾ ਬਣੇ ਕਸਾਈ ਦਾ

੮੭

ਤੈਂ ਕਿਤ ਪਰ ਪਾਉਂ ਪਸਾਰਾ ਏ, ਕੋਈ ਦਮ ਕਾ ਈਹਾਂ ਗੁਜ਼ਾਰਾ ਏ

ਇਕ ਪਲਕ ਝਲਕ ਦਾ ਮੇਲਾ ਏ, ਕੁਝ ਕਰ ਲੈ ਏਹੋ ਵੇਲਾ ਏ
ਇਹ ਘੜੀ ਗ਼ਨੀਮਤ ਦਿਹਾੜਾ ਏ

ਇਕ ਰਾਤ ਸਰਾਂ ਦਾ ਰਹਿਣਾ ਏ, ਏਥੇ ਆ ਕਰ ਫੁੱਲ ਨਾ ਬਹਿਣਾ ਏ
ਕਲ ਸਭ ਦਾ ਕੂਚ ਨਕਾਰਾ ਏ

ਤੂੰ ਓਸ ਮਕਾਨੋਂ ਆਇਆ ਹੈਂ, ਏਥੇ ਆਦਮ ਬਣ ਸਮਾਇਆ ਹੈਂ
ਹੁਣ ਛੱਡ ਮਜਲਿਸ ਕੋਈ ਕਾਰਾ ਏ

ਬੁੱਲ੍ਹਾ ਸ਼ਹੁ ਇਹ ਭਰਮ ਤੁਮ੍ਹਾਰਾ ਏ, ਸਿਰ ਚੁੱਕਿਆ ਪਰਬਤ ਭਾਰਾ ਏ
ਉਸ ਮੰਜ਼ਲ ਰਾਹ ਨਾ ਖਾਹੜਾ ਏ

੮੮

ਦਿਲ ਲੋਚੇ ਮਾਹੀ ਯਾਰ ਨੂੰ

ਇਕ ਹਸ ਹਸ ਗੱਲਾਂ ਕਰਦੀਆਂ, ਇਕ ਰੋਂਦੀਆਂ ਧੋਂਦੀਆਂ ਭਰਦੀਆਂ
ਕਹੋ ਫੁੱਲੀ ਬਸੰਤ ਬਹਾਰ ਨੂੰ, ਦਿਲ ਲੋਚੇ ਮਾਹੀ ਯਾਰ ਨੂੰ

ਮੈਂ ਨ੍ਹਾਤੀ ਧੋਤੀ ਰਹਿ ਗਈ, ਇਕ ਗੰਢ ਮਾਹੀ ਦਿਲ ਪੈ ਗਈ
ਭਾਹ ਲਾਈਏ ਹਾਰ ਸ਼ਿੰਗਾਰ ਨੂੰ, ਦਿਲ ਲੋਚੇ ਮਾਹੀ ਯਾਰ ਨੂੰ

Bullha, the lord is found by those who become a goat for the butcher.

87

What have you spread yourself out on? You are here for only a few moments.
It is a fair that is over in a flash. Do something, now is the time. This moment, this day is your opportunity.
You get one night's stay in this caravanserai. When you get here, do not spread yourself out. Tomorrow the departure drum sounds for everyone.
You have come from that abode. You have settled yourself here as a human being. Now leave the party—you have a task to perform.
Bullhe Shah, this is your delusion. You have loaded a heavy mountain on your head. This is not the road or passage to that destination.

88

My heart desires my dear beloved.
Some girls laugh and talk, some weep bitterly and suffer. Just tell the blossoming spring: "My heart desires my dear beloved."[1]
I am left here all bathed and washed. My beloved has taken against me. Into the fire with all this finery! My heart desires my dear beloved.

ਮੈਂ ਕਮਲੀ ਕੀਤੀ ਦੂਤੀਆਂ, ਦੁਖ ਘੇਰ ਚੁਫੇਰਿਓਂ ਲੀਤੀਆਂ
ਘਰ ਆ ਮਾਹੀ ਦੀਦਾਰ ਨੂੰ, ਦਿਲ ਲੋਚੇ ਮਾਹੀ ਯਾਰ ਨੂੰ

੫ ਬੁੱਲ੍ਹਾ ਸ਼ਹੁ ਮੇਰੇ ਘਰ ਆਇਆ, ਮੈਂ ਘੁਟ ਰਾਂਝਣ ਗਲ ਲਾਇਆ
ਦੁੱਖ ਗਏ ਸਮੁੰਦਰੋਂ ਪਾਰ ਨੂੰ, ਦਿਲ ਲੋਚੇ ਮਾਹੀ ਯਾਰ ਨੂੰ

੮੯

ਨਾ ਜੀਵਾਂ ਮਹਾਰਾਜ, ਮੈਂ ਤੇਰੇ ਬਿਨ ਨਾ ਜੀਵਾਂ

ਇਹਨਾਂ ਸੁਕਿਆਂ ਫੁਲਾਂ ਵਿਚ ਬਾਸ ਨਹੀਂ, ਪਰਦੇਸ ਗਿਆਂ ਦੀ ਕੋਈ ਆਸ ਨਹੀਂ
ਜਿਹੜੇ ਸਾਈਂ ਸਾਜਣ ਪਾਸ ਨਹੀਂ

ਤੂੰ ਕੀ ਸੁੱਤਾ ਏਂ ਚਾਦਰ ਤਾਣ ਕੇ, ਸਿਰ ਤੇ ਮੌਤ ਖਲੋਤੀ ਆਣ ਕੇ
ਕੋਈ ਅਮਲ ਨਾ ਕੀਤਾ ਜਾਣ ਕੇ

ਕੀ ਮੈਂ ਖੱਟਿਆ ਤੇਰੀ ਹੋ ਕੇ, ਦੋਵੇਂ ਨੈਣ ਗਵਾਏ ਰੋ ਕੇ
ਤੇਰਾ ਨਾਮ ਲਈਏ ਮੁਖ ਧੋ ਕੇ

੫ ਬੁੱਲ੍ਹਾ ਸ਼ਹੁ ਬਦੇਸੋਂ ਆਉਂਦਾ, ਹੱਥ ਕੰਗਣਾ ਤੇ ਬਾਹੀਂ ਲਟਕਾਉਂਦਾ
ਸਿਰ ਸਦਕਾ ਤੇਰੇ ਨਾਉਂ ਦਾ

My enemies have made me mad. Griefs have surrounded me on all sides. Come home, beloved, and let me see you. My heart desires my dear beloved.
Bullha, the lord has come to my house. I have held Ranjha in a tight embrace. My griefs have vanished across the ocean. My heart desires my dear beloved.

89

Lord, I cannot live, I cannot live without you.
There is no fragrance in these withered flowers. There is no hope of his return from foreign parts. The one who is my beloved lord is not by my side.
Why have you covered yourself with a sheet and gone to sleep? Death has come to hover over your head. You have not consciously performed any good action.
What have I gained by becoming yours? I have destroyed both my eyes through weeping. I bathe my face in tears as I take your name.
Bullha, the lord comes from foreign parts, with a thread tied around his wrist and his arms hanging loose. My head is a sacrifice to your name.

੯੦

ਨਿੱਤ ਪੜ੍ਹਨਾ ਏਂ ਇਸਤਗ਼ਫ਼ਾਰ, ਕੈਸੀ ਤੋਬਾ ਹੈ ਇਹ ਯਾਰ

ਸਾਵੀਂ ਦੇ ਕੇ ਲਵੇਂ ਸਵਾਈ, ਵਿਧੀਆਂ ਦੀ ਤੂੰ ਬਾਜ਼ੀ ਲਾਈ
ਮੁਸਲਮਾਨੀ ਇਹ ਕਿਥੋਂ ਪਾਈ, ਇਹ ਤੇਰਾ ਕਿਰਦਾਰ

ਜਿਥੇ ਨਾ ਜਾਣਾ ਓਥੇ ਜਾਏਂ, ਮਾਲ ਪਰਾਇਆ ਮੂੰਹ ਧਰ ਖਾਏਂ
ਕੂੜ ਕਿਤਾਬਾਂ ਸਿਰ ਤੇ ਚਾਏਂ, ਇਹ ਤੇਰਾ ਇਤਬਾਰ

ਜ਼ਾਲਮ ਜ਼ੁਲਮੋਂ ਨਾਹੀਂ ਡਰਦੇ, ਅਪਣੀ ਅਮਲੀਂ ਆਪੇ ਮਰਦੇ
ਮੂੰਹੋਂ ਤੋਬਾ ਦਿਲੋਂ ਨਾ ਕਰਦੇ, ਏਥੇ ਓਥੇ ਹੋਣ ਖ਼ੁਆਰ

ਸੌ ਦਿਨ ਜੀਵੇਂ ਇਕ ਦਿਨ ਮਰਸੇਂ, ਉਸ ਦਿਨ ਖ਼ੌਫ਼ ਖ਼ੁਦਾ ਦਾ ਕਰਸੇਂ
ਇਸ ਤੋਬਾ ਥੀਂ ਤੋਬਾ ਕਰਸੇਂ, ਉਹ ਤੋਬਾ ਕਿਸ ਕਾਰ

ਬੁੱਲ੍ਹਾ ਸ਼ਹੁ ਦੀ ਸੁਣੋ ਹਕਾਇਤ, ਹਾਦੀ ਫੜਿਆਂ ਹੋਈ ਹਦਾਇਤ
ਮੇਰਾ ਸਾਈਂ ਸ਼ਾਹ ਇਨਾਇਤ, ਉਹੋ ਲੰਘਾਵੇ ਪਾਰ

੯੧

ਨੀ ਸਈਓ ਮੈਂ ਗਈ ਗਵਾਚੀ, ਖੋਲ੍ਹ ਘੁੰਘਟ ਮੁਖ ਨਾਚੀ

ਜਿਤ ਵੱਲ ਵੇਖਾਂ ਉਤ ਵੱਲ ਓਹੀ, ਕਸਮ ਓਸੇ ਦੀ ਹੋਰ ਨਾ ਕੋਈ
'ਵਹੁਵ ਮਅਕੁਮ' ਫਿਰ ਗਈ ਧ੍ਰੋਈ, ਜਬ ਗੁਰ ਪਤਰੀ ਤੇਰੀ ਵਾਚੀ

90

You keep asking for God's forgiveness.[1] What sort of repentance is this, my friend?
On whatever you give, you charge an extra 25 percent. You play a tricky game. Where did you discover how to be this sort of Muslim? Is this how you behave?
You go where you should not go. You greedily consume the wealth that belongs to others. You load your head with books full of falsehood. Is this what you put your trust in?
Oppressors have no fear of being oppressive. They are the ones who die through their own actions. They profess repentance with their lips, not with their hearts. They are disgraced in this world and the next.
You may live for a hundred days, but one day you will die. On that day you will be afraid of God. You will repent of this repentance. What use is that repentance?
Hear the tale of Bullhe Shah. He found true guidance when he took hold of the true guide. My lord is Shah Inayat. It is he who delivers me across.

91

I am utterly lost, girls. I have removed the veil from my face and danced.
In whichever direction I look, he alone is there. By him I swear that there is no one else. The cry *And he is with you*[1] was proclaimed, oh master, when your manual[2] was read out.

ਨਾਮ ਨਿਸ਼ਾਨ ਨਾ ਮੇਰਾ ਸਈਓ, ਜੋ ਆਖਾਂ ਤੁਸੀਂ ਚੁੱਪ ਕਰ ਰਹੀਓ
ਇਹ ਗੱਲ ਮੂਲ ਕਿਸੇ ਨਾ ਕਹੀਓ, ਬੁੱਲ੍ਹਾ ਖ਼ੂਬ ਹਕੀਕਤ ਜਾਚੀ

੯੨

ਨੀ ਕੁਟੀਚਲ ਮੇਰਾ ਨਾਂ

ਮੁੱਲਾਂ ਮੈਨੂੰ ਸਬਕ ਪੜ੍ਹਾਇਆ, ਅਲਫ਼ੋਂ ਅੱਗੇ ਕੁਝ ਨਾ ਆਇਆ
ਉਸ ਦੀਆਂ ਜੁੱਤੀਆਂ ਖਾਂਦੀ ਸਾਂ

ਕਿਵੇਂ ਕਿਵੇਂ ਦੋ ਅੱਖੀਆਂ ਲਾਈਆਂ, ਰਲ ਕੇ ਸਈਆਂ ਮਾਰਨ ਆਈਆਂ
ਨਾਲੇ ਮਾਰੇ ਬਾਬਲ ਮਾਂ

ਸਹੁਰੇ ਸਾਨੂੰ ਵੜਨ ਨਾ ਦੇਂਦੇ, ਨਾਨਕ ਦਾਦਕ ਘਰੋਂ ਕਢੇਂਦੇ
ਮੇਰਾ ਪੇਕੇ ਨਹੀਉਂ ਥਾਂ

੫ ਪੜ੍ਹਨ ਸੇਤੀ ਸਭ ਮਾਰਨ ਆਹੀਂ, ਬਿਨ ਪੜ੍ਹਿਆਂ ਹੁਣ ਛਡਦਾ ਨਾਹੀਂ
ਨੀ ਮੈਂ ਮੁੜ ਕੇ ਕਿਤ ਵੱਲ ਜਾਂ

ਬੁੱਲ੍ਹਾ ਸ਼ਹੁ ਕੀ ਲਾਇਆ ਮੈਨੂੰ, ਮਤ ਕੁਝ ਲੱਗੇ ਉਹ ਹੀ ਤੈਨੂੰ
ਤਦ ਕਰੇਂਗਾ ਤੂੰ ਨਿਆਂ

੯੩

ਨੀ ਮੈਨੂੰ ਲਗੜਾ ਇਸ਼ਕ ਅਵਲ ਦਾ, ਅਵਲ ਦਾ ਰੋਜ਼ ਅਜ਼ਲ ਦਾ

ਵਿਚ ਕੜਾਹੀ ਤਲ ਤਲ ਜਾਵੇ, ਤਲਿਆਂ ਨੂੰ ਚਾ ਤਲਦਾ

I have no name or mark, girls. Keep silent when I speak. Make sure you do not tell this to anyone. Bullha has a firm sense of the truth.

92

"Dunce"[1] is my name, oh.
The mullah taught me the lesson, but I could not get beyond *alif*.[2] I suffered a beating with his slippers.
Somehow or other our eyes met. My girlfriends have got together to beat me. My father and mother beat me too.
My in-laws do not let me in. My grandparents' people throw me out of their homes. I have no place in my father's house.
When they study, the class all heave sighs. Now, unless I study, the teacher does not spare me. Oh, where can I turn to?
Bullha, what did the lord do to me? Mind that something does not happen to you too. Then you will be fair to me.

93

Oh, I was smitten by love from the first. From the first, from the day of pre-eternity.[1]
Love fries its victims in the pan. Those who are already fried are fried some more.

ਮੋਇਆਂ ਨੂੰ ਇਹ ਦਲ ਦਲ ਮਾਰੇ, ਵਲਿਆਂ ਨੂੰ ਚਾ ਵਲਦਾ

ਕਿਆ ਜਾਣਾਂ ਮੈਂ ਚਿਣਗੇ ਕੱਖੀਂ, ਨਿਤ ਸੂਲ ਕਲੇਜੇ ਸਲਦਾ

ਤੀਰ ਜਿਗਰ ਵਿਚ ਲੱਗਾ ਇਸ਼ਕੋਂ, ਨਹੀਂ ਹਲਾਇਆ ਹਲਦਾ

ਬੁੱਲ੍ਹਾ ਸ਼ਹੁ ਦਾ ਨੇਹੁੰ ਅਨੋਖਾ, ਨਹੀਂ ਰਲਾਇਆਂ ਰਲਦਾ

੬੪

ਪਤੀਆ ਲਿਖੂੰਗੀ ਮੈਂ ਸ਼ਾਮ ਨੂੰ, ਪੀਆ ਮੈਨੂੰ ਨਜ਼ਰ ਨ ਆਵੇ
ਆਂਗਨ ਬਨਾ ਡਰਾਵਣਾ, ਕਿਤ ਬਿਧ ਰੈਣ ਵਿਹਾਵੇ

ਕਾਗ਼ਜ਼ ਕਰੂੰ ਲਿਖ ਦਾਮਨੇ, ਨੈਣ ਆਂਸੂ ਲਾਊਂ
ਬਿਰਹੋਂ ਜਾਰੀ ਹੋਂ ਜਰੀ, ਦਿਲ ਫੂਕ ਜਲਾਊਂ

ਪਾਂਧੇ ਪੰਡਤ ਜਗਤ ਕੇ, ਪੁੱਛ ਰਹੀਆਂ ਸਾਰੇ
ਬੇਦ ਪੋਥੀ ਕਿਆ ਦੋਸ ਹੈ, ਹੀਣੇ ਭਾਗ ਹਮਾਰੇ

ਨੀਂਦ ਗਈ ਕਿਤੇ ਦੇਸ ਨੂੰ, ਉਹ ਭੀ ਵੈਰਨ ਮੇਰੀ
ਮਤ ਸੁਫ਼ਨੇ ਮੇਂ ਆ ਮਿਲੇ, ਉਹ ਨੀਂਦਰ ਕਿਹੜੀ

ਰੋ ਰੋ ਜੀਉ ਵਲਾਉਂਦੀਆਂ, ਗ਼ਮ ਕਰਨੀ ਆਂ ਦੂਣਾ
ਨੈਣੋਂ ਨੀਰ ਨਾ ਚੱਲੇ, ਕਿਸ ਕੀਤਾ ਟੂਣਾ

Those who are already dead get smothered to death again
and again. Those who are already gripped are gripped
some more.
Somehow it is like a spark in the straw. Its sharp pain
continually pierces my heart.
Love struck my heart with an arrow. It cannot be shaken
loose, however hard I try.
Bullha, the love between me and my lord is strange. We
cannot be united, however hard I try.

94

I will write a note to my beloved. I cannot see the one I
love. The courtyard has become frightening. How will
I get through the night?
I will make my paper by writing on my hem. I use my eyes'
tears to write with. I am consumed by separation.
I will blow on my heart and make it burn.
I keep asking all the world's Brahmans and priests: "What
is wrong in the Vedas and holy books, for my luck to be
so bad?"
Sleep has departed to some other land. It too is my enemy.
Maybe he will come to me in a dream. What a sleep
that would be.
I try to divert myself by weeping, but I suffer a double
sorrow. No tears flow from my eyes. Who has cast
this spell?

ਪੀੜ ਪਰਾਈ ਜਰ ਰਹੀ, ਰੋਮ ਰੋਮ ਦੁਖ ਜਾਗੇ
ਬੇਦਰਦੀ ਬਾਂਹੀਂ ਟੋਹ ਕੇ, ਮੁੜ ਪਾਛੇ ਭਾਗੇ

ਭਾਈਆ ਵੇ ਜੋਤਸ਼ੀਆ, ਇਕ ਬਾਤ ਸੱਚੀ ਵੀ ਕਹੀਓ
ਜੋ ਮੈਂ ਹੀਣੀ ਕਰਮ ਦੀ, ਤੁਸੀਂ ਚੁੱਪ ਨਾ ਰਹੀਓ

ਇਕ ਹਨੇਰੀ ਕੋਠੜੀ, ਦੂਜਾ ਦੀਆ ਨਾ ਬਾਤੀ
ਬਾਹੋਂ ਫੜ੍ਹ ਕੋ ਲੈ ਚੱਲੇ, ਕੋਈ ਸੰਗ ਨਾ ਸਾਥੀ

ਭੱਜ ਸਕਾਂ ਨਾ ਭਜ ਜਾਂ, ਸੱਚਾ ਇਸ਼ਕ ਫ਼ਕੀਰੀ
ਦੁਲੜੀ ਤਿਲੜੀ ਚੌਲੜੀ, ਗਲ ਪਰੇਮ ਜ਼ੰਜੀਰੀ

੧੦ ਪਾਬੀ ਦੋਨੋਂ ਗੁੰਮ ਹੁਏ, ਸਿਰ ਲਾਗੀ ਜਾਣੇ
ਗਏ ਇਨਾਇਤ ਕਾਦਰੀ, ਫਿਰ ਕਠਨ ਕਹਾਣੇ

ਇਕ ਫ਼ਕਰਾਂ ਦੀ ਗੋਦੜੀ, ਲੱਗੇ ਪਰੇਮ ਦੇ ਧਾਗੇ
ਸੁੱਖੀਆ ਹੋਵੇ ਪੀ ਸਵੇਂ, ਕੋਈ ਦੁੱਖੀਆ ਜਾਗੇ

ਦਸਤ ਫੁੱਲਾਂ ਦੀ ਟੋਕਰੀ, ਕੋਈ ਲਿਓ ਬਪਾਰੀ
ਦਰ ਦਰ ਹੋਕਾ ਦੇ ਰਹੀ ਆਂ, ਸਭ ਚਲਣਹਾਰੀ

ਸਾਜਨ ਤੁਮਰੀ ਪ੍ਰੀਤ ਸੇ, ਮੁਝੇ ਹਾਥ ਕਿਆ ਆਇਆ
ਛਤਰ ਸੂਲਾਂ ਦਾ ਝਲਿਆ, ਤੇਰਾ ਪੰਥ ਨਾ ਪਾਇਆ

ਪਰੇਮ ਨਗਰ ਚਲ ਵਸੀਏ, ਜਿਥੇ ਕੰਤ ਹਮਾਰਾ
ਬੁੱਲ੍ਹਾ ਸ਼ਹੁ ਤੋਂ ਮੰਗਨੀ ਹਾਂ, ਜੇ ਦੇ ਨਜ਼ਾਰਾ

I suffer the pain caused by another. Suffering is awakened in every part of my body. The cruel one takes my pulse, but then he runs away from me.

Oh brother astrologer, just tell me the truth. Do not remain silent just because my fortune is bad.

Not only is my room dark, but there is no wick in my lamp. No friend or companion has taken me by the arm to lead me away.

I try to run away but I cannot. This love and this life of a fakir are true. Love has laid its chain of two, three, and four strands around my neck.

The light in both my eyes is lost. I realize what has happened to me. With the departure of Inayat Qadiri,[1] my story has again become difficult.

The quilt of Sufi poverty has been stitched by the thread of love. If the beloved is there, you may sleep happily; let some other unhappy wretch remain awake.

In my hand there is a basket of flowers; bring a trader here. At every door I keep crying out: "Everyone is about to depart."

Dear friend, what did I get from your love? I suffered overwhelming pain, but did not find the road that leads to you.

Let us go and live in the city of love, where our bridegroom lives. Bullha, I beg the lord to grant me a sight of him.

੯੫

ਪਰਦਾ ਕਿਸ ਤੋਂ ਰਾਖੀਦਾ, ਕਿਉਂ ਓਹਲੇ ਬਹਿ ਬਹਿ ਝਾਕੀਦਾ

ਪਹਿਲੋਂ ਆਪੇ ਸਾਜਨ ਸਾਜੀਦਾ, ਹੁਣ ਦਸਨਾ ਏਂ ਸਬਕ ਨਮਾਜੀ ਦਾ
ਹੁਣ ਆਇਆ ਆਪ ਨਜ਼ਾਰੇ ਨੂੰ, ਵਿਚ ਲੈਲਾ ਬਣ ਬਣ ਝਾਕੀਦਾ

ਸ਼ਾਹ ਸ਼ਮਸ ਦੀ ਖੱਲ ਲੁਹਾਇਓ, ਸੂਲੀ ਚਾ ਮਨਸੂਰ ਚੜ੍ਹਾਇਓ
ਜ਼ਕਰੀਏ ਸਿਰ ਕਲਵੱਤ੍ਰ ਧਰਾਇਓ, ਕੀ ਲੇਖਾ ਰਹਿ ਗਿਆ ਬਾਕੀ ਦਾ

'ਕੁਨ' ਕਿਹਾ 'ਫ਼ਯਕੂਨ' ਕਹਾਇਆ, ਬੇਚੂਨੀ ਦਾ ਚੂਨ ਬਣਾਇਆ
ਖ਼ਾਤਰ ਤੇਰੀ ਜਗਤ ਬਣਾਇਆ, ਸਿਰ ਪਰ ਛਤਰ 'ਲੌਲਾਕੀ' ਦਾ

ਹੁਣ ਸਾਡੇ ਵਲ ਧਾਇਆ ਏ, ਨਾ ਰਹਿੰਦਾ ਛੁਪਾ ਛੁਪਾਇਆ ਏ
ਕਿਤੇ ਬੁੱਲ੍ਹਾ ਨਾਮ ਧਰਾਇਆ ਏ, ਵਿਚ ਓਹਲਾ ਰੱਖਿਆ ਖ਼ਾਕੀ ਦਾ

੯੬

ਪੜਤਾਲਿਓ ਹੁਣ ਆਸ਼ਕ ਕਿਹੜੇ

ਨੇਹੁੰ ਲੱਗਾ ਮਤ ਗਈ ਗਵਾਤੀ, 'ਨਹਨੁ ਅਕਰਬ' ਜ਼ਾਤ ਪਛਾਤੀ
ਸਾਈਂ ਭੀ ਸ਼ਾਹ ਰਗ ਤੋਂ ਨੇੜੇ

ਹੀਰੇ ਹੋ ਮੁੜ ਰਾਂਝਾ ਹੋਈ, ਇਹ ਗਲ ਵਿਰਲਾ ਜਾਣੋ ਕੋਈ
ਚੁੱਕ ਪਏ ਸਭ ਝਗੜੇ ਝੇੜੇ

95

From whom are you veiling yourself? Why do you sit in concealment and peep out?

First you created yourself as our beloved. Now you teach us as a pious performer of prayers. Now it is you who have come for the spectacle. You are within it and keep peeping out as Laila.[1]

You had Shah Shams[2] flayed alive. You had Mansur[3] sent to the gallows. You set the saw to Zakariya's[4] head. What account is there left to settle?

You said *Let it be*,[5] and caused *and it was* to be said. You gave form to formlessness. For your sake the world was made. The royal umbrella of *If it were not for you*[6] was placed over his head.

Now he has come quickly upon us. He cannot remain hidden. Here he is given the name of Bullha, with the screen of earthliness[7] placed between us.

96

Which lovers have you tested now?

All my sense was destroyed with the onset of love. I recognized the essential meaning of *We are nearer*.[1] The lord is nearer than the jugular vein.

He was Hir and then became Ranjha. Very rare are the people who realize this. Once they do so, all disputes are resolved.

ਲੈ ਬਰਾਤਾਂ ਰਾਤੀਂ ਜਾਗਣ, ਨੂਰ ਨਬੀ ਦੇ ਬਰਸਣ ਲਾਗਣ
ਉਹੋ ਵੇਖ ਅਸਾਡੇ ਬੇੜੇ

'ਅਨਲਹੱਕ' ਆਪ ਕਹਾਇਆ ਲੋਕਾ, ਮਨਸੂਰ ਨਾ ਦੇਂਦਾ ਆਪੇ ਹੋਕਾ
ਮੁੱਲਾਂ ਬਣ ਬਣ ਆਵਣ ਨੇੜੇ

ਬੁੱਲ੍ਹਾ ਸ਼ਹੁ ਸ਼ਰ੍ਹਾ ਤੇ ਕਾਜ਼ੀ, ਹੱਕ ਹਕੀਕਤ ਤੇ ਭੀ ਰਾਜ਼ੀ
ਸਾਈਂ ਘਰ ਘਰ ਨਿਆਉਂ ਨਬੇੜੇ

੯੭

ਪਾਣੀ ਭਰ ਭਰ ਗਈਆਂ ਸੱਭੇ, ਆਪੋ ਅਪਣੀ ਵਾਰ
ਇਕ ਭਰ ਆਈਆਂ ਇਕ ਭਰ ਚਲੀਆਂ, ਇਕ ਖਲੀਆਂ ਬਾਂਹ ਪਸਾਰ
ਜਿਸ ਜਗ ਦਾ ਤੂੰ ਮਾਣ ਕਰੇਂ ਹੈ, ਸੋ ਜਗ ਤਾਰ ਬਤਾਰ

ਹਾਰ ਹਮੇਲਾਂ ਪਾਈਆਂ ਗਲ ਵਿਚ, ਬਾਹੀਂ ਛਣਕੇ ਚੂੜਾ
ਕੰਨੀਂ ਬੁਕ ਬੁਕ ਮਛਰੀਆਲੇ, ਸੱਭ ਅਡੰਬਰ ਕੂੜਾ
ਅਜੇ ਸ਼ਹੁ ਨੇ ਝਾਤ ਨਾ ਪਾਈ, ਐਵੇਂ ਗਿਆ ਸ਼ਿੰਗਾਰ

ਹੱਥੀਂ ਮਹਿੰਦੀ ਪੈਰੀਂ ਮਹਿੰਦੀ, ਸਿਰ ਤੇ ਧੜੀ ਗੁੰਦਾਈ
ਤੇਲ ਫੁਲੇਲ ਪਾਨਾਂ ਦਾ ਬੀੜਾ, ਦੰਦੀਂ ਮਿੱਸੀ ਲਾਈ
ਕੋਈ ਜੁ ਸਦ ਪਈਓਨੇ ਡਾਢੀ, ਵਿੱਸਰਿਆ ਘਰ ਬਾਰ

With letters of exemption,[2] they stay awake all night in vigil. The light of the Prophet begins to rain on them. See, he is in our courtyard.

It was you who made him say *I am God*.[3] It was not Mansur who cried out, people. Then you became the mullahs[4] who stood near.

Bullha, the lord is the law[5] and the judge. It is also he who delights in true reality. The lord dispenses justice in every house.

97

The women have all filled their vessels with water, each in their own turn. Some have got water and come, some have departed, while others are standing with outstretched arms. The world in which you take such pride crumbles into pieces.

You wear garlands and necklaces around your neck, bangles clink upon your wrists, and from your ears fine earrings hang clustered, but all this display is false. The lord has still not acknowledged you with a glance, so all this finery has been for nothing.

There is henna on your hands and feet, and your hair is tied in a bridal plait. Perfumed with oil and flower essence, you chew betel, and your teeth are decorated with *missī*.[1] But when you get the dread call, your family is forgotten.

ਬੁੱਲ੍ਹਾ ਸ਼ਹੁ ਦੇ ਪੰਧ ਪਵੇਂ ਜੇ, ਤਾਂ ਤੂੰ ਰਾਹ ਪਛਾਣੇਂ
ਪੌਂ ਬਾਰਾਂ ਪਾਸਿਓਂ ਮੰਗੇਂ, ਦਾਅ ਪਿਆ ਤ੍ਰੈ ਕਾਣੇ
ਗੁੰਗੀ ਡੋਰੀ ਕਮਲੀ ਹੋਈ, ਜਾਨ ਦੀ ਬਾਜ਼ੀ ਹਾਰ

੯੮

ਪਿਆਰਿਆ ਸੰਭਲ ਕੇ ਨੇਹੁੰ ਲਾ, ਪਿੱਛੋਂ ਪੱਛੋਤਾਵੇਂਗਾ

ਜਾਂਦਾ ਜਾਹ ਨਾ ਆਵੀਂ ਫੇਰ, ਓਥੇ ਬੇਪਰਵਾਹੀ ਢੇਰ
ਓਥੇ ਡਹਿਲ ਖਲੋਂਦੇ ਸ਼ੇਰ, ਤੂੰ ਵੀ ਫੱਦਿਆ ਜਾਵੇਂਗਾ

ਖੂਹ ਵਿਚ ਯੂਸਫ਼ ਪਾਇਓਨੇ, ਫਿਰ ਵਿਚ ਬਜ਼ਾਰ ਵਿਕਾਇਓਨੇ
ਇਕ ਅੱਟੀ ਮੁੱਲ ਪੁਰਾਇਓਨੇ, ਤੂੰ ਕੌਡੀ ਮੁੱਲ ਪਵਾਵੇਂਗਾ

ਨੇਹੁੰ ਲਾ ਵੇਖ ਜ਼ੁਲੈਖ਼ਾ ਲਏ, ਓਥੇ ਆਸ਼ਕ ਤੜਫਣ ਪਏ
ਮਜਨੂੰ ਕਰਦਾ ਹੈ ਹੈ ਹੈ, ਤੂੰ ਓਥੋਂ ਕੀ ਲਿਆਵੇਂਗਾ

੫ ਓਥੇ ਇਕਨਾਂ ਪੋਸ਼ ਲੁਹਾਈਦੇ, ਇਕ ਆਰਿਆਂ ਨਾਲ ਚਿਰਾਈਦੇ
ਇਕ ਸੂਲੀ ਪਕੜ ਚੜ੍ਹਾਈਦੇ, ਓਥੇ ਤੂੰ ਵੀ ਸੀਸ ਕਟਾਵੇਂਗਾ

ਘਰ ਕਲਾਲਾਂ ਤੇਰੇ ਪਾਸੇ, ਓਥੇ ਆਵਣ ਮਸਤ ਪਿਆਸੇ
ਭਰ ਭਰ ਪੀਵਣ ਪਿਆਲੇ ਕਾਸੇ, ਤੂੰ ਵੀ ਜੀ ਲਲਚਾਵੇਂਗਾ

ਦਿਲਬਰ ਹੁਣ ਗਿਓਂ ਕਿਤ ਲੋ, ਭਲਕੇ ਕੀ ਜਾਣਾਂ ਕੀ ਹੋ
ਮਸਤਾਂ ਦੇ ਨਾ ਕੋਲ ਖਲੋ, ਤੂੰ ਵੀ ਮਸਤ ਸਦਾਵੇਂਗਾ

Bullha, if you follow the path of the Lord, you will recognize the way. You want a winning throw, but you get three ones.[2] You have become dumb, deaf, and crazy,[3] having staked your life and lost.

98

Be careful how you fall in love, my dear. Later you will be sorry.

Go if you are going to go, do not come back again. There is great indifference over there.[1] Tigers stand still in fear over there. You too will get caught.

They put Yusuf in the well, then sold him in the bazaar. He was paid for in full with a hank of yarn.[2] You will be priced at a cowrie.[3]

Zulaikha[4] fell in love and bought him. Lovers are writhing in agony over there. Majnun[5] says, "Ah, ah, ah!" What will you bring back from over there?

Over there some have their skins flayed,[6] some are cut up with saws,[7] others are seized and put on the gallows.[8] You too will get your head cut off over there.

Right beside you is the distillers' house, where the thirsty drunks come. They drink full cups and goblets. You too will fill your heart with craving.

Which country have you gone to now, beloved? Who knows what will happen tomorrow? Do not stand near the drunks, or you will be called one too.

ਬੁੱਲ੍ਹਿਆ ਗ਼ੈਰ ਸ਼ਰ੍ਹਾ ਨਾ ਹੋ, ਸੁਖ ਦੀ ਨੀਂਦਰ ਭਰ ਕੇ ਸੋ
ਮੂੰਹੋਂ ਨਾ 'ਅਨਲਹੱਕ' ਬਗੋ, ਚੜ੍ਹ ਸੂਲੀ ਢੋਲੇ ਗਾਵੇਂਗਾ

੯੯

ਪਿਆਰਿਆ ਸਾਨੂੰ ਮਿਠੜਾ ਨਾ ਲਗਦਾ ਸ਼ੋਰ, ਸੁੰਨਮਈ ਤੇ ਰਾਜ਼ੀ ਰਹਿਣਾ

ਸਾਨੂੰ ਮਿਠੜਾ ਨਾ ਲਗਦਾ ਸ਼ੋਰ, ਮੈਂ ਘਰ ਖਿਲਾ ਸ਼ਗੂਫ਼ਾ ਹੋਰ
ਵੇਖੀਆਂ ਬਾਗ਼ ਬਹਾਰਾਂ ਹੋਰ, ਹੁਣ ਮੈਨੂੰ ਕੁਝ ਨਾ ਕਹਿਣਾ

ਹੁਣ ਮੈਂ ਮੋਈ ਨੀ ਮੇਰੀਏ ਮਾਂ, ਪੂਣੀ ਮੇਰੀ ਲੈ ਗਿਆ ਕਾਂ
ਡੋ ਡੋ ਕਰਦੀ ਮਗਰੇ ਜਾਂ, ਪੂਣੀ ਦੇ ਦਈਂ ਸਾਈਂ ਦੇ ਨਾਂ

ਬੁੱਲ੍ਹਾ ਸਾਈਂ ਦੇ ਨਾਲ ਪਿਆਰ, ਮਿਹਰ ਇਨਾਇਤ ਕਰੇ ਹਜ਼ਾਰ
ਇਹੋ ਕੌਲ ਤੇ ਇਹੋ ਕਰਾਰ, ਦਿਲਬਰ ਦੇਹ[੧] ਵਿਚ ਰਹਿਣਾ

੧੦੦

ਪਿਆਰੇ ਬਿਨ ਮਸਲ੍ਹਤ ਉਠ ਜਾਣਾ, ਤੂੰ ਕਦੀਏ ਹੋ ਸਿਆਣਾ

ਕਰਕੇ ਚਾਵੜ ਚਾਰ ਦਿਹਾੜੇ, ਥੀਸੇਂ ਅੰਤ ਨਿਮਾਣਾ
ਜ਼ੁਲਮ ਕਰੇਂ ਤੇ ਲੋਕ ਸਤਾਵੇਂ, ਛਡ ਦੇ ਜ਼ੁਲਮ ਕਮਾਣਾ

ਜਿਸ ਜਿਸ ਦਾ ਵੀ ਮਾਣ ਕਰੇਂ ਤੂੰ, ਸੋ ਵੀ ਸਾਥ ਨਾ ਜਾਣਾ
ਸ਼ਹਿਰ ਖ਼ਮੋਸ਼ਾਂ ਵੇਖ ਹਮੇਸ਼ਾਂ, ਜਿਸ ਵਿਚ ਜਗ ਸਮਾਣਾ

Bullha, do not act outside the law, and sleep undisturbed.
Do not come out with *I am God*,[9] or you will be singing merrily up on the gallows.

99

My dear, this noise is not agreeable to me. I would live in peaceful contentment.
This noise is not agreeable to me. Another blossom has opened in my house. I have seen new delights. Do not say anything to me now.
Now I am dead, Mother. The crow has taken away my cotton roll. I go to shoo it, saying, "In the name of the lord, give me back my cotton roll."
Bullha loves the lord, who bestows thousands of favors and blessings. All I vow and promise is that the beloved should dwell in my body.

100

My dear, you will have to get up and go without having done anything good. Will you ever become sensible?
For a few days you will have a good time, but you will be humbled in the end. You are cruel and oppress people. Give up this practice of cruelty.
Whatever you are proud of will not go with you. Always keep your eyes on the city of the silent,[1] into which the whole world is admitted.

ਭਰ ਭਰ ਪੂਰ ਲੰਘਾਵੇ ਡਾਢਾ, ਮਲਕੁਲਮੌਤ ਮੁਹਾਣਾ
ਏਥੇ ਜਿਤਨੇ ਹੈਂ ਸਭ ਤਨਤੇ, ਮੈਂ ਔਗਣਹਾਰ ਨਿਮਾਣਾ

ਬੁੱਲ੍ਹਾ ਦੁਸ਼ਮਨ ਨਾਲ ਬੁਰੇ ਵਿਚ, ਹੈ ਦੁਸ਼ਮਨ ਬਲ ਢਾਣਾ
ਮਹਿਬੂਬ ਰਬਾਨੀ ਕਰੇ ਅਸਾਨੀ, ਖ਼ੌਫ਼ ਜਾਏ ਮਲਕਾਣਾ

੧੦੧

ਪੀਆ ਪੀਆ ਕਰਤੇ ਹਮੀ ਪੀਆ ਹੋਏ, ਅਬ ਪੀਆ ਕਿਸ ਨੂੰ ਕਹੀਏ

ਹਿਜਰ ਵਸਲ ਹਮ ਦੋਨੋਂ ਛੋੜੇ, ਅਬ ਕਿਸ ਕੇ ਹੋ ਰਹੀਏ

ਮਜਨੂੰ ਲਾਲ ਦੀਵਾਨੇ ਵਾਂਗੂੰ, ਅਬ ਲੈਲਾ ਹੋ ਰਹੀਏ

ਬੁੱਲ੍ਹਾ ਸ਼ਹੁ ਘਰ ਮੇਰੇ ਆਏ, ਅਬ ਕਿਉਂ ਤਾਅਨੇ ਸਹੀਏ

੧੦੨

'ਫ਼ਸੁੰਮ ਵਜਹੁੱਲ੍ਹਾ' ਦਸਨਾ ਏਂ ਅੱਜ ਓ ਯਾਰ

ਘੁੰਘਟ ਖੋਲ ਮੁੱਖ ਵੇਖ ਨਾ ਮੇਰਾ, ਐਬ ਨਮਾਣੀ ਦੇ ਕੱਜ ਓ ਯਾਰ

ਮੈਂ ਅਣਜਾਣੀ ਤੇਰਾ ਨੇਹੁੰ ਕੀ ਜਾਣਾਂ, ਲਾਵਣ ਦਾ ਨਹੀਂ ਚੱਜ ਓ ਯਾਰ

ਹਾਜੀ ਲੋਕ ਮੱਕੇ ਨੂੰ ਜਾਂਦੇ, ਸਾਡਾ ਹੈਂ ਤੂੰ ਹੱਜ ਓ ਯਾਰ

Filling his boat with loads of passengers, the relentless ferryman who is the angel of death takes them across.
Everyone here is flourishing, but I am full of faults and wretched.
Bullha, the enemy[2] who is present in evil must be destroyed by force. When the divine beloved makes things easy, fear of the angel of death departs.

101

By repeating "Beloved, beloved," we too have become the beloved. Whom should we call "Beloved" now?
We have abandoned both separation and union. Now to whom should we belong?
Like Majnun[1] the mad lover, now let us live as Laila.
Bullha, the lord has come to my house. So why should we put up with reproaches?

102

Then there is the face of God[1] is what you tell us today, my beloved.
Do not lift the veil and look at my face. Hide the faults of this poor wretch, my beloved.
I am ignorant; what do I know of your love? I am not clever enough to practice it, my beloved.
Hajjis go to Mecca.[2] You are our pilgrimage, my beloved.

ਡੂੰਘੀ ਨਦੀ ਤੇ ਤੁਲ੍ਹਾ ਪੁਰਾਣਾ, ਮਿਲਸਾਂ ਕਿਹੜੇ ਪੱਜ ਓ ਯਾਰ

ਬੁੱਲ੍ਹਾ ਸ਼ਹੁ ਮੈਂ ਜ਼ਾਹਰ ਡਿਠਾ, ਲਾਹ ਮੂੰਹੋਂ ਤੋਂ ਲੱਜ ਓ ਯਾਰ

੧੦੩

ਬਸ ਕਰ ਜੀ ਹੁਣ ਬਸ ਕਰ ਜੀ, ਕਾਈ ਬਾਤ ਅਸਾਂ ਨਾਲ ਹਸ ਕਰ ਜੀ

ਤੁਸੀਂ ਦਿਲ ਮੇਰੇ ਵਿਚ ਵਸਦੇ ਹੋ, ਐਵੇਂ ਸਾਥੋਂ ਦੂਰ ਕਿਉਂ ਨਸਦੇ ਹੋ
ਨਾਲੇ ਘੱਤ ਜਾਦੂ ਦਿਲ ਖਸਦੇ ਹੋ, ਹੁਣ ਕਿਤ ਵਲ ਜਾਸੋ ਨਸ ਕਰ ਜੀ

ਤੁਸੀਂ ਮੋਇਆਂ ਨੂੰ ਮਾਰ ਨਾ ਖੁਟਦੇ ਸੀ, ਖਿੱਦੋ ਵਾਂਗ ਖੂੰਡੀ ਨਿਤ ਕੁਟਦੇ ਸੀ
ਗੱਲ ਕਰਦਿਆਂ ਦਾ ਗਲ ਘੁਟਦੇ ਸੀ, ਹੁਣ ਰਹੁ ਪਿੰਜਰ ਵਿਚ
ਫਸ ਕਰ ਜੀ[1]

ਤੁਸੀਂ ਛੁਪਦੇ ਹੋ ਅਸੀਂ ਪਕੜੇ ਹੋ, ਅਸਾਂ ਹਿਰਦੇ ਅੰਦਰ ਜਕੜੇ ਹੋ
ਤੁਸੀਂ ਅਜੇ ਛੁਪਣ ਨੂੰ ਤਕੜੇ ਹੋ, ਹੁਣ ਕਿੱਧਰ ਜਾਸੋ ਨਸ ਕਰ ਜੀ

ਮੈਂ ਬੁੱਲ੍ਹਾ ਸ਼ਹੁ ਦੀ ਬਰਦੀ ਹਾਂ, ਤੇਰਾ ਮੁਖ ਵੇਖਣ ਨੂੰ ਮਰਦੀ ਹਾਂ
ਨਿਤ ਸੌ ਸੌ ਮਿੰਨਤਾਂ ਕਰਦੀ ਹਾਂ, ਕਿਆ ਤੀਰ ਚਲਾਇਓ ਕਸ ਕਰ ਜੀ

The river[3] is deep and the raft is old. On what pretext can I meet you, my beloved?
Bullha, I have seen the lord in manifest form. Remove this modesty from your face, my beloved.

103

That is enough now, that is enough. Please say something to us with a laugh.
You dwell in my heart; what makes you run far away from me like this? At the same time you cast your spell and seize my heart. Which way will you run off now?
You do not stop killing those who are already dead. You keep hitting them, like a stick striking the ball. You throttle those who speak. Now let yourself be caught and caged.
You were hiding, but I caught you. You are still full of energy to hide. I have pinioned you in my heart. Where will you run away to now?
I, Bullha, am the slave girl of the lord. Now I am dying to see your face. I keep offering hundreds of pleas. How carefully you aimed your arrow at me!

੧੦੪

ਬੰਸੀ ਕਾਹਨ ਅਚਰਜ ਬਜਾਈ

ਬੰਸੀ ਵਾਲਿਆ ਚਾਕਾ ਰਾਂਝਾ, ਤੇਰਾ ਸੁਰ ਸਭ ਨਾਲ ਹੈ ਸਾਂਝਾ
ਤੇਰੀਆਂ ਮੌਜਾਂ ਸਾਡਾ ਮਾਂਝਾ, ਸਾਡੀ ਸੁਰ ਤੈਂ ਆਪ ਮਿਲਾਈ

ਬੰਸੀ ਵਾਲਿਆ ਕਾਹਨ ਕਹਾਵੇਂ, ਸ਼ਬਦ ਅਨੇਕ ਅਨੂਪ ਸੁਣਾਵੇਂ
ਅੱਖੀਆਂ ਦੇ ਵਿਚ ਨਜ਼ਰ ਨਾ ਆਵੇਂ, ਕੈਸੀ ਬਿਖੜੀ ਖੇਲ ਰਚਾਈ

ਬੰਸੀ ਸਭ ਕੋਈ ਸੁਣੇ ਸੁਣਾਵੇ, ਅਰਥ ਇਸ ਦਾ ਕੋਈ ਵਿਰਲਾ ਪਾਵੇ
ਜੋ ਕੋਈ ਅਨਹਦ ਕੀ ਸੁਰ ਪਾਵੇ, ਸੋ ਇਸ ਬੰਸੀ ਕਾ ਸੌਦਾਈ

੫ ਸੁਣੀਆਂ ਬੰਸੀ ਦੀਆਂ ਘੰਗੋਰਾਂ, ਕੂਕੇ ਤਨ ਮਨ ਵਾਂਗੂੰ ਮੋਰਾਂ
ਡਿਠੀਆਂ ਇਸ ਦੀਆਂ ਤੋੜਾਂ ਜੋੜਾਂ, ਇਕ ਸੁਰ ਦੀ ਸਭ ਕਲਾ ਉਠਾਈ

ਇਸ ਬੰਸੀ ਦਾ ਲੰਮਾ ਲੇਖਾ, ਜਿਸ ਨੇ ਢੂੰਡਾ ਤਿਸ ਨੇ ਦੇਖਾ
ਸਾਵੀ ਇਸ ਬੰਸੀ ਦੀ ਰੇਖਾ, ਏਸ ਵਜੂਦੋਂ ਸਿਫ਼ਤ ਉਠਾਈ

ਇਸ ਬੰਸੀ ਦੇ ਪੰਜ ਸਤ ਤਾਰੇ, ਆਪ ਅਪਣੀ ਸੁਰ ਭਰਦੇ ਸਾਰੇ
ਇਕ ਸੁਰ ਸਭ ਦੇ ਵਿਚ ਦਮ ਮਾਰੇ, ਸਾਡੀ ਇਸ ਨੇ ਹੋਸ਼ ਭੁਲਾਈ

ਬੁੱਲ੍ਹਾ ਪੁੱਜ ਪਏ ਤਕਰਾਰ, ਬੂਹੇ ਆਣ ਖਲੋਤੇ ਯਾਰ
ਰੱਖੀਂ ਕਲਮੇ ਨਾਲ ਬਿਉਪਾਰ, ਤੇਰੀ ਹਜ਼ਰਤ ਭਰੇ ਗਵਾਹੀ

104

How wonderfully Krishna has played his flute.[1]
Flute player, herdsman, Ranjha, your notes are shared
with everyone. Your delights are my time of gloom.[2]
It is you who have mingled my tune with yours.
Flute player, you call yourself Krishna. You perform so
many beautiful hymns. My eyes cannot see you. What
a tangled game you have set up.
The flute is something that everyone can hear or play, but
very few grasp its meaning.[3] Anyone who discovers
the note of the unstruck music[4] becomes passionate
for this flute.
Hearing the flute's high notes, the body and soul scream
like a peacock. The way it is put together, the whole
art of a single note is created.
This flute has a long story. Whoever searched for it has
seen it. The stem of this flute is green. Its qualities
have been created by the divine being.
This instrument has five or seven holes.[5] All are filled
with their own notes. Amid them all, one note sounds
loudly. It has completely transported us.
Bullha, his promises have been fulfilled. The beloved has
come to stand at my door. Transact your business[6] in
the name of the word. The lord will be your witness.

੧੦੫

ਬਹੁੜੀਂ ਵੇ ਤਬੀਬਾ ਮੈਂਡੀ ਖ਼ਬਰ ਗਈਆ
ਤੇਰੇ ਇਸ਼ਕ ਨਚਾਇਆ ਕਰ ਥਈਆ ਥਈਆ

ਇਸ਼ਕੇ ਡੇਰਾ ਮੇਰੇ ਅੰਦਰ ਕੀਤਾ
ਭਰ ਕੇ ਜ਼ਹਿਰ ਪਿਆਲਾ ਮੈਂ ਆਪੇ ਪੀਤਾ
ਝਬਦੇ ਆਵੀਂ ਵੇ ਤਬੀਬਾ ਨਹੀਂ ਤੇ ਮੈਂ ਮਰ ਗਈਆ

ਛੁਪ ਗਿਆ ਸੂਰਜ ਬਾਹਰ ਰਹਿ ਗਈ ਲਾਲੀ
ਵੇ ਮੈਂ ਸਦਕੇ ਜਾਵਾਂ ਜੇ ਮੁੜ ਦਿਏਂ ਵਖਾਲੀ
ਭੁੱਲ ਗਈਆ ਮੈਂ ਪੀਰਾ ਤੇਰੇ ਨਾਲ ਨਾ ਗਈਆ

ਤੇਰੇ ਇਸ਼ਕ ਦੀ ਸਾਰ ਵੇ ਮੈਂ ਨਾ ਜਾਣਾਂ
ਇਹ ਸਿਰ ਆਇਆ ਏ ਮੇਰਾ ਹੇਠ ਵਦਾਣਾਂ
ਸੱਟ ਪਈ ਇਸ਼ਕ ਦੀ ਤਾਂ ਕੂਕਾਂ ਦਈਆ

੫ ਏਸ ਇਸ਼ਕ ਦੇ ਕੋਲੋਂ ਸਾਨੂੰ ਹਟਕ ਨਾ ਮਾਏ
ਜਾਂਦੜੇ ਬੇੜੇ ਮੋੜ ਕੌਣ ਹਟਾਏ
ਮੇਰੀ ਅਕਲ ਭੁੱਲੀ ਨਾਲ ਮੁਹਾਣਿਆਂ ਦੇ ਗਈਆ

ਏਸ ਇਸ਼ਕੇ ਦੀ ਝੰਗੀ ਵਿਚ ਮੋਰ ਬੁਲੇਂਦਾ
ਸਾਨੂੰ ਕਾਬਾ ਕਿਬਲਾ ਪਿਆਰਾ ਯਾਰ ਦਸੇਂਦਾ
ਸਾਨੂੰ ਘਾਇਲ ਕਰਕੇ ਫੇਰ ਖ਼ਬਰ ਨਾ ਲਈਆ

ਬੁੱਲ੍ਹਾ ਸ਼ਾਹ ਇਨਾਇਤ ਦੇ ਚੱਲ ਬਹੀਏ ਬੂਹੇ
ਜਿਸਨੇ ਪੁਆਏ ਸਾਨੂੰ ਸਾਵੇ ਤੇ ਸੂਹੇ
ਜਾਂ ਮੈਂ ਮਾਰੀ ਹੈ ਅੱਡੀ ਮਿਲ ਪਿਆ ਹੈ ਵਹੀਆ

105

Come to my assistance, doctor, I have lost my senses. Your love has set me dancing in rhythm.[1]
Love has taken up its lodging inside me. I am the one who has drunk a cup full of poison. Come quickly, doctor, or else I shall be dead.
The sun has set,[2] but outside the sky is still red. Oh, I will sacrifice myself, if only you will show yourself again. It was my fault, master, that I did not go with you.
I did not realize what your love was like. It hit my head and crushed me like a mighty hammer. When I felt the blow of love, I screamed aloud.
Mother, do not stop me from this love. Who can turn around a boat that is drifting away and bring it back? My brain is confused and has gone with the boatmen.
The peacock cries in the thicket of this love. My dear friend shows me the Kaaba and the Qibla.[3] After wounding me, he does not ask how I am.
Bullha, let us go and sit at the gate of Shah Inayat, who made me dress in green and red.[4] When I started dancing, I found my way to him.

੧੦੬

ਬੁੱਲ੍ਹਾ ਕੀ ਜਾਣਾਂ ਮੈਂ ਕੌਣ

ਨਾ ਮੈਂ ਮੋਮਨ ਵਿਚ ਮਸੀਤਾਂ, ਨਾ ਮੈਂ ਵਿਚ ਕੁਫ਼ਰ ਦੀਆਂ ਰੀਤਾਂ
ਨਾ ਮੈਂ ਪਾਕਾਂ ਵਿਚ ਪਲੀਤਾਂ, ਨਾ ਮੈਂ ਮੂਸਾ ਨਾ ਫ਼ਰਔਨ

ਨਾ ਮੈਂ ਅੰਦਰ ਬੇਦ ਕਿਤਾਬਾਂ, ਨਾ ਵਿਚ ਭੰਗਾਂ ਨਾ ਸ਼ਰਾਬਾਂ
ਨਾ ਵਿਚ ਰਿੰਦਾਂ ਮਸਤ ਖ਼ਰਾਬਾਂ, ਨਾ ਵਿਚ ਜਾਗਣ ਨਾ ਵਿਚ ਸੌਣ

ਨਾ ਵਿਚ ਸ਼ਾਦੀ ਨਾ ਗ਼ਮਨਾਕੀ, ਨਾ ਮੈਂ ਵਿਚ ਪਲੀਤੀ ਪਾਕੀ
ਨਾ ਮੈਂ ਆਬੀ ਨਾ ਮੈਂ ਖ਼ਾਕੀ, ਨਾ ਮੈਂ ਆਤਿਸ਼ ਨਾ ਮੈਂ ਪੌਣ

ਨਾ ਮੈਂ ਅਰਬੀ ਨਾ ਲਾਹੌਰੀ, ਨਾ ਮੈਂ ਹਿੰਦੀ ਸ਼ਹਿਰ ਨਗੌਰੀ
ਨਾ ਹਿੰਦੂ ਨਾ ਤੁਰਕ ਪਸ਼ੌਰੀ, ਨਾ ਮੈਂ ਰਹਿੰਦਾ ਵਿਚ ਨਦੌਨ

ਨਾ ਮੈਂ ਭੇਤ ਮਜ਼ਹਬ ਦਾ ਪਾਇਆ, ਨਾ ਮੈਂ ਆਦਮ ਹੱਵਾ ਜਾਇਆ
ਨਾ ਮੈਂ ਆਪਣਾ ਨਾਮ ਧਰਾਇਆ, ਨਾ ਵਿਚ ਬੈਠਣ ਨਾ ਵਿਚ ਭੌਣ

ਅੱਵਲ ਆਖ਼ਰ ਆਪ ਨੂੰ ਜਾਣਾਂ, ਨਾ ਕੋਈ ਦੂਜਾ ਹੋਰ ਪਛਾਣਾਂ
ਮੈਥੋਂ ਹੋਰ ਨਾ ਕੋਈ ਸਿਆਣਾ, ਬੁੱਲ੍ਹਾ ਸ਼ਹੁ ਖੜਾ ਹੈ ਕੌਣ

੧੦੭

ਬੁੱਲ੍ਹਾ ਕੀ ਜਾਣੇ ਜ਼ਾਤ ਇਸ਼ਕ ਦੀ ਕੌਣ
ਨਾਉਂ ਸੁਹਾਣਾ ਕੰਮ ਬਖੇੜੇ, ਵੰਞੇ ਜਾਗਣ ਸੌਣ

ਰਾਂਝੇ ਨੂੰ ਮੈਂ ਗਾਲੀਆਂ ਦੇਵਾਂ, ਮਨ ਵਿਚ ਕਰਾਂ ਦੁਆਈਂ

ਮੈਂ ਤੇ ਰਾਂਝਾ ਇਕੋ ਕੋਈ, ਲੋਕਾਂ ਨੂੰ ਅਜ਼ਮਾਈਂ

106

Bullha,[1] what do I know about who I am?
I am not a believer in the mosques, nor do I follow the rites of unbelief. I am not among the pure or the polluted. I am not Moses or Pharaoh.[2]
I am not in the Vedas or in the scriptures;[3] I am not in drugs or in liquor. I am not among the drunken reprobates. I am not in waking, nor am I in sleep.
I am not in joy or in sadness, nor am I in pollution or purity. I am not of water[4] or of earth, nor am I fire or air.
I am neither an Arab nor from Lahore, nor an Indian from the city of Nagaur.[5] I am not a Hindu, nor a Turk[6] from Peshawar. Nor do I live in Nadaun.[7]
I have not discovered the secret of religion; nor am I born of Adam and Eve. I have not given myself a name; nor am I found in sitting or moving about.
I know myself to be first and last, I do not recognize anyone else. No one is wiser than I am. Bullha, who is the lord[8] standing here?

107

Bullha, does anyone know the true nature of love? It is beautiful by name, but its actions are troublesome, destroying both waking hours and sleep.
I curse Ranjha, but in my heart I offer prayers for him.
Ranjha and I are one; I am simply testing people.[1]

ਜਿਸ ਬੇਲੇ ਵਿਚ ਬੇਲੀ ਦਿੱਸੇ, ਉਸ ਦੀਆਂ ਲਵਾਂ ਬਲਾਈਂ

ਬੁੱਲ੍ਹਾ ਸ਼ਹੁ ਨੂੰ ਪਾਸੇ ਛੱਡ ਕੇ, ਜੰਗਲ ਵਲ ਨਾ ਜਾਈਂ

੧੦੮

ਬੁੱਲ੍ਹੇ ਨੂੰ ਸਮਝਾਵਣ ਆਈਆਂ, ਭੈਣਾਂ ਤੇ ਭਰਜਾਈਆਂ

ਮੰਨ ਲੈ ਬੁੱਲ੍ਹਿਆ ਸਾਡਾ ਕਹਿਣਾ, ਛੱਡ ਦੇ ਪੱਲਾ ਰਾਈਆਂ
ਆਲ ਨਬੀ ਔਲਾਦ ਅਲੀ ਨੂੰ, ਤੂੰ ਕਿਉਂ ਲੀਕਾਂ ਲਾਈਆਂ

ਜਿਹੜਾ ਸਾਨੂੰ ਸੱਯਦ ਸੱਦੇ, ਦੋਜ਼ਖ਼ ਮਿਲਣ ਸਜ਼ਾਈਆਂ
ਜੋ ਕੋਈ ਸਾਨੂੰ ਰਾਈਂ ਆਖੇ, ਬਹਿਸ਼ਤੀਂ ਪੀਂਘਾਂ ਪਾਈਆਂ

ਰਾਈਂ ਸਾਈਂ ਸਭਨੀਂ ਥਾਈਂ, ਰੱਬ ਦੀਆਂ ਬੇਪਰਵਾਈਆਂ
ਸੋਹਣੀਆਂ ਪਰੇ ਹਟਾਈਆਂ, ਕੋਝੀਆਂ ਲੈ ਗਲ ਲਾਈਆਂ

ਜੇ ਤੂੰ ਲੋੜੇਂ ਬਾਗ਼ ਬਹਾਰਾਂ, ਚਾਕਰ ਹੋ ਜਾ ਰਾਈਆਂ
ਬੁੱਲ੍ਹੇ ਸ਼ਾਹ ਦੀ ਜ਼ਾਤ ਕੀ ਪੁੱਛਨੈਂ, ਸ਼ਾਕਰ ਹੋ ਰਜ਼ਾਈਆਂ

The river glade where the beloved appears is the place to which I am devoted.
Bullha, do not leave the lord who is beside you and go off toward the jungle.

108

Bullha's[1] sisters and his brothers' wives have come to give him their advice.
"Listen to what we say, Bullha, stop clinging to the Arain's skirt. Why have you brought disgrace on the family of the Prophet and the descendants of Ali?"[2]
"May anyone who calls us a Sayyid suffer the punishments of hell. Swings are set up in paradise for anyone who calls us an Arain."
The Arain lord is in all places. The lord is supremely indifferent. The beautiful are set aside and the ugly are embraced.
If you desire the joys of spring, become the servant of the Arains. Why do you ask what Bullhe Shah's caste is? Just be grateful for whatever pleases Him.

੧੦੯

ਬੇਹਦ ਰਮਜ਼ਾਂ ਦਸਦਾ ਨੀਂ, ਢੋਲਣ ਮਾਹੀ
ਮੀਮ ਦੇ ਉਹਲੇ ਵਸਦਾ ਨੀਂ, ਢੋਲਣ ਮਾਹੀ

ਔਲੀਆ ਮਨਸੂਰ ਕਹਾਵੇ, ਰਮਜ਼ 'ਅਨਲਹੱਕ' ਆਪ ਬਤਾਵੇ
ਆਪੇ ਆਪ ਨੂੰ ਸੂਲੀ ਚੜ੍ਹਾਵੇ, ਤੇ ਕੋਲ ਖਲੋਕੇ ਹੱਸਦਾ ਨੀ, ਢੋਲਣ ਮਾਹੀ

੧੧੦

ਭਰਵਾਸਾ ਕੀ ਅਸ਼ਨਾਈ ਦਾ, ਡਰ ਲਗਦੈ ਬੇਪਰਵਾਹੀ ਦਾ

ਇਬਰਾਹੀਮ ਚਿਖ਼ਾ ਵਿਚ ਪਾਇਓ, ਸੁਲੇਮਾਨ ਤੋਂ ਭੱਠ ਝੁਕਾਇਓ
ਯੂਨਸ ਮੱਛੀ ਤੋਂ ਨਿਗਲਾਇਓ, ਫੜ ਯੁਸਫ਼ ਮਿਸਰ ਵਿਕਾਈਦਾ

ਜ਼ਕਰੀਆ ਸਿਰ ਕਲਵੱਤ੍ਰ ਚਲਾਇਓ, ਸਾਬਰ ਦੇ ਤਨ ਕੀੜੇ ਪਾਇਓ
ਸੁਨਆਂ ਗਲ ਜ਼ੁੰਨਾਰ ਪਵਾਇਓ, ਕਿਤੇ ਉਲਟਾ ਪੋਸ਼ ਲੁਹਾਈਦਾ

ਪੈਗ਼ੰਬਰ ਤੋਂ ਨੂਰ ਉਪਾਇਓ, ਨਾਮ ਇਮਾਮ ਹੁਸੈਨ ਧਰਾਇਓ
ਝੂਲਾ ਜਬਰਾਈਲ ਝੁਲਾਇਓ, ਫਿਰ ਪਿਆਸਾ ਗਲਾ ਕਟਾਈਦਾ

੫ ਜਾਂ ਜ਼ਕਰੀਆ ਰੁੱਖ ਛੁਪਾਇਆ, ਛੁਪਣਾ ਉਸ ਦਾ ਬੁਰਾ ਮਨਾਇਆ
ਆਰਾ ਸਿਰ ਤੇ ਚਾ ਵਗਾਇਆ, ਸਣੇ ਰੁੱਖ ਚਰਾਈਦਾ

ਯਹੀਆ ਉਸ ਦਾ ਯਾਰ ਕਹਾਇਆ, ਨਾਲ ਉਸੇ ਦੇ ਨੇਹੁੰ ਲਗਾਇਆ
ਰਾਹ ਸ਼ਰ੍ਹਾ ਦਾ ਉਨ ਬਤਲਾਇਆ, ਸਿਰ ਉਸ ਦਾ ਥਾਲ ਟਿਕਾਈਦਾ

109

He tells of countless mysteries, my dear beloved.
He dwells concealed in *mīm*,[1] my dear beloved.
He calls himself the saint Mansur,[2] and it is he who reveals the secret of *I am God*. He puts himself upon the gallows, and standing nearby he laughs,[3] my dear beloved.

110

What trust is there in love? I fear its indifference.
You put Ibrahim[1] on the pyre, and made Sulaiman[2] stoke the furnace. You had Yunus[3] swallowed by the fish, and seized Yusuf[4] and had him sold in Egypt.
You set the saw to Zakariya's[5] head, and put worms in the body of Ayub the patient.[6] You made Sanaan[7] put on the girdle, and on another occasion had someone hanged upside down and flayed.[8]
You created light from the Prophet, and gave it the name of Imam Husain.[9] You had his cradle swung by Jibrail, then had his throat cut in his thirst.
When the tree hid Zakariya,[10] you made them take his concealment amiss. You had the saw set on his head, so he was split along with the tree.
You called Yahya[11] his friend,[12] and it was with him that he fell in love. You made him proclaim the path of the law, then had his head put on the salver.

ਬੁੱਲ੍ਹਾ ਸ਼ਹੁ ਹੁਣ ਸਹੀ ਸੰਞਾਤੇ ਹੈਂ, ਹਰ ਸੂਰਤ ਨਾਲ ਪਛਾਤੇ ਹੈਂ
ਕਿਤੇ ਆਤੇ ਹੈਂ ਕਿਤੇ ਜਾਤੇ ਹੈਂ, ਹੁਣ ਮੈਥੋਂ ਭੁੱਲ ਨਾ ਜਾਈਦਾ

੧੧੧

ਭਾਵੇਂ ਤੂੰ ਜਾਣ ਨਾ ਜਾਣ ਵੇ, ਵਿਹੜੇ ਆ ਵੜ ਮੇਰੇ
ਮੈਂ ਤੇਰੇ ਕੁਰਬਾਨ ਵੇ, ਵਿਹੜੇ ਆ ਵੜ ਮੇਰੇ

ਤੇਰੇ ਜਿਹਾ ਮੈਨੂੰ ਹੋਰ ਨਾ ਕੋਈ, ਢੂੰਡਾਂ ਜੰਗਲ ਬੇਲਾ ਰੋਹੀ
ਢੂੰਡਾਂ ਤਾਂ ਸਾਰਾ ਜਹਾਨ ਵੇ

ਲੋਕਾਂ ਦੇ ਭਾਣੇ ਚਾਕ ਮਹੀਂ ਦਾ, ਰਾਂਝਾ ਲੋਕਾਂ ਵਿਚ ਕਹੀਂਦਾ
ਸਾਡਾ ਤਾਂ ਦੀਨ ਈਮਾਨ ਵੇ

ਮਾਪੇ ਛੋੜ ਲਗੀ ਲੜ ਤੇਰੇ, ਸ਼ਾਹ ਇਨਾਇਤ ਸਾਈਂ ਮੇਰੇ
ਲਾਈਆਂ ਦੀ ਲਜ ਪਾਲ ਵੇ

੧੧੨

ਭੈਣਾਂ ਮੈਂ ਕਤਦੀ ਕਤਦੀ ਹੁੱਟੀ

ਪਿੜੀ ਪੱਛੀ ਪਛਵਾੜੇ ਰਹਿ ਗਈ, ਹੱਥ ਵਿਚ ਰਹਿ ਗਈ ਜੁੱਟੀ
ਅੱਗੇ ਚਰਖਾ ਪਿੱਛੇ ਪੀਹੜਾ, ਮੇਰੇ ਹੱਥੋਂ ਤੰਦ ਤਰੁੱਟੀ

ਦਾਜ ਦਹੇਜ ਅਸਾਂ ਕੀ ਕਰਨਾ, ਜਿਸ ਪਰੇਮ ਕਟੋਰੀ ਮੁੱਠੀ
ਓਹ ਚੋਰ ਮੇਰਾ ਪਕੜ ਮੰਗਾਓ, ਜਿਸ ਮੇਰੀ ਜਿੰਦ ਕੁੱਠੀ

Bullha says: Lord, now you have been truly recognized. You are familiar in every guise. Here you come and there you go. Do not go away now and forget me.

111

Whether you know me or not, come into my courtyard. I am sacrificed to you; come into my courtyard.
I have seen no one like you, though I search jungle, thickets, and desert, even if I search the entire world.
In people's eyes he is a herdsman of the buffaloes; among them he is called Ranjha. But he is our religion and our faith.
Leaving my parents, I have clung to your skirt, oh my lord Shah Inayat. Protect the honor of the one who clings to you.

112

Sister, I am exhausted with all this spinning.
The wicker baskets for the thread are at the back of the house. I am left with the cotton roll in my hand. In front of me is the spinning wheel, behind me is the stool. The thread in my hand is broken.
Why should I work on preparing my dowry? I hold the cup of love in my hand. Summon that thief who has destroyed my life, and arrest him.

ਭੌਂਦਾ ਭੌਂਦਾ ਮੇਰਾ ਊਰਾ ਡਿੱਗਾ, ਛਿਬ ਉਲਝੀ ਤੰਦ ਟੁੱਟੀ
ਆਸ਼ਕ ਬਕਰਾ ਮਸ਼ੂਕ ਕਸਾਈ, ਮੈਂ ਮੈਂ ਕਰਦੀ ਕੁੱਠੀ

ਭਲਾ ਹੋਇਆ ਮੇਰਾ ਚਰਖਾ ਟੁੱਟਾ, ਜਿੰਦ ਅਜ਼ਾਬੋਂ ਛੁੱਟੀ
ਬੁੱਲ੍ਹਾ ਸ਼ਹੁ ਨੇ ਨਾਚ ਨਚਾਇਆ, ਧੁੰਮ ਪਈ ਕੜਕੁੱਟੀ

੧੧੩

ਮਨ ਅਟਕਿਓ ਸ਼ਾਮ ਸੁੰਦਰ ਸੂੰ

ਕਹੂੰ ਵੇਖੂੰ ਬਾਹਮਣ ਕਹੂੰ ਸ਼ੇਖਾ, ਆਪੇ ਆਪ ਕਰਨ ਸਭ ਭੇਖਾ
ਕਿਆ ਕਿਆ ਖੇਲਿਆ ਹੁਨਰ ਸੂੰ

ਸੂਝ ਪੜੀ ਤਬ ਰਾਮ ਦੁਹਾਈ, ਹਮ ਤੁਮ ਏਕ ਨਾ ਦੂਜਾ ਕਾਈ
ਇਸ ਪਰੇਮ ਨਗਰ ਕੇ ਘਰ ਸੂੰ

ਪੰਡਿਤ ਗਵਣ ਕਿਤ ਲਖ ਸਣਾਏ, ਨਾ ਕਹੀਂ ਜਾਏ ਨਾ ਕਹੀਂ ਆਏ
ਜੈਸੇ ਕਰ ਕਾ ਕੰਗਣ ਕਰ ਸੂੰ

ਬੁੱਲ੍ਹਾ ਸ਼ਹੁ ਦੀ ਪੈਰੀਂ ਪੜੀਏ, ਸੀਸ ਕਾਟ ਕਰ ਆਗੇ ਧਰੀਏ
ਹੁਣ ਮੈਂ ਹਰਿ ਦੇਖਾ ਹਰ ਹਰ ਸੂੰ

As it spins around and around, my spindle has fallen off. My spool of thread has got tangled and the yarn is broken. The beloved is the butcher and the lover is the goat. It calls out "Me, me,"[1] and is slaughtered.
It would be good if my spinning wheel broke, then my life would be delivered from this torment. Bullha, the lord has made me dance, and the sound is very loud.

113

My[1] mind is fixed on my dark beloved.[2]
Sometimes I see a Brahman, sometimes a Shaikh. He is the one who creates all these guises. How skillfully he has played.
When I realized this, I appealed to Ram: you and I are one, there is no one else in this house in the city of love.
How many hundreds of thousands of kinds of existence the pandit describes. But the soul does not go anywhere and does not come anywhere. It is like a bracelet worn on the wrist.[3]
Bullha, let us fall at the lord's feet. Let us cut off our head and lay it before him. Now I have seen God in everything.

੧੧੪

ਮਾਏ ਨਾ ਮੁੜਦਾ ਇਸ਼ਕ ਦੀਵਾਨਾ, ਸ਼ਹੁ ਨਾਲ ਪਰੀਤਾਂ ਲਾ ਕੇ

ਇਸ਼ਕ ਸ਼ਰ੍ਹਾ ਦੀ ਲੱਗ ਗਈ ਬਾਜ਼ੀ, ਖੇਡਾਂ ਮੈਂ ਦਾਉ ਲਗਾ ਕੇ
ਮਾਰਨ ਬੋਲੀ ਬੋਲ ਨਾ ਬੋਲਾਂ, ਸੁਣਾਂ ਨਾ ਕੰਨ ਲਾ ਕੇ

ਵਿਹੜੇ ਵਿਚ ਸ਼ੈਤਾਨ ਨਚੇਂਦਾ, ਇਸ ਨੂੰ ਰੱਖ ਸਮਝਾ ਕੇ
ਤੋੜ ਸ਼ਰ੍ਹਾ ਨੂੰ ਜਿਤ ਲਈ ਬਾਜ਼ੀ, ਫਿਰਦੀ ਨੱਕ ਵਢਾ ਕੇ

ਮੈਂ ਅੰਜਾਣੀ ਖੇਡ ਵਗੁੱਚੀ ਆਂ, ਖੇਡਾਂ ਆਕੇ ਬਾਕੇ
ਇਹ ਖੇਡਾਂ ਹੁਣ ਲਗਦੀਆਂ ਝੇੜਾਂ, ਘਰ ਪੀਆ ਦੇ ਆ ਕੇ

ਸਈਆਂ ਨਾਲ ਮੈਂ ਪਾਵਾਂ ਗਿੱਧਾ, ਦਿਲਬਰ ਲੁਕ ਲੁਕ ਝਾਕੇ
ਪੁੱਛੋ ਨੀ ਇਹ ਕਿਉਂ ਸ਼ਰਮਾਂਦਾ, ਜਾਏ ਨਾ ਭੇਤ ਬਤਾ ਕੇ

ਕਾਫ਼ਰ ਕਾਫ਼ਰ ਆਖਣ ਤੈਨੂੰ, ਸਾਰੇ ਲੋਕ ਸੁਣਾ ਕੇ
ਮੋਮਨ ਕਾਫ਼ਰ ਮੈਨੂੰ ਦੋਵੇਂ ਨਾ ਦਿਸਦੇ, ਵਹਦਤ ਦੇ ਵਿਚ ਆ ਕੇ

ਚੋਲੀ ਚੁੰਨੀ ਫੂਕਿਆ ਝੁੱਗਾ, ਧੂਣੀ ਸ਼ਿਰਕ ਜਲਾ ਕੇ
ਵਾਰਿਆ ਕੁਫ਼ਰ ਵੱਡਾ ਮੈਂ ਦਿਲ ਥੀਂ, ਤਲੀ ਤੇ ਸੀਸ ਟਿਕਾ ਕੇ

ਮੈਂ ਵਡਭਾਗੀ ਮਾਰਿਆ ਖ਼ਾਵਿੰਦ, ਹੱਥੀਂ ਜ਼ਹਿਰ ਪਿਲਾ ਕੇ
ਵਸਲ ਕਰਾਂ ਮੈਂ ਨਾਲ ਸਜਣ ਦੇ, ਸ਼ਰਮ ਹਯਾ ਗਵਾ ਕੇ

ਵਿਚ ਚਮਨ ਮੈਂ ਪਲੰਘ ਵਿਛਾਇਆ, ਯਾਰ ਸੁਤੀ ਗਲ ਲਾ ਕੇ
ਸਿਰੋਹੀ ਨਾਲ ਮਿਲ ਗਈ ਸਿਰੋਹੀ,[੧] ਬੁੱਲ੍ਹਾ ਸ਼ਹੁ ਨੂੰ ਪਾ ਕੇ

114

Mother,[1] this mad love does not turn aside, ever since I fell in love with the lord.
The game between love and law has started. I roll the dice and play. They utter taunts, but I say nothing back, nor do I listen carefully.
"Satan makes her dance in the courtyard. Talk to her and make her stop."[2] I have broken the law and won the game. I go around in disgrace.
I was a silly girl who was lost in her game. I played at making things out of mud.[3] These games now seem ridiculous, since I entered my beloved's house.
I clap and dance[4] with my girlfriends, while the beloved hides and peeps. Ask him why he is embarrassed. He goes without revealing the secret.
"Unbeliever, unbeliever" is what they call you when the people all cry out. Neither believer nor unbeliever is apparent to me when I enter unity.
I destroyed my blouse and scarf and my hut, after burning duality on the fire. I have sacrificed great unbelief from my heart, with my head placed on my palm.
How lucky I am to have killed my master,[5] handing it poison to drink. I will be together with my beloved, abandoning all shame and reserve.
I have spread a bed in the garden, and sleep in my beloved's embrace. We are united as one, now that Bullha has found the lord.

੧੧੫

ਮਾਹੀ ਵੇ ਤੈਂ ਮਿਲਿਆਂ ਸਭ ਦੁੱਖ ਹੋਵਣ ਦੂਰ

ਲੋਕਾਂ ਦੇ ਭਾਣੇ ਚਾਕ ਚਕੇਟਾ, ਸਾਡਾ ਰੱਬ ਗ਼ਫ਼ੂਰ

ਜੈਂ ਦੇ ਮਿਲਣ ਦੀ ਖ਼ਾਤਰ ਚਸ਼ਮਾਂ, ਬਹਿੰਦੀਆਂ ਸੀ ਨਿਤ ਝੂਰ

ਉਠ ਗਈ ਹਿਜਰ ਜੁਦਾਈ ਜਿਗਰੋਂ, ਜ਼ਾਹਰ ਦਿਸਦਾ ਨੂਰ

ਬੁੱਲ੍ਹਾ ਰਮਜ਼ ਸਮਝ ਦੀ ਪਾਈਆ, ਨਾ ਨੇੜੇ ਨਾ ਦੂਰ

੧੧੬

ਮਿੱਤਰ ਪਿਆਰੇ ਕਾਰਨ ਨੀ, ਮੈਂ ਲੋਕ ਉਲ੍ਹਾਮੇਂ ਲੈਨੀ ਹਾਂ

ਲੱਗਾ ਨੇਹੁੰ ਮੇਰਾ ਜਿਸ ਸੇਤੀ, ਵੇਖ ਸਰਹਾਣੇ ਪਲੰਘ ਦੇ ਜੀਤੀ
ਆਲਮ ਕਿਉਂ ਸਮਝਾਵੇ ਰੀਤੀ, ਮੈਂ ਡਿੱਠੇ ਬਾਝ ਨਾ ਰਹਿਨੀ ਹਾਂ

ਤੁਸੀਂ ਸਮਝਾਓ ਵੀਰੋ ਭੋਰੀ, ਰਾਂਝਣ ਵੈਂਦਾ ਮੈਥੋਂ ਚੋਰੀ
ਜੈਂਦੇ ਇਸ਼ਕ ਕੀਤੀ ਮੈਂ ਡੋਰੀ, ਮੈਂ ਨਾਲ ਅਰਾਮ ਨਾ ਬਹਿਨੀ ਹਾਂ

ਬਿਰਹੋਂ ਆ ਵੜਿਆ ਵਿਚ ਵਿਹੜੇ, ਰੋਜ਼ ਅਜ਼ਾਰ ਦੇਵੇ ਤਨ ਘੇਰੇ
ਦਾਰੂ ਦਰਦ ਨਾ ਬਾਝੋਂ ਤੇਰੇ, ਮੈਂ ਸਜਣਾਂ ਬਾਝ ਮਰੇਨੀ ਹਾਂ

ਬੁੱਲ੍ਹੇ ਸ਼ਾਹ ਘਰ ਰਾਂਝਣ ਆਵੇ, ਮੈਂ ਤੱਤੀ ਨੂੰ ਲੈ ਗਲ ਲਾਵੇ
ਨਾਲ ਖ਼ੁਸ਼ੀ ਦੇ ਰੈਣ ਵਿਹਾਵੇ, ਨਾਲ ਖ਼ੁਸ਼ੀ ਦੇ ਰਹਿਨੀ ਹਾਂ

115

Beloved, through meeting you, all my sorrows are removed.
In people's eyes he is a humble herdsman. For me he is the all-forgiving lord.
My yearning to meet him meant that my eyes were always downcast in distress.
Separation and parting have been removed from my heart. His light is made manifest to me.
Bullha, I have discovered the secret of understanding. He is neither near nor far.

116

For the sake of my dear friend, I suffer people's reproaches.
When I see my beloved on the pillow of my bed, I rejoice. Why do people tell me how I should behave? I cannot rest without seeing him.
Just explain things to me, brothers. Ranjha goes away from me by stealth. My love for him has driven me mad. I cannot sit in comfort.
Separation has come into the courtyard. Every day it envelopes my body and torments me. There is no remedy for my pain except you. Without my beloved I will die.
Bullha, may the lord come to my house, may he embrace me in my suffering, and may he spend the night in joy. Then I will live happily.

੧੧੭

ਮੁਰਲੀ ਬਾਜ ਉਠੀ ਅਣਘਾਤਾਂ, ਸੁਣ ਕੇ ਭੁੱਲ ਗਈਆਂ ਸਭ ਬਾਤਾਂ

ਲਗ ਗਏ ਅਨਹਦ ਬਾਣ ਨਿਆਰੇ, ਛੂਟ ਗਏ ਦੁਨੀਆਂ ਕੂੜ ਪਸਾਰੇ
ਸਾਈਂ ਮੁਖ ਵੇਖਣ ਵਣਜਾਰੇ, ਮੈਨੂੰ ਭੁੱਲ ਗਈਆਂ ਸਭ ਬਾਤਾਂ

ਹੁਣ ਮੈਂ ਚੈਂਚਲ ਮਿਰਗ ਫਹਾਇਆ, ਓਸੇ ਮੈਨੂੰ ਬੰਨ੍ਹ ਬਹਾਇਆ
ਸਿਰਫ਼ ਦੁਗਾਨਾ ਇਸ਼ਕ ਪੜ੍ਹਾਈਆ, ਰਹਿ ਗਈਆਂ ਤ੍ਰੈ ਚਾਰ ਰਕਾਤਾਂ

ਬੂਹੇ ਆਣ ਖਲੋਤਾ ਯਾਰ, ਬਾਬਲ ਪੁੱਜ ਪਿਆ ਤਕਰਾਰ
ਕਲਮੇ ਨਾਲ ਜੇ ਰਹਿ ਵਿਹਾਰ, ਨਬੀ ਮੁਹੰਮਦ ਭਰੇ ਸ਼ਫਾਤਾਂ

੫ ਬੁੱਲ੍ਹੇ ਸ਼ਹੁ ਮੈਂ ਹੁਣ ਭਰਮਾਈ, ਜਦ ਦੀ ਮੁਰਲੀ ਕਾਹਨ ਬਜਾਈ
ਬੌਰੀ ਹੋ ਤੁਸਾਂ ਵਲ ਧਾਈ, ਖੋਜੀਆਂ ਕਿਤ ਵਲ ਦਸਤ ਬਰਾਤਾਂ

੧੧੮

ਮੁੱਲਾਂ ਮੈਨੂੰ ਮਾਰਦਾ ਈ

ਮੁੱਲਾਂ ਮੈਨੂੰ ਸਬਕ ਪੜ੍ਹਾਇਆ, ਅਲਫ਼ੋਂ ਅੱਗੇ ਕੁਝ ਨਾ ਆਇਆ
ਓਹ ਬੇ ਈ ਬੇ ਪੁਕਾਰਦਾ ਈ

117

The flute has begun to play mysteriously.[1] When I hear it, I forget everything.
I have been pierced by the wonderful arrows of the unstruck music.[2] I have escaped from the world's false displays. The traders[3] behold the face of the lord.[4] I have forgotten everything.
Restless as a deer, I have now been trapped. It is he who has tied me up and made me sit still. Love taught me only the prayer of two prostrations,[5] omitting those of three and four.
My beloved has come and stood at my door. Father, his promise has been fulfilled. If your dealings are in accordance with the profession of faith, the prophet Muhammad will intercede[6] for you.
Bullha, I have been beguiled ever since Krishna played his flute. Madly I rushed toward you. Which way can the stolen goods[7] be tracked?

118

The[1] mullah beats me.
The mullah taught me the lesson. I could not understand anything beyond *alif*, but all he keeps shouting is "*Be, be!*"[2]

੧੧੯

ਮੂੰਹ ਆਈ ਬਾਤ ਨਾ ਰਹਿੰਦੀ

ਝੂਠ ਆਖਾਂ ਤੇ ਕੁਝ ਬਚਦਾ ਏ, ਸੱਚ ਆਖਿਆਂ ਭਾਂਬੜ ਮਚਦਾ ਏ
ਜੀ ਦੋਹਾਂ ਗੱਲਾਂ ਤੋਂ ਜਚਦਾ ਏ, ਜਚ ਜਚ ਕੇ ਜੀਭਾ ਕਹਿੰਦੀ ਏ

ਜਿਸ ਪਾਇਆ ਭੇਤ ਕਲੰਦਰ ਦਾ, ਰਾਹ ਖੋਜਿਆ ਆਪਣੇ ਅੰਦਰ ਦਾ
ਉਹ ਵਾਸੀ ਹੈ ਸੁਖ ਮੰਦਰ ਦਾ, ਜਿਥੇ ਕੋਈ ਨਾ ਚੜ੍ਹਦੀ ਲਹਿੰਦੀ ਏ

ਇਕ ਲਾਜ਼ਮ ਬਾਤ ਅਦਬ ਦੀ ਏ, ਸਾਨੂੰ ਬਾਤ ਮਲੂਮੀ ਸਭ ਦੀ ਏ
ਹਰ ਹਰ ਵਿਚ ਸੂਰਤ ਰਬ ਦੀ ਏ, ਕਿਤੇ ਜ਼ਾਹਰ ਕਿਤੇ ਛੁਪੇਂਦੀ ਏ

ਇਹ ਤਿਲਕਣ ਬਾਜ਼ੀ ਵਿਹੜਾ ਏ, ਤੁਰੋ ਥਮ ਥਮ ਪੈਰ ਅੰਧੇਰਾ ਏ
ਵੜ ਅੰਦਰ ਵੇਖੋ ਕਿਹੜਾ ਏ, ਕਿਉਂ ਖ਼ੁਫ਼ਤਣ ਬਾਹਰ ਢੂੰਡੇਂਦੀ ਏ

ਏਥੇ ਭੇਖਾ ਪਾਓਂ ਪਸਾਰਾ ਏ, ਇਹਦਾ ਲਖਣਾ ਬਹੁਤ ਨਿਆਰਾ ਏ
ਇਕ ਸੂਰਤ ਦਾ ਚਮਕਾਰਾ ਏ, ਜਿਵੇਂ ਚਿਣਗ ਦਾਰੂ ਵਿਚ ਪੈਂਦੀ ਏ

ਕਿਤੇ ਨਾਜ਼ ਅਦਾ ਦਿਖਲਾਈਦਾ, ਕਿਤੇ ਹੋ ਰਸੂਲ ਮਿਲਾਇਦਾ
ਕਿਤੇ ਆਸ਼ਕ ਬਣ ਬਣ ਆਈਦਾ, ਕਿਤੇ ਜਾਨ ਜੁਦਾਈ ਸਹਿੰਦੀ ਏ

ਕਿਉਂ ਮਿੱਟੀ ਲਾਲ ਬਣਾਨਾ ਹੈਂ, ਤੂੰ ਆਪੇ ਦੂੱਰ ਯਗਾਨਾ ਹੈਂ
ਇਕ ਨੁਕਤੇ ਲਾਲ ਬੇਗਾਨਾ ਹੈਂ, ਅਜੇ ਮੁਰਸ਼ਦ ਪੀਰ ਢੂੰਡੇਂਦੀ ਏ

ਜਦੋਂ ਜ਼ਾਹਰ ਹੋਏ ਨੂਰ ਹੁਰੀਂ, ਜਲ ਗਏ ਪਹਾੜ ਕੋਹ ਤੂਰ ਹੁਰੀਂ
ਤਦੋਂ ਦਾਰ ਚੜ੍ਹੇ ਮਨਸੂਰ ਹੁਰੀਂ, ਓਥੇ ਸ਼ੇਖੀ ਪੇਸ਼ ਨਾ ਵੈਂਦੀ ਏ

ਜੇ ਜ਼ਾਹਰ ਕਰਾਂ ਇਸਰਾਰ ਤਾਈਂ, ਸਭ ਭੁੱਲ ਜਾਵਣ ਤਕਰਾਰ ਤਾਈਂ
ਫਿਰ ਮਾਰਨ ਬੁੱਲ੍ਹੇ ਯਾਰ ਤਾਈਂ, ਏਥੇ ਮਖ਼ਫ਼ੀ ਗੱਲ ਸੋਹੇਂਦੀ ਏ

119

I[1] cannot help saying what comes onto my tongue.
If I tell lies, then something is omitted. Telling the truth sets things alight. Both alternatives make my heart hesitate. As it hesitates, my tongue speaks.[2]
Anyone who has discovered the fakir's secret has tracked the path within himself. He is an inhabitant of the temple of joy, where there is no rise or fall.
All that is necessary is to be respectful. I know the universal rule. All things contain the form of the lord, sometimes manifest, sometimes hidden.
This courtyard[3] is a slippery business. Tread carefully, for it is dark. Go in and see who it is. Why do you seek delusion outside?
Appearance extends itself here. Understanding things is a strange business. There is the flash of a single form, like a spark that falls into gunpowder.
Sometimes he displays airs and graces. Sometimes he becomes the Prophet and brings about union. Sometimes he turns himself into a lover and comes. Sometimes the soul suffers in separation.
Why do you make earth and rubies? You yourself are a unique pearl. You are made distinct with a dot. Still you seek your director and guide.
When the exalted light was manifested, the holy mountain of Sinai[4] was burned up. The saintly Mansur[5] ascended the gallows. Boasting is of no use.
If I reveal the mystery, all disputes will be forgotten. Then they would kill friend Bullha. Veiled expression[6] is suitable here.

ਅਸਾਂ ਪੜ੍ਹਿਆ ਇਲਮ ਤਕੀਕੀ ਏ, ਉਥੇ ਇਕੋ ਹਰਫ਼ ਹਕੀਕੀ ਏ
ਸਭ ਝਗੜਾ ਹੋਰ ਵਧੀਕੀ ਏ, ਐਵੇਂ ਰੌਲਾ ਪਾ ਪਾ ਬਹਿੰਦੀ ਏ

ਐ ਸ਼ਾਹ ਅਕਲ ਤੂੰ ਆਇਆ ਕਰ, ਸਾਨੂੰ ਅਦਬ ਅਦਾਬ ਸਿਖਾਇਆ ਕਰ
ਮੈਂ ਝੂਠੀ ਨੂੰ ਸਮਝਾਇਆ ਕਰ, ਜੋ ਮੂਰਖ ਮਾਣੂ ਕਹਿੰਦੀ ਏ

ਵਾਹ ਵਾਹ ਕੁਦਰਤ ਬੇਪਰਵਾਹੀ ਏ, ਦੇਵੇ ਕੈਦੀ ਦੇ ਸਿਰ ਸ਼ਾਹੀ ਏ
ਇਕ ਬੇਟਾ ਜਾਇਆ ਮਾਈ ਏ, ਸਭ ਕਲਮਾ ਇਸ ਦਾ ਕਹਿੰਦੀ ਏ

ਇਸ ਆਜਿਜ਼ ਦਾ ਕੀ ਹੀਲਾ ਏ, ਰੰਗ ਜ਼ਰਦ ਤੇ ਮੁਖੜਾ ਪੀਲਾ ਏ
ਜਿਥੇ ਆਪੇ ਆਪ ਵਸੀਲਾ ਏ, ਉਥੇ ਕੀ ਅਦਾਲਤ ਕਹਿੰਦੀ ਏ

ਤੈਂ ਆਪੇ ਪੁਲ ਸਿਰਾਤ ਬਣਾਈ, ਤੈਂ ਅੱਗੇ ਕਿਸ ਢਾਲ ਭਵਾਈ
ਸਭ ਕਲਮਾ ਤੱਜਬ ਪਾਰ ਲੰਘਾਈ, ਉਥੇ ਕੌਣ ਦੋਜ਼ਖ਼ ਵਿਚ ਰਹਿੰਦੀ ਏ

ਬੁੱਲ੍ਹਾ ਸ਼ਹੁ ਅਸਾਂ ਥੀਂ ਵੱਖ ਨਹੀਂ, ਬਿਨ ਸ਼ਹੁ ਥੀਂ ਦੂਜਾ ਕੱਖ ਨਹੀਂ
ਪਰ ਵੇਖਣ ਵਾਲੀ ਅੱਖ ਨਹੀਂ, ਤਾਹੀਂ ਜਾਨ ਜੁਦਾਈਆਂ ਸਹਿੰਦੀ ਏ

੧੨੦

ਮੇਰਾ ਰਾਂਝਣ ਹੁਣ ਕੋਈ ਹੋਰ

ਤਖ਼ਤ ਮੁਨੱਵਰ ਬਾਂਗਾਂ ਮਿਲੀਆਂ, ਸੁਣੀਆਂ ਤਖ਼ਤ ਲਹੋਰ

ਇਸ਼ਕੇ ਮਾਰੇ ਐਵੇਂ ਫਿਰਦੇ, ਜਿਉਂ ਜੰਗਲ ਵਿਚ ਢੋਰ

ਰਾਂਝਾ ਤਖ਼ਤ ਹਜ਼ਾਰੇ ਦਾ ਸਾਈਂ, ਹੁਣ ਉਥੋਂ ਹੋਇਆ ਚੋਰ

I have studied the science of certainty, where only one letter[7] is real. All other disputation is superfluous. A tumult is created for nothing.
Oh lord reason, keep coming, and keep teaching me respect and decorum. Keep correcting me, for I am untruthful, saying that man is foolish.
The divine power is wonderfully nonchalant. It bestows royalty on the prisoner's head. It is a son born of a mother. Everyone professes faith in him.[8]
What resource does this helpless one possess, whose color is yellow and whose face is pale? Where he is himself the intercessor,[9] who can speak of the court of justice?
It is you who made the Sirat bridge.[10] Who can shield themselves against you? It is the excellent word[11] that delivers us safely across. Who then remains in hell?
Bullha, the lord is not separate from us; without him there is nothing else, not even a straw. But you do not possess the eye of vision. That is why the soul suffers its separations.

120

My Ranjha is now someone else.
When the calls came from the throne of light, they were heard in royal Lahore.[1]
Those who are smitten by love wander like cattle in the forest.
Ranjha, the lord of Takht Hazara,[2] has now come from there as a thief.

ਬੁੱਲ੍ਹਾ ਸ਼ਾਹ ਅਸਾਂ ਮਰਨਾ ਨਾਹੀਂ, ਕਬਰ ਪਏ ਕੋਈ ਹੋਰ

੧੨੧

ਮੇਰੀ ਬੁੱਕਲ ਦੇ ਵਿਚ ਚੋਰ, ਨੀ ਮੇਰੀ ਬੁੱਕਲ ਦੇ ਵਿਚ ਚੋਰ

ਸਾਧੋ ਕਿਸਨੂੰ ਕੂਕ ਸੁਣਾਵਾਂ, ਨੀ ਮੇਰੀ ਬੁੱਕਲ ਦੇ ਵਿਚ ਚੋਰ
ਚੋਰੀ ਚੋਰੀ ਨਿਕਲ ਗਿਆ, ਜਗ ਵਿਚ ਪੈ ਗਿਆ ਸ਼ੋਰ

ਮੁਸਲਮਾਨ ਸਿਵਿਆਂ ਤੋਂ ਡਰਦੇ, ਹਿੰਦੂ ਡਰਦੇ ਗੋਰ
ਦੋਵੇਂ ਏਸੇ ਦੇ ਵਿਚ ਮਰਦੇ, ਇਹੋ ਦੋਹਾਂ ਦੀ ਖੋਰ

ਕਿਤੇ ਰਾਮ ਦਾਸ ਕਿਤੇ ਫਤਿਹ ਮੁਹੰਮਦ, ਏਹੋ ਕਦੀਮੀ ਸ਼ੋਰ
ਮਿਟ ਗਿਆ ਦੋਹਾਂ ਦਾ ਝਗੜਾ, ਨਿਕਲ ਪਿਆ ਕੁਝ ਹੋਰ

ਅਰਸ਼ ਮੁਨੱਵਰੋਂ ਬਾਂਗਾਂ ਮਿਲੀਆਂ, ਸੁਣੀਆਂ ਤਖ਼ਤ ਲਹੋਰ
ਸ਼ਾਹ ਇਨਾਇਤ ਕੁੰਡੀਆਂ ਪਾਈਆਂ, ਲੁਪ ਛੁਪ ਖਿਚਦਾ ਡੋਰ

ਜਿਸ ਢੂੰਡਿਆ ਤਿਸ ਪਾਇਓ ਨਾਹੀਂ, ਝੁਰ ਝੁਰ ਹੋਇਆ ਮੋਰ
ਪੀਰ ਪੀਰਾਂ ਬਗ਼ਦਾਦ ਅਸਾਡਾ, ਮੁਰਸ਼ਦ ਤਖ਼ਤ ਲਹੋਰ

ਏਹੋ ਤੁਸੀਂ ਵੀ ਆਖੋ ਸਾਰੇ, ਆਪ ਗੁੱਡੀ ਆਪ ਡੋਰ
ਮੈਂ ਦਸਨਾ ਤੁਸੀ ਪਕੜ ਲਿਆਓ, ਬੁੱਲ੍ਹੇ ਸ਼ਾਹ ਦਾ ਚੋਰ

Bullhe Shah, we are not going to die; let someone else fall into the grave.

121

There is a thief in the folds of my scarf.[1] Oh, there is a thief in the folds of my scarf.
Good people, to whom shall I utter my cry? Oh, there is a thief in the folds of my scarf. Stealthily he got out, and havoc was caused in the world.
Muslims fear the burning grounds, Hindus fear the grave. Both of them die in this dispute. This is the enmity between the two.
Sometimes he is Ram Das, sometimes he is Fateh Muhammad,[2] hence all this long-standing uproar. The quarrel between them was removed, when someone else emerged.
When the calls came from the heavenly throne of light, they were heard in royal Lahore.[3] Shah Inayat has set out his hooks, and without being seen he tugs the line.
Whoever did not find the one he was looking for cried out in grief like the peacock. Baghdad is the place of the Pir of Pirs;[4] our guide is in royal Lahore.
This is what you all should say: it is he who is the kite, he who is the string. I am telling you to arrest Bullhe Shah's thief and bring him here.

੧੨੨

ਮੇਰੇ ਕਿਉਂ ਚਿਰ ਲਾਇਆ ਮਾਹੀ, ਨੀ ਮੈਂ ਉਸ ਤੋਂ ਘੋਲ ਘੁਮਾਈ

ਦਰਦ ਫ਼ਰਾਕ ਬਥੇਰਾ ਕਰਿਆ, ਇਹ ਦੁਖ ਮੈਥੋਂ ਜਾਏ ਨਾ ਜਰਿਆ
ਟਮਕ ਅਸਾਡੇ ਸਿਰ ਤੇ ਧਰਿਆ, ਮੋਢੇ ਬੁਗ਼ਚਾ ਲੋਹ ਕੜਾਹੀ

ਜਾਗਦਿਆਂ ਮੈਂ ਘਰ ਵਿਚ ਮੁੱਠੀ, ਕਦੀ ਨਹੀਂ ਸਾਂ ਬੈਠੀ ਉੱਠੀ
ਜਿਸ ਦੀ ਸਾਂ ਮੈਂ ਓਸੇ ਕੁੱਠੀ, ਹੁਣ ਕੀ ਕਰ ਲਿਆ ਬੇਪਰਵਾਹੀ

ਬੁੱਲ੍ਹਾ ਸ਼ਹੁ ਤੇਰੇ ਤੋਂ ਵਾਰੀ, ਮੈਂ ਬਲਿਹਾਰੀ ਲਖ ਲਖ ਵਾਰੀ
ਤੇਰੀ ਸੂਰਤ ਬਹੁਤ ਪਿਆਰੀ, ਮੈਂ ਬੇਚਾਰੀ ਘੋਲ ਘੁਮਾਈ

੫ ਮਾਹੀ ਦੇ ਪੰਜ ਪੀਰ ਪਨਾਹੀ, ਢੂੰਡਣ ਉਸ ਨੂੰ ਵਿਚ ਲੋਕਾਈ
ਮੇਰੇ ਮਾਹੀ ਤੇ ਫ਼ਜ਼ਲ ਇਲਾਹੀ, ਜਿਸ ਨੇ ਗ਼ੈਬੋਂ ਤਾਰ ਹਿਲਾਈ

'ਕੁਨ ਫ਼ਯਕੂਨ' ਅਵਾਜ਼ਾ ਆਇਆ, ਤਖ਼ਤ ਹਜ਼ਾਰਿਓਂ ਰਾਂਝਾ ਧਾਇਆ
ਚੂਚਕ ਦਾ ਓਹ ਚਾਕ ਸਦਾਇਆ, ਉਹ ਆਹਾ ਸਾਹਿਬ ਸਫ਼ਾਈ

ਚੱਲ ਰਾਂਝਾ ਮੁਲਤਾਨ ਚਲਾਹੇਂ, ਗ਼ੌਸ ਬਹਾਵਲ ਪੀਰ ਮਨਾਵੇਂ
ਆਪਣੀ ਤੁਰਤ ਮੁਰਾਦ ਲਿਆਵੇਂ, ਮੇਰਾ ਜੀ ਰੱਬ ਮੌਲਾ ਚਾਹੀ

ਜਿੱਥੇ ਇਸ਼ਕ ਡੇਰਾ ਘਤ ਬਹਿੰਦਾ, ਓਥੇ ਸਬਰ ਕਰਾਰ ਨਾ ਰਹਿੰਦਾ
ਕੋਈ ਛੁੱਟਕਣ ਐਵੇਂ ਕਹਿੰਦਾ, ਗਲ ਪਈ ਪ੍ਰੇਮ ਦੀ ਫਾਹੀ

ਜੰਞ ਖੇੜਿਆਂ ਦੀ ਆਕੇ ਢੁੱਕੀ, ਮੈਂ ਹੁਣ ਹੀਰ ਨਿਮਾਣੀ ਮੁੱਕੀ
ਮੇਰੀ ਰੱਤ ਸਰੀਰੋਂ ਸੁੱਕੀ, ਵਲ ਵਲ ਮਾਰੇ ਬਿਰਹੋਂ ਖਾਈ

੧੦ ਖੇੜਾ ਫੁੱਲ ਘੋੜੇ ਤੇ ਚੜ੍ਹਿਆ, ਫ਼ੱਕਰ ਧੂੜ ਗਰਦ ਵਿਚ ਰਲਿਆ
ਏਡ ਮਾਣ ਕਿਉਂ ਕੂੜਾ ਕਰਿਆ, ਉਸ ਕੀਤੀ ਬੇਪਰਵਾਹੀ

122

Why[1] has my beloved taken so long? Oh, I am devoted to him.

Separation has given me much pain; I cannot endure this suffering. It has put a large drum on my head and placed a sack with an iron pot on my shoulders.

At home I am ravaged as soon as I wake up. I am never able to get up or to sit down. It is the one I belonged to who has slain me; how can he be so indifferent now?

Bullha offers himself to you, oh lord. I am sacrificed thousands of times over. Your appearance is very dear. I am a poor creature who is devoted to you.

The Five Pirs[2] protect my beloved, they search for him among people. Divine grace is upon my beloved, who has played the string from the unseen world.

The call came: *Let it be, and it was.*[3] Ranjha came quickly from Takht Hazara. He was called Chuchak's[4] herdsman, but he was the lord of purity.

Come, Ranjha, let us go to Multan, to pay homage to the great saint Bahaval Haq.[5] Let us gain our desire immediately. My heart longs for the lord.

Wherever love sets up camp, all patience and resolve disappear. They may claim to be free, but the noose of love has fallen around their neck.

The bridegroom's procession of the Kheras has come. I, poor Hir, am finished now. The blood has evaporated from my body. Separation keeps burying me in a pit.

The Khera is proudly mounted on his horse. The poor fakir[6] is mingled with the dust. Why put on such a false show of pride? He has shown his indifference.

ਚੜ੍ਹ ਕੇ ਪੀਰ ਖੇੜਿਆਂ ਦਾ ਆਇਆ, ਉਸ ਨੇ ਕੇਹਾ ਸ਼ੋਰ ਮਚਾਇਆ
ਮੈਨੂੰ ਮਾਹੀ ਨਜ਼ਰ ਨਾ ਆਇਆ, ਤਾਹੀਏਂ ਕੀਤੀ ਹਾਲ ਦੁਹਾਈ

ਮੈਂ ਮਾਹੀ ਦੀ ਮਾਹੀ ਮੇਰਾ, ਗੋਸ਼ਤ ਪੋਸਤ ਬੇਰਾ ਬੇਰਾ
ਦਿਨ ਹਸ਼ਰ ਦੇ ਕਰਸਾਂ ਝੇੜਾ, ਜਦ ਦੇਸੀ ਦਾਦ ਇਲਾਹੀ

ਚੂਚਕ ਕਾਜ਼ੀ ਸੱਦ ਬਹਾਇਆ, ਮੈਂ ਮਨ ਰਾਂਝੂ ਮਾਹੀ ਭਾਇਆ
ਧੱਕੋ ਧੱਕ ਨਿਕਾਹ ਪੜ੍ਹਾਇਆ, ਉਸ ਕੀਤਾ ਫ਼ਰਜ਼ ਅਦਾਈ

ਤੇਲ ਵਟਨਾ ਕੰਧੇ ਤੇ ਮਲਿਆ, ਚੋਇਆ ਚੰਨਣ ਮੱਥੇ ਰਲਿਆ
ਮਾਹੀ ਮੇਰਾ ਬੇਲੇ ਵੜਿਆ, ਮੈਂ ਕੀ ਕਰਨੇ ਕੰਗਣ ਬਾਹੀ

ਟਮਕ ਸੁੱਟ ਟਿੱਲੇ ਵਲ ਜਾਵੇ, ਬੈਠਾ ਉਸ ਦਾ ਨਾਮ ਧਿਆਵੇ
ਕੰਨ ਪੜਵਾ ਕੇ ਮੁੰਦਰਾਂ ਪਾਵੇ, ਗੁਰ ਲੈ ਕੇ ਦੋ ਸਿਰ ਸਾਹੀ[1]

ਗੁਰ ਗੋਰਖ ਨੂੰ ਪੀਰ ਮਨਾਵੇ, ਹੀਰੇ ਹੀਰੇ ਕਰ ਕੁਰਲਾਵੇ
ਜਿਸ ਦੇ ਕਾਰਨ ਮੂੰਡ ਮੰਡਾਵੇ, ਉਹ ਮੂੰਹ ਪੀਲਾ ਜ਼ਰਦ ਕਪਾਹੀ

ਜੋਗੀ ਜੋਗ ਸਿਧਾਰਨ ਆਇਆ, ਸਿਰ ਦਾੜ੍ਹੀ ਮੂੰਹ ਮੋਨ ਮੁਨਾਇਆ
ਇਸਨੇ ਭਗਵਾਂ ਭੇਸ ਵਟਾਇਆ, ਕਾਲੀ ਸੇਲ੍ਹੀ ਗਲ ਵਿਚ ਪਾਈ

ਜੋਗੀ ਸ਼ਹਿਰ ਖੇੜਿਆਂ ਦੇ ਆਵੇ, ਜਿਸ ਘਰ ਮਤਲਬ ਸੋ ਘਰ ਜਾਵੇ
ਬੂਹੇ ਜਾ ਕੇ ਨਾਦ ਵਜਾਵੇ, ਆਪੇ ਹੋਇਆ ਫ਼ਜ਼ਲ ਇਲਾਹੀ

The Pir of the Kheras[7] has come mounted; what an uproar he has created. I have not seen my beloved, and that is why I have lamented my condition.

I am the beloved's, the beloved is mine, in flesh and skin and every single part. On the day of resurrection I will create a dispute, when divine justice is dispensed.

Chuchak called for the *qazi* and sat him down. My beloved Ranjha is the one who has pleased my heart. Forcibly, the marriage ceremony was recited and the ritual was performed.

Oil and lotion[8] were rubbed on his shoulders, and sandal paste was smeared on his forehead. My beloved has gone into the river glade. What use to me are the bangles on my arm?

Casting aside his drum,[9] he goes toward Tilla,[10] he sits and meditates on his name.[11] He has his ears split and the earrings inserted, and is initiated by the guru.

My Pir gains the approval of guru Gorakh.[12] He keeps crying "Hir, Hir." The one for whom he had his head shaven has a face as pale as the cotton boll.

The yogi came to practice yoga, with his head and beard and face clean-shaven. He has put on ochre-colored clothing, and has a yogi's coarse black thread around his neck.

The yogi comes to the city of the Kheras, going to the house where his purpose lies. He goes to the door and sounds his horn. All this has happened by divine grace.

ਬੂਹੇ ਪੈਖੜ ਪਿਆ ਧਿੰਗਾਣੇ, ਟੁਟ ਗਿਆ ਖੱਪਰ ਡੁਲ੍ਹ ਪਏ ਦਾਣੇ
ਇਸ ਦੇ ਵਲ ਛਲ ਕੌਣ ਪਛਾਣੇ, ਚੀਣਾ ਰੁੱਲ ਗਿਆ ਵਿਚ ਪਾਹੀ

ਚੀਣਾ ਚੁਣ ਚੁਣ ਝੋਲੀ ਪਾਵੇ, ਬੈਠਾ ਹੀਰੇ ਤਰਫ਼ ਤਕਾਵੇ
ਜੋ ਕੁਝ ਲਿਖਿਆ ਲੇਖ ਸੋ ਪਾਵੇ, ਰੋ ਰੋ ਲੜਦੇ ਨੈਣ ਸਿਪਾਹੀ

ਇਹ ਗੱਲ ਸਹਿਤੀ ਨਣਦ ਪਛਾਤੀ, ਦੋਹਾਂ ਦੀ ਵੇਦਨ ਇੱਕੋ ਜਾਤੀ
ਉਹ ਵੀ ਆਹੀ ਸਹੀ ਮਧਮਾਤੀ, ਉੱਤੇ ਧੂਆਂ ਸੱਥਰ ਪਾਈ

ਬੁੱਲ੍ਹਾ ਸਹਿਤੀ ਫੰਦ ਮਚਾਇਆ, ਹੀਰ ਸਲੇਟੀ ਨਾਂਗ ਲੜਾਇਆ
ਜੋਗੀ ਮੰਤਰ ਝਾੜਨ ਆਇਆ, ਦੋਹਾਂ ਆਸ ਮੁਰਾਦ ਪੁਚਾਈ

੧੨੩

ਮੇਰੇ ਘਰ ਆਇਆ ਪੀਆ ਹਮਰਾ

ਵਾਹ ਵਾਹ ਵਹਦਤ ਕੀਨਾ ਸ਼ੋਰ, ਅਨਹਦ ਬੰਸੀ ਦੀ ਘਣਘੋਰ
ਅਸਾਂ ਹੁਣ ਪਾਇਆ ਤਖ਼ਤ ਲਹੌਰ

ਜਲ ਗਏ ਮੇਰੇ ਖੋਟ ਨਿਖੋਟ, ਲਗ ਗਈ ਪ੍ਰੇਮ ਸੱਚੇ ਦੀ ਚੋਟ
ਸਾਨੂੰ ਓਸ ਖ਼ਸਮ ਦੀ ਓਟ

ਹੁਣ ਕਿਆ ਗਿਣੀਏ ਸਾਲੋ ਸਾਇਤ, ਲਗ ਗਿਆ ਮਸਤ ਪਿਆਲਾ ਹਾਤ
ਹੁਣ ਮੈਂ ਭੁੱਲ ਗਈ ਜ਼ਾਤ ਸਿਫ਼ਾਤ

ਹੁਣ ਕਿਆ ਕੀਨੇ ਬੀਸ ਪਚਾਸ,[੧] ਪੀਤਮ ਪਾਈ ਅਸਾਂ ਵਲ ਚਾਸ
ਹੁਣ ਸਾਨੂੰ ਸਭ ਜਗ ਦਿਸਦਾ ਲਾਸ

At the door he is violently seized. His bowl is broken and his beads scattered. Who recognizes his deceit? The grains of millet[13] are scattered on the path.
Picking up the millet grains, he puts them in his pouch. He sits and looks intently at Hir. He discovers the fate that is written there. Their eyes weep and engage with each other like soldiers.
Hir's sister-in-law Sahti realizes what is going on, she knows the secret pain they share. She too was truly intoxicated with love, and added straw to the smoke.
Bullha, Sahti devised a trick.[14] She caused Hir of the Sials to fight with the snake. The yogi came to cast his spells. Both their desires were fulfilled.

123

Our beloved has come to our house.
Unity has created a wonderful uproar. The unstruck flute plays its high notes. Now I have found royal Lahore.[1]
The false and the true within me have been consumed. I have felt the blow of true love. I have found refuge with the lord.
Now why reckon years and hours? I have got hold of an intoxicating cup. I have forgotten my essence and attributes.
Now what is the point of counting? The beloved has looked[2] kindly upon me. Now the world looks dead[3] to me.

ਹੁਣ ਅਸਾਨੂੰ ਆਸ ਦੀ ਫਾਸ, ਬੁੱਲ੍ਹਾ ਸ਼ਹੁ ਆਇਆ ਹਮਰੇ ਪਾਸ
ਸਾਈਂ ਪੁਜਾਈ ਸਾਡੀ ਆਸ

੧੨੪

ਮੇਰੇ ਨੌਸ਼ਹੁ ਦਾ ਕਿਤ ਮੋਲ

ਅਗਲੇ ਵੱਲ ਦੀ ਖ਼ਬਰ ਨਾ ਕੋਈ, ਰਹਿ ਕਿਤਾਬਾਂ ਫੋਲ

ਸੱਚੀਆਂ ਨੂੰ ਪਏ ਵੱਜਣ ਪੌਲੇ, ਝੂਠੀਆਂ ਕਰਨ ਕਲੋਲ

ਚੰਗ ਚੰਗੇਰੇ ਪਰੇ ਪਰੇਰੇ, ਅਸੀਂ ਆਈਆਂ ਸੀ ਅਣਭੋਲ

ਬੁੱਲ੍ਹਾ ਸ਼ਾਹ ਜੇ ਬੋਲਾਂਗਾ, ਹੁਣ ਕੌਣ ਸੁਣੇ ਮੇਰੇ ਬੋਲ

੧੨੫

ਮੇਰੇ ਮਾਹੀ ਕਿਉਂ ਚਿਰ ਲਾਇਆ ਏ

ਕਹਿ ਬੁੱਲ੍ਹਾ ਹੁਣ ਪ੍ਰੇਮ ਕਹਾਣੇ, ਜਿਸ ਤਨ ਲਾਗੇ ਸੋ ਜਨ ਜਾਣੇ
ਅੰਦਰ ਝਿੜਕਾਂ ਬਾਹਰ ਤਾਅਨੇ, ਨੇਹੁੰ ਲਾ ਕੇ ਸੁਖ ਪਾਇਆ ਏ

ਨੈਣਾਂ ਕਾਰ ਰੋਵਣ ਦੀ ਪਕੜੀ, ਇਕ ਮਰਨਾਂ ਦੂਜਾ ਜਗ ਦੀ ਫਕੜੀ
ਬਿਰਹੋਂ ਜਿੰਦ ਅਵੱਲੀ ਜਕੜੀ, ਨੀ ਮੈਂ ਰੋ ਰੋ ਹਾਲ ਵੰਜਾਇਆ ਏ

Now we are ensnared by hope. Bullha, the lord has come to our side. The lord has fulfilled our hope.

124

How precious my bridegroom is.
No clue as to what lies ahead can be gained from studying books.
The true get beaten with slippers, while the false have a merry time.
The comfortably off are far from the truth; we have come without presuppositions.
Bullhe Shah, if I speak, who will listen to what I say?

125

My beloved, why have you taken so long?
Now tell the stories of love, Bullha. The body that has experienced it is the one that knows. Rebukes at home and reproaches outside are the comfort I have found through falling in love.
My eyes have assumed the task of weeping. First there is death, then there is the world's taunting. The pain of love has gripped my unhappy heart. Oh, I have wept and bewailed my condition.

ਅਸਾਂ ਪਿਆਲਾ ਉਹ ਤਹਿਕੀਕ ਕੀਆ, ਜੋ ਭਰਕੇ ਸ਼ਾਹ ਮਨਸੂਰ ਪੀਆ
ਉਹ ਪੀਆ ਨੇ ਤਾਜ ਮਿਅਰਾਜ ਦੀਆ, ਮੈਂ ਖੂਹ ਥੀਂ ਵੁਜ਼ੂ ਕਰਾਇਆ ਏ

ਇਸ਼ਕ ਮੁਅੱਜ਼ਨ ਬਾਂਗ ਦਿਵਾਈ, ਸ਼ਹੁ ਰਾਵਣ ਦੀ ਗੱਲ ਸੁਣਾਈ
ਕਰ ਨੀਯਤ ਸਜਦੇ ਵਲ ਧਾਈ, ਨੀ ਮੈਂ ਮੂੰਹ ਮਹਿਰਾਬ ਲਗਾਇਆ ਏ

ਬੁੱਲ੍ਹਾ ਸ਼ਹੁ ਗੁਰ ਲਪਟ ਲਗਾਈਂ, ਰਸਤੇ ਮੋਂ ਸਭ ਬਣ ਠਣ ਆਈਂ
ਵੇਖਾਂ ਮੈਂ ਇਨਾਇਤ ਸਾਈਂ, ਜਿਸ ਮੈਨੂੰ ਸ਼ਹੁ ਮਿਲਾਇਆ ਏ

੧੨੯

ਮੈਂ ਉਡੀਕਾਂ ਕਰ ਰਹੀ, ਕਦੀ ਆ ਕਰ ਫੇਰਾ

ਮੈਂ ਜੋ ਤੈਨੂੰ ਆਖਿਆ, ਕੋਈ ਘੱਲ ਸੁਨੇਹੜਾ
ਚਸ਼ਮਾਂ ਸੇਜ ਵਿਛਾਇਆਂ, ਦਿਲ ਕੀਤਾ ਡੇਰਾ
ਤੂੰ ਲਟਕੇਂਦਾ ਆ ਵੜੇਂ, ਸ਼ਾਹ ਇਨਾਇਤ ਮੇਰਾ

ਉਹ ਅਜੇਹਾ ਕੌਣ ਹੈ, ਜਾ ਆਖੇ ਜਿਹੜਾ
ਮੈਂ ਵਿਚ ਕੀ ਤਕਸੀਰ ਹੈ, ਮੈਂ ਬਰਦਾ ਤੇਰਾ
ਤੈਂ ਬਾਝੋਂ ਮੇਰਾ ਕੌਣ ਹੈ, ਦਿਲ ਢਾ ਨਾ ਮੇਰਾ

ਦਸਤ ਕੰਗਣ ਬਾਹੀਂ ਚੂੜੀਆਂ, ਗਲ ਨੌਰੰਗ ਚੋਲਾ
ਮਾਹੀ ਮੈਨੂੰ ਕਰ ਗਿਆ, ਕੋਈ ਰਾਵਲ ਰੋਲਾ
ਜਲ ਬਲ ਆਹੀਂ ਮਾਰੀਆਂ, ਦਿਲ ਪੱਥਰ ਤੇਰਾ

We have fully investigated the cup that Shah Mansur[1] filled and drank from. The beloved gave me the crown of the ascension[2] and made me perform my ablution from the well.[3]

Love made the muezzin give the call to prayer.[4] He proclaimed the message of giving pleasure to the lord. Forming my intention, I went quickly to perform the prostration. Oh, I have turned my face toward the *mihrab*.

Bullha, embrace the lord and master. On the way all the girls have dressed up. Let me see Shah Inayat, who has made me meet my lord.

126

I keep waiting, do come and visit me some time.

Remember what I said to you and send me a message. I have spread out my eyes as a bed for you, I have made my heart your lodging. Come on in with your swaying movement, my Shah Inayat.

Is there anyone who will go and tell you this message from me? "What fault is there in me? I am your slave. Who do I have besides you? Do not destroy my heart."

I have a bracelet on my wrist and bangles on my arms,[1] and I am wearing a tunic of many colors. The beloved has made me some sort of yogi. I am consumed and heave bitter sighs. Your heart is made of stone.

੫ ਕਿਆ ਤੇਰੀ ਮਾਂਗ ਸੰਧੂਰ ਭਰੀ, ਸੋਹੇ ਰਤੜਾ ਚੋਲਾ
ਪਈ ਸੰਮੀ ਵਾਂਗ ਮੈਂ ਕੂਕਦੀ, ਕਰ ਢੋਲਾ ਢੋਲਾ
ਅਣਗਿਣਵੀਆਂ ਸੂਲਾਂ ਪਾ ਲਿਆ, ਸੂਲਾਂ ਦਾ ਘੇਰਾ

ਮੈਂ ਜਾਤਾ ਦੁੱਖ ਘਰ ਆਪਣੇ, ਦੁੱਖ ਪਏ ਘਰ ਕਈਆਂ
ਜਿਹਾ ਸਿਰ ਸਿਰ ਭਾਂਬੜ ਭੜਕਿਆ, ਸਭ ਪਿਟਦੀਆਂ ਗਈਆਂ
ਹੁਣ ਆਣ ਪਈ ਸਿਰ ਆਪਣੇ, ਸਭ ਚੁੱਕ ਗਿਆ ਝੇੜਾ

ਜਿਹੜੀਆਂ ਸਾਹਵਰੇ ਮੁੱਤੀਆਂ, ਸੋਈ ਪੇਕੇ ਹੋਵਣ
ਸ਼ਹੁ ਜਿਨ੍ਹਾਂ ਤੇ ਮਾਇਲ ਏ, ਚੜ੍ਹ ਸੇਜੇ ਸੋਵਣ
ਜਿਸ ਘਰ ਕੌਂਤ ਨ ਬੋਲਿਆ, ਸੋਈ ਖ਼ਾਲੀ ਵਿਹੜਾ

ਮੈਂ ਢੂੰਡ ਸ਼ਹਿਰ ਸਭ ਭਾਲਿਆ, ਘੱਲਾਂ ਕਾਸਦ ਕਿਹੜਾ
ਹੁਣ ਚੜ੍ਹਿਆਂ ਡੋਲੀ ਪਰੇਮ ਦੀ, ਦਿਲ ਧੜਕੇ ਮੇਰਾ
ਦਿਲਦਾਰ ਮੁੰਹਮਦ ਆਰਬੀ, ਹੱਥ ਪਕੜੀਂ ਮੇਰਾ

ਪਹਿਲੀ ਪੌੜੀ ਉਤਰੀ, ਪੁਲ ਸਰਾਤੇ ਡੇਰਾ
ਹਾਜੀ ਲੋਕ ਮੱਕੇ ਨੂੰ ਜਾਵਣ, ਮੈਂ ਮੁਖ ਵੇਖਾਂ ਤੇਰਾ
ਆ ਇਨਾਇਤ ਕਾਦਰੀ, ਦਿਲ ਚਾਹੇ ਮੇਰਾ

੧੦ ਪਹਿਲੀ ਰਾਤ ਵਸਾਲ ਦੀ, ਦਿਲ ਖ਼ੌਫ਼ੇ ਮੇਰਾ
ਡੂੰਘੀ ਗੋਰ ਖਟੇਂਦਿਆਂ, ਹੋਇਆ ਲਹਦੋਂ ਤੇੜਾ
ਪਹਿਲਾ ਬੰਦ ਖੁਲੇਂਦਿਆਂ, ਮੂੰਹ ਕਾਅਬੇ ਮੇਰਾ

ਮਿਲੀ ਹੈ ਬਾਂਗ ਰਸੂਲ ਦੀ, ਫੁਲ ਖਿੜਿਆ ਮੇਰਾ
ਸਦਾ ਹੋਇਆ ਮੈਂ ਹਾਜ਼ਰੀ, ਹਾਂ ਹਾਜ਼ਰ ਤੇਰਾ
ਹਰ ਪਲ ਤੇਰੀ ਹਾਜ਼ਰੀ, ਇਹੋ ਸਜਦਾ ਮੇਰਾ

What is the parting in your hair marked with vermilion? Your red tunic looks good on you. I keep crying out like Sammi,[2] saying, "Oh, my beloved Dhola!" I have experienced innumerable torments. Those torments have enveloped me.

I thought it was just my home that suffered, but suffering has affected many people's houses. All those upon whose heads the flame of love blazed have gone away in mourning. Now it has come upon my head, and my quarrel with them is finished.

Those who were sent to their in-laws are back home. Those whom the lord favored have climbed into bed and sleep there. The courtyard of the house where the bridegroom has not spoken is empty.

I have searched the entire city. Who shall I send as my messenger? Now I have climbed into the palanquin of love, and my heart is beating. Oh my beloved Muhammad the Arabian, take hold of my hand.

I have gone down the first stair and am stationed on the Sirat bridge.[3] Hajjis go to Mecca,[4] but I gaze on your face. Come, Inayat Qadiri,[5] my heart desires you.

On the first night of being together,[6] my heart is full of fear. After the deep grave was dug, the tomb was split open. When the first tie of my winding sheet was undone, my face was turned toward the Kaaba.

I have heard the call of the Apostle, and I blossom like a flower. I am in permanent attendance upon you, and I am present before you. My permanent attendance upon you is my humble act of prostration.

ਬੁੱਲ੍ਹਾ ਭੜਕਣ ਸ਼ਹੁ ਲਈ, ਸੀਨੇ ਵਿਚ ਭਾਹੀਂ
ਔਖਾ ਪੈਂਡਾ ਪਰੇਮ ਦਾ, ਸੋ ਘਟਦਾ ਨਾਹੀਂ
ਪਏ ਰਾਹ ਵਿਚ ਬਾਘੇ ਚਿਤਰੇ, ਸਿਰ ਧਾੜੀਂ ਬੇੜ੍ਹਾ

੧੨੭

ਮੈਂ ਕਸੁੰਬੜਾ ਚੁਣ ਚੁਣ ਹਾਰੀ

ਏਸ ਕਸੁੰਬੇ ਦੇ ਕੰਡੇ ਭਲੇਰੇ, ਅੜ ਅੜ ਚੁਨਰੀ ਪਾੜੀ
ਏ ਕਸੁੰਬੇ ਦਾ ਹਾਕਮ ਕਰੜਾ, ਜ਼ਾਲਮ ਏ ਪਟਵਾਰੀ

ਏਸ ਕਸੁੰਬੇ ਦੇ ਚਾਰ ਮੁਕੱਦਮ, ਮਲਬਾ ਮੰਗਦੇ ਭਾਰੀ
ਹੋਰਨਾਂ ਚੁਗਿਆ ਫੂਹੀ ਫੂਹੀ, ਮੈਂ ਭਰ ਲਈ ਪਟਾਰੀ

ਚੁਗ ਚੁਗ ਕੇ ਮੈਂ ਢੇਰੀ ਕੀਤਾ, ਲੱਥੇ ਆਣ ਬਪਾਰੀ
ਔਖੀ ਘਾਟੀ ਮੁਸ਼ਕਿਲ ਪੈਂਡਾ, ਸਿਰ ਪਰ ਗਠੜੀ ਭਾਰੀ

ਅਮਲਾਂ ਵਾਲੀਆਂ ਸਭ ਲੰਘ ਗਈਆਂ, ਰਹਿ ਗਈ ਔਗਣਹਾਰੀ
ਸਾਰੀ ਉਮਰਾ ਖੇਡ ਗਵਾਈ, ਓੜਕ ਬਾਜ਼ੀ ਹਾਰੀ

'ਅਲਸਤ' ਕਿਹਾ ਜਦ ਅੱਖੀਆਂ ਲਾਈਆਂ, ਹੁਣ ਕਿਉਂ ਯਾਰ ਵਿਸਾਰੀ
ਇੱਕੋ ਘਰ ਵਿਚ ਵਸਦੀਆਂ ਰਸਦੀਆਂ, ਹੁਣ ਕਿਉਂ ਰਹੀ ਨਿਆਰੀ

ਮੈਂ ਕਮੀਨ ਕੁਚੱਜੀ ਕੋਝੀ, ਬੇਗੁਣ ਕੌਣ ਵਿਚਾਰੀ
ਬੁੱਲ੍ਹਾ ਸ਼ਹੁ ਦੇ ਲਾਇਕ ਨਾਹੀਂ, ਸ਼ਾਹ ਇਨਾਇਤ ਤਾਰੀ

Bullha, fires of longing for the lord burn fiercely in my breast. The journey of love is difficult, and it does not get less so. There are tigers and leopards on the way, and I am surrounded by bandits.

127

I have had enough of picking safflowers.[1]

This safflower has rather fine thorns. They keep catching in my veil and tearing it. The master of this safflower is harsh, and his accountant is cruel.

This safflower has four officers.[2] They demand a hefty sum. The other girls[3] have picked very little. I have filled my basket.

I have picked and picked, and have accumulated a pile. The merchants have come to stay. The passage is difficult and the way is hard. I have a heavy bundle on my head.

The girls who have performed good deeds have all got safely across. I am full of faults and am left here. My whole life has been wasted in playing about. The game is finally lost.

Am I not your lord?[4] he said, when he set his eyes on me. Now why has the beloved forgotten me? We lived happily together in the same house. Why have I now been abandoned?

I am lowly, clumsy, and ugly. Who is going to think of me, who am without any good qualities? Bullha, I am not worthy of the lord. Shah Inayat has delivered me.

੧੨੮

ਮੈਂ ਕਿਉਂ ਕਰ ਜਾਵਾਂ ਕਾਅਬੇ ਨੂੰ, ਦਿਲ ਲੋਚੇ ਤਖ਼ਤ ਹਜ਼ਾਰੇ ਨੂੰ

ਲੋਕੀ ਸਜਦਾ ਕਾਅਬੇ ਨੂੰ ਕਰਦੇ, ਸਾਡਾ ਸਜਦਾ ਯਾਰ ਪਿਆਰੇ ਨੂੰ

ਔਗੁਣ ਵੇਖ ਨਾ ਭੁੱਲ ਮੀਆਂ ਰਾਂਝਾ, ਯਾਦ ਕਰੀਂ ਉਸ ਕਾਰੇ ਨੂੰ

ਮੈਂ ਮਨਤਾਰੂ ਤਰਨ ਨਾ ਜਾਣਾਂ, ਸ਼ਰਮ ਪਈ ਤੁੱਧ ਤਾਰੇ ਨੂੰ

ਤੇਰਾ ਸਾਨੀ ਕੋਈ ਨਹੀਂ ਮਿਲਿਆ, ਢੂੰਡ ਲਿਆ ਜਗ ਸਾਰੇ ਨੂੰ

ਬੁੱਲ੍ਹਾ ਸ਼ਹੁ ਦੀ ਪ੍ਰੀਤ ਅਨੋਖੀ, ਤਾਰੇ ਔਗੁਣਹਾਰੇ ਨੂੰ

੧੨੯

ਮੈਂ ਗਲ ਓਥੇ ਦੀ ਕਰਦਾ ਹਾਂ, ਪਰ ਗਲ ਕਰਦਾ ਵੀ ਡਰਦਾ ਹਾਂ

ਨਾਲ ਰੂਹਾਂ ਦੇ ਲਾਰਾ ਲਾਇਆ, ਤੁਸੀਂ ਚਲੋ ਮੈਂ ਨਾਲੇ ਆਇਆ
ਏਥੇ ਬਰਦਾ ਚਾ ਬਣਾਇਆ, ਮੈਂ ਭਰਮ ਭੁਲਾਇਆ ਭਰਦਾ ਹਾਂ

ਹਾਕਮ ਨਾਲ ਹੈ ਖੇਲ ਅਸਾਡੀ, ਮੀਰੀ ਹੋ ਕੇ ਵੀ ਮੈਂ ਫਾਡੀ
ਧਰੀ ਧਰਾਈ ਪੂੰਜੀ ਤੁਹਾਡੀ, ਮੈਂ ਅਗਲਾ ਲੇਖਾ ਭਰਦਾ ਹਾਂ

ਦੇ ਪੂੰਜੀ ਮੂਰਖ ਝੁੰਝਲਾਇਆ, ਮਗਰ ਚੋਰਾਂ ਦੇ ਪੈੜਾ
ਚੋਰਾਂ ਦੀ ਮੈਂ ਪੈੜ ਲਿਆਇਆ, ਹਰ ਸ਼ਬ ਧਾੜੇ ਧੜਦਾ ਹਾਂ

128

Why should I go to the Kaaba?[1] My heart longs for Takht Hazara.
People prostrate themselves toward the Kaaba; my prostration is to my dear beloved.
Sir Ranjha, do not let the sight of my defects mislead you. Just remember your promise.
I am not a swimmer and do not know how to swim.[2] It is your responsibility to save me.
No one has ever encountered anyone like you, though they search the entire world.
Bullha, the lord's love is strange. He saves one who is full of faults.

129

I speak of that place. But even as I speak I am afraid.
You made a false promise to the souls, saying: "You go, and I will come too."[1] You made me a slave here. I was deluded and am paying for it.
I am playing with a stern despot. Even if I am the top player, I am placed bottom. All the money I have staked falls to you. I am settling a long-standing account.
Giving over the money, I was foolishly upset. I started tracking thieves. I tracked down the thieves, but I am robbed every night.

ਨਾ ਨਾਲ ਮੇਰੇ ਉਹ ਰਚਦਾ ਏ, ਨਾ ਮਿੰਨਤ ਕੀਤੀ ਸਜਦਾ ਏ
ਜਾਂ ਮੁੜ ਬੈਠਾਂ ਤਾਂ ਭਜਦਾ ਏ, ਮੁੜ ਮਿੰਨਤ ਜ਼ਾਰੀ ਕਰਦਾ ਹਾਂ

ਕੀ ਸੁਖ ਪਾਇਆ ਮੈਂ ਆਣ ਇੱਥੇ, ਨਾ ਮੰਜ਼ਲ ਨਾ ਡੇਰੇ ਜਿੱਥੇ
ਘੰਟਾ ਕੂਚ ਸੁਣਾਵਾਂ ਕਿੱਥੇ, ਨਿਤ ਊਠ ਕਚਾਵੇ ਕੜਦਾ ਹਾਂ

ਬੁੱਲ੍ਹੇ ਸ਼ਹੁ ਬੇਅੰਤ ਡੂੰਘਾਈ, ਦੋ ਜਗ ਬੀਚ ਨਾ ਲਗਦੀ ਕਾਈ
ਪਾਰ ਉਰਾਰ ਦੀ ਖ਼ਬਰ ਨਾ ਕਾਈ, ਮੈਂ ਬੇ ਸਿਰ ਪੈਰੀਂ ਤਰਦਾ ਹਾਂ

੧੩੦

ਮੈਂ ਚੂਹੜੇਟੜੀ ਹਾਂ ਸੱਚੇ ਸਾਹਿਬ ਦੀ ਸਰਕਾਰੋਂ

ਧਿਆਨ ਕੀ ਛਜਲੀ ਗਿਆਨ ਕਾ ਝਾੜੂ, ਕਾਮ ਕ੍ਰੋਧ ਨਿਤ ਝਾੜੂੰ
ਮੈਂ ਚੂਹੜੇਟੜੀ ਹਾਂ ਸੱਚੇ ਸਾਹਿਬ ਦੀ ਸਰਕਾਰੋਂ

ਕਾਜ਼ੀ ਜਾਣੇ ਹਾਕਮ ਜਾਣੇ, ਫ਼ਾਰਗ਼ ਖ਼ਤੀ ਬੇਗਾਰੋਂ
ਦਿਨੇ ਰਾਤ ਮੈਂ ਏਹੋ ਮੰਗਦੀ, ਦੂਰ ਨਾ ਕਰ ਦਰਬਾਰੋਂ

ਤੁੱਧ ਬਾਝੋਂ ਮੇਰਾ ਹੋਰ ਨਾ ਕੋਈ, ਕੈਂ ਵੱਲ ਕਰੂੰ ਪੁਕਾਰੋਂ
ਬੁੱਲ੍ਹਾ ਸ਼ਹੁ ਇਨਾਇਤ ਕਰਕੇ, ਬਖ਼ਰਾ ਮਿਲੇ ਦੀਦਾਰੋਂ

He does not make up with me. My entreaties have no effect. When I return, he runs away. Then once again I entreat him piteously.
What joy have I found through coming here, where there is no stage or stopping place? Where should I ring the bell of departure? I keep tying the litter tightly on my camel.
Bullha, the depth of the lord is bottomless. There is no plumbing the gap between the two worlds. I have no clue about the near bank or the far one. I swim about helplessly.

130

I[1] am a poor sweeper girl from the establishment of the true lord.
With the fan of attention and the broom of knowledge I keep sweeping up lust and anger. I am a poor sweeper-girl from the establishment of the true lord.
The *qazi* knows, the governor knows, I have a certificate freeing me from forced labor. By day and night all I ask is this: "Do not send me away from this court."
I have no one else except for you. So to whom should I cry out, saying: "Bullha, may the lord graciously give me a chance to see him"?

੧੩੧

ਮੈਂ ਚੂਹੜੇਟੜੀ ਹਾਂ ਸੱਚੇ ਸਾਹਿਬ ਦੀ ਦਰਬਾਰੋਂ

ਪੈਰੋਂ ਨੰਗੀ ਸਿਰੋਂ ਝੰਡੋਲੀ, ਸਨੇਹਾ ਆਇਆ ਪਾਰੋਂ
ਤੜਬਰਾਟ ਕੁਝ ਬਣਦਾ ਨਾਹੀ, ਕੀ ਲੈਸਾਂ ਸੰਸਾਰੋਂ
ਪਕੜਾਂ ਛਜਲੀ ਹਿਰਸ ਉਡਾਵਾਂ, ਛੁੱਟਾਂ ਮਾਲਗੁਜ਼ਾਰੋਂ

ਹਿੰਦੂ ਤੁਰਕ ਨਾ ਹੁੰਦੇ ਐਸੇ, ਦੋ ਜਰਮੇ ਤ੍ਰੈ ਜਰਮੇ
ਹਰਾਮ ਹਲਾਲ ਪਛਾਤਾ ਨਾਹੀਂ, ਅਸੀਂ ਦੋਹਾਂ ਤੇ ਨਹੀਂ ਭਰਮੇ
ਗੁਰੂ ਪੀਰ ਪਰਖ ਅਸਾਂ ਨੂੰ, ਸਭਨਾਂ ਤੋਂ ਸਿਰ ਵਾਰੋਂ

ਘੁੰਡੀ ਮੁੰਡੀ ਦਾ ਬੋਹਲ ਬਹਾਇਆ, ਬਖ਼ਰਾ ਲਿਆ ਦੀਦਾਰੋਂ
ਝੁੰਡ ਮੁੱਖ ਪੀਆ ਤੋਂ ਲਾਹਿਆ, ਸ਼ਰਮ ਰਹੀ ਦਰਬਾਰੋਂ
ਬੁੱਲ੍ਹਾ ਸ਼ਹੁ ਦੇ ਹੋ ਕੇ ਰਹੀਏ, ਛੁੱਟ ਗਏ ਬੇਗਾਰੋਂ

੧੩੨

ਮੈਂ ਪਾ ਪੜ੍ਹਿਆਂ ਤੋਂ ਨਸਨਾਂ ਹਾਂ

ਕੋਈ ਮੁਨਸਿਫ਼ ਹੋ ਨਿਰਵਾਰੇ, ਤਾਂ ਮੈਂ ਦਸਨਾਂ ਹਾਂ
ਮੈਂ ਪਾ ਪੜ੍ਹਿਆਂ ਤੋਂ ਨਸਨਾਂ ਹਾਂ

ਆਲਮ ਫ਼ਾਜ਼ਲ ਮੇਰੇ ਭਾਈ, ਪਾ ਪੜ੍ਹਿਆਂ ਮੇਰੀ ਅਕਲ ਗਵਾਈ
ਦੇ ਇਸ਼ਕ ਦੇ ਹੁਲਾਰੇ, ਤਾਂ ਮੈਂ ਵਸਨਾ ਹਾਂ[1]

131

I[1] am a poor sweeper girl from the court of the true lord.
With bare feet and unkempt hair, I have received a message from the other side. It is no good my being hasty.[2] What will I take from the world? If I take hold of my fan and make greed fly away, I am exempted from being taxed.
I am not a Hindu or a Turk.[3] I am not twice-born, nor am I thrice-born.[4] I do not recognize pure and impure, nor do I believe in either of these. My teacher[5] has given me the power of discernment, and I am devoted to everyone.
I have made a pile of grain[6] from my gleanings. I removed the veil from the face of the beloved, preserving modesty in the court. Bullha, if I am owned by the lord, I am released from forced labor.

132

I flee from those who have studied a little bit.[1]
If someone discerning judges me, I tell him: "I flee from those who have studied a little bit."
Learned scholars are my brothers; those who have studied a little bit drive me mad. If I am transported by love, I flourish.

੧੩੩

ਮੈਂ ਪਾਇਆ ਏ ਮੈਂ ਪਾਇਆ ਏ, ਤੈਂ ਆਪ ਸਰੂਪ ਵਟਾਇਆ ਏ

ਕਹੂੰ ਤੁਰਕ ਕਿਤਾਬਾਂ ਪੜ੍ਹਤੇ ਹੋ, ਕਹੂੰ ਭਗਤ ਹਿੰਦੂ ਜਪ ਕਰਤੇ ਹੋ
ਕਹੂੰ ਗੁੜ੍ਹ ਕੁੰਡੇ ਮੇਂ[੧] ਪੜਤੇ ਹੋ, ਹਰ ਘਰ ਘਰ ਲਾਡ ਲਡਾਇਆ ਏ

ਕਿਤੇ ਬੈਰੀ ਹੋ ਕਿਤੇ ਬੇਲੀ ਹੋ, ਕਿਤੇ ਆਪ ਗੁਰੂ ਕਿਤੇ ਚੇਲੀ ਹੋ
ਕਿਤੇ ਮਜਨੂੰ ਹੋ ਕਿਤੇ ਲੇਲੀ ਹੋ, ਹਰ ਘਟ ਘਟ ਬੀਚ ਸਮਾਇਆ ਏ

ਕਹੂੰ ਗ਼ਾਫ਼ਲ ਕਹੂੰ ਨਮਾਜ਼ੀ ਹੋ, ਕਹੂੰ ਮਿੰਬਰ ਤੇ ਬਹਿ ਵਾਅਜ਼ੀ ਹੋ
ਕਹੂੰ ਤੇਗ਼ ਬਹਾਦਰ ਗ਼ਾਜ਼ੀ ਹੋ, ਕਹੂੰ ਆਪਣਾ ਪੰਥ ਬਣਾਇਆ ਏ

੫ ਕਹੂੰ ਮਸਜਦ ਕਾ ਵਰਤਾਰਾ ਏ, ਕਹੂੰ ਬਣਿਆ ਠਾਕੁਰ ਦੁਆਰਾ ਏ
ਕਹੂੰ ਬੈਰਾਗੀ ਜਟ ਧਾਰਾ ਏ, ਕਹੂੰ ਸ਼ੇਖਨ ਬਣ ਬਣ ਆਇਆ ਏ

ਬੁੱਲ੍ਹਾ ਸ਼ਹੁ ਦਾ ਮੈਂ ਮੁਹਤਾਜ ਹੋਇਆ, ਮਹਾਰਾਜ ਮਿਲੇ ਮੇਰਾ ਕਾਜ ਹੋਇਆ
ਮੁਝੇ ਪੀਆ ਕਾ ਦਰਸ ਮਿਅਰਾਜ ਹੋਇਆ, ਲੱਗਾ ਇਸ਼ਕ ਤਾਂ ਏਹ ਗੁਣ
ਗਾਇਆ ਏ

133

I have found out, I have found out, that it is you who have changed your form.

Here you are a Muslim and recite the scriptures. Here you are a devout Hindu and repeat your muttered prayers. Here you are plunged into a deep pit. You have displayed your affection in every house.

Here you are an enemy, here you are a friend. Here you are a guru, here you are a disciple. Here you are Majnun, here you are Laila.[1] You are contained in every body.

Here you are careless, here you are punctilious in prayer. Here you ascend the pulpit and preach a sermon. Here you are Tegh Bahadur,[2] the warrior for faith. Here you have created your own way.[3]

Here there is the business of the mosque. Here you have become a Hindu temple. Here you are an ascetic wearing matted locks. Here you have come as a female Shaikh.[4]

Bullha, I need the lord. If I meet my sovereign, my task is fulfilled. The sight of my beloved is my heavenly ascension.[5] I have fallen in love, so I sing this praise to him.

੧੩੪

ਮੈਂ ਪੁੱਛਾਂ ਸ਼ਹੁ ਦੀਆਂ ਵਾਟਾਂ ਨੀ, ਕੋਈ ਕਰੇ ਅਸਾਂ ਨਾਲ ਬਾਤਾਂ ਨੀ

ਭੁੱਲੇ ਰਹੇ ਨਾਮ ਨਾ ਜਪਿਆ, ਗ਼ਫ਼ਲਤ ਅੰਦਰ ਯਾਰ ਹੈ ਛਪਿਆ
ਉਹ ਸਿੱਧ ਪੁਰਖਾ ਤੇਰੇ ਅੰਦਰ ਵਸਿਆ, ਲਗੀਆਂ ਨਫ਼ਸ ਦੀਆਂ ਚਾਟਾਂ ਨੀ

ਜਪ ਲੈ ਨਾ ਹੋ ਭੋਲੀ ਭਾਲੀ, ਮਤ ਸਦੀਏਂ ਮੁੱਖ ਮੁਕਾਲੀ
ਉਲਟੀ ਪਰੇਮ ਨਗਰ ਦੀ ਚਾਲੀ, ਭੜਕਣ ਇਸ਼ਕ ਦੀਆਂ ਲਾਟਾਂ ਨੀ

ਭੋਲੀ ਨਾ ਹੋ ਹੋ ਸਿਆਣੀ, ਇਸ਼ਕ ਨੂਰ ਦਾ ਭਰ ਲੈ ਪਾਣੀ
ਇਸ ਦੁਨੀਆਂ ਦੀ ਛੋੜ ਕਹਾਣੀ, ਇਹ ਯਾਰ ਮਿਲਣ ਦੀਆਂ ਘਾਤਾਂ ਨੀ

ਬੁੱਲ੍ਹਾ ਰੱਬ ਬਣਾ ਬੈਠੋਂ ਆਪੇ, ਤਦ ਦੁਨੀਆਂ ਦੇ ਪਏ ਸਿਆਪੇ
ਦੂਤੀ ਵਿਹੜਾ ਦੁਸ਼ਮਣ ਮਾਪੇ, ਸਭ ਕੜਕ ਪਈਆਂ ਆਫ਼ਾਤਾਂ ਨੀ

੧੩੫

ਮੈਂ ਬੇਕੈਦ ਮੈਂ ਬੇਕੈਦ, ਨਾ ਰੋਗੀ ਨਾ ਵੈਦ

ਨਾ ਮੈਂ ਮੋਮਨ ਨਾ ਮੈਂ ਕਾਫ਼ਰ, ਨਾ ਸੈਦੀ ਨਾ ਸੈਦ

ਚੌਧੀਂ ਤਬਕੀਂ ਸੈਰ ਅਸਾਡਾ, ਕਿਤੇ ਨਾ ਹੁੰਦਾ ਕੈਦ

ਖ਼ਰਾਬਾਤ ਮੇਂ ਜਾਲ ਅਸਾਡੀ, ਨਾ ਸ਼ੋਭਾ ਨਾ ਕੈਦ

134

I ask about the ways to the lord. I hope someone will speak to me.
You have been led astray and have not recited his name. Through your heedlessness, the beloved has been hidden. The divine being dwelled within you. You were seduced by the delights of the lower self.
Recite his name and do not be foolish. Otherwise you will be called disgraceful. The ways of the city of love are contrary. The flames of love are blazing.
Do not be foolish, be sensible. Be filled with the light of love. Abandon the tale of this world. These are the opportunities to meet the beloved.
Bullha, it was the lord who created you. Then the sorrows of the world overtook you. My household is treacherous, my parents are my enemies. All these calamities have burst upon me.

135

I am without limit or restriction. I am not a patient, nor a doctor.
I am not a believer, nor an unbeliever. I am not the hunter, nor the prey.
I travel through the fourteen spheres[1] of the universe. I have no limits anywhere.
My life is passed in the tavern.[2] I am given no honor and no blame.

ਬੁੱਲ੍ਹਾ ਸ਼ਹੁ ਦੀ ਜ਼ਾਤ ਕੀ ਪੁੱਛਨੈਂ, ਨਾ ਪੈਦਾ ਨਾ ਪੈਦ

੧੩੬

ਮੈਂ ਵਿਚ ਹਮੀਂ ਰਹੀ ਨਾ ਰਾਈ, ਜਬ ਕੀ ਤੁਮ ਸੰਗ ਪ੍ਰੀਤ ਲਗਾਈ

ਜਦ ਵਸਲ ਵਸਾਲ ਬਣਾਈਏਗਾ, ਤਦ ਗੁੰਗੇ ਦਾ ਗੁੜ ਖਾਈਏਗਾ
ਸਿਰ ਪੈਰ ਨਾ ਅਪਣਾ ਪਾਈਏਗਾ, ਮੈਂ ਇਹ ਹੋਰ ਨਾ ਕਿਸੇ ਬਣਾਈ

ਹੋਏ ਨੈਣ ਨੈਣਾਂ ਦੇ ਬਰਦੇ, ਦਰਸ਼ਨ ਸੈ ਕੋਹਾਂ ਤੋਂ ਕਰਦੇ
ਪਲ ਪਲ ਦੌੜਨ ਮਾਰੇ ਡਰ ਦੇ, ਤੈਂ ਕੋਈ ਲਾਲਚ ਘਤ ਭਰਮਾਈ

ਹੁਣ ਅਸਾਂ ਵਹਦਤ ਵਿਚ ਘਰ ਪਾਇਆ, ਵਾਸਾ ਹੈਰਤ ਦੇ ਸੰਘ ਲਾਹਿਆ
ਜੀਵਨ ਜੰਮਣ ਮਰਨ ਵੰਜਾਇਆ, ਆਪਣੀ ਸੁਧ ਬੁਧ ਰਹੀ ਨਾ ਕਾਈ

ਮੈਂ ਜਾਤਾ ਸੀ ਇਸ਼ਕ ਸੁਖਾਲਾ, ਚਹੁੰ ਨਦੀਆਂ ਦਾ ਵਹਿਣ ਉਛਾਲਾ
ਕਦੀ ਤੇ ਅੰਗ ਭੜਕੇ ਕਦੀ ਪਾਲਾ, ਨਿਤ ਬਿਰਹੋਂ ਅੱਗ ਲਗਾਈ

ਡੌਂ ਡੌਂ ਇਸ਼ਕ ਨਕਾਰੇ ਵਜਦੇ, ਆਸ਼ਕ ਵੇਖ ਉਤੇ ਵਲ ਭਜਦੇ
ਤੜ ਤੜ ਤਿੜਕ ਗਏ ਲੜ ਲਜ ਦੇ, ਲਗ ਗਿਆ ਨੇਹੁੰ ਤਾਂ ਸ਼ਰਮ ਸਿਧਾਈ

ਪਿਆਰੇ ਬਸ ਕਰ ਬਹੁਤੀ ਹੋਈ, ਤੇਰਾ ਇਸ਼ਕ ਮੇਰੀ ਦਿਲਜੋਈ
ਤੈਂ ਬਿਨ ਮੇਰਾ ਸੱਕਾ ਨਾ ਕੋਈ, ਅੰਮਾਂ ਬਾਬਲ ਭੈਣ ਨਾ ਭਾਈ

Why do you ask what Bullha is like? He does not create, nor is he created.

136

Not the least bit of "I" is left in me, since I fell in love with you.
When I achieve union with you, it is like raw sugar that is eaten by the dumb.[1] I cannot find my own head and feet; no one else made this "I."[2]
Eyes became the slaves of eyes.[3] They behold you from a hundred leagues away. They run after you all the time in fear.[4] You have enticed them with great desire.
Now we have set up home in unity. My repose has been swallowed up by wonderment. I have eliminated life and birth and death. I am left with no consciousness or awareness.
I thought that love was easy, but it is as turbulent as a current fed by four rivers. Sometimes it erupts as fire, sometimes as ice. The blaze of separation rages all the time.
"Boom, boom" roll the drums of love. When they see it, the lovers run in that direction. The skirt of shame is torn to shreds. Once love is experienced, all sense of shame departs.
Enough, my dear, that is quite enough. My love for you is my comfort. Apart from you I have no family, no mother or father, no sister or brother.

ਕਦੀ ਜਾ ਅਸਮਾਨੀ ਬਹਿੰਦੇ ਹੋ, ਕਦੀ ਇਸ ਦਾ ਦੁਖ ਸਹਿੰਦੇ ਹੋ
ਕਦੀ ਪੀਰੇ ਮੁਗ਼ਾਂ ਬਣ ਬਹਿੰਦੇ ਹੋ, ਮੈਂ ਤਾਂ ਇਕਸੇ ਨਾਚ ਨਚਾਈ

ਤੇਰੇ ਹਿਜਰੇ ਵਿਚ ਮੇਰਾ ਹੁਜਰਾ ਏ, ਦੁਖ ਡਾਢਾ ਮੈਂ ਪਰ ਗੁਜ਼ਰਾ ਏ
ਕਦੇ ਹੋ ਮਾਇਲ ਮੇਰਾ ਮੁਜਰਾ ਏ, ਮੈਂ ਤੈਥੋਂ ਗੋਲ ਘੁਮਾਈ

ਤੁਧ ਕਾਰਨ ਮੈਂ ਹਬਸੀ ਹੋਇਆ, ਨੌਂ ਦਰਵਾਜ਼ੇ ਬੰਦ ਕਰ ਸੋਇਆ
ਦਰ ਦਸਵੇਂ ਤੇ ਆਣ ਖਲੋਇਆ, ਕਦੇ ਮੰਨ ਮੇਰੀ ਅਸ਼ਨਾਈ

ਬੁੱਲ੍ਹਾ ਸ਼ਹੁ ਮੈਂ ਤੇਰੇ ਵਾਰੇ ਹਾਂ, ਮੁਖ ਵੇਖਣ ਦੇ ਵਣਜਾਰੇ ਹਾਂ
ਕੁਝ ਅਸੀਂ ਵੀ ਤੈਨੂੰ ਪਿਆਰੇ ਹਾਂ, ਕਿਹ ਮੈਂ ਐਵੇਂ ਘੋਲ ਘੁਮਾਈ

੧੩੭

ਮੈਂ ਵੈਸਾਂ ਜੋਗੀ ਦੇ ਨਾਲ ਨੀ, ਮੱਥੇ ਤਿਲਕ ਲਗਾ ਕੇ

ਮੈ ਵੈਸਾਂ ਨਾ ਰਹਿਸਾਂ ਹੋੜੇ, ਕੌਣ ਜਾਂਦੀ ਨੂੰ ਮੋੜੇ
ਮੈਨੂੰ ਮੁੜਨਾ ਹੋਇਆ ਮੁਹਾਲ ਨੀ, ਸਿਰ ਤੇ ਮਿਹਣਾ ਚਾ ਕੇ

ਜੋਗੀ ਨਹੀਂ ਇਹ ਦਿਲ ਦਾ ਮੀਤਾ, ਭੁੱਲ ਗਈ ਮੈਂ ਪਿਆਰ ਕਿਉਂ ਕੀਤਾ
ਮੈਨੂੰ ਰਹੀ ਨਾ ਕੱਝ ਸੰਭਾਲ ਨੀ, ਉਸ ਦਾ ਦਰਸ਼ਨ ਪਾ ਕੇ

ਏਸ ਜੋਗੀ ਮੈਨੂੰ ਕੇਹੀਆ ਲਾਈਆਂ, ਹਾਉਂ ਕਲੇਜੇ ਕੁੰਡੀਆਂ ਪਾਈਆਂ
ਇਸ਼ਕ ਦਾ ਪਾਇਓਸ ਜਾਲ ਨੀ, ਮਿੱਠੀ ਬਾਤ ਸੁਣਾ ਕੇ

ਮੈਂ ਜੋਗੀ ਨੂੰ ਖ਼ੂਬ ਪਛਾਤਾ, ਲੋਕਾਂ ਮੈਨੂੰ ਕਮਲੀ ਜਾਤਾ
ਲੁਟਿਓ ਝੰਗ ਸਿਆਲ ਨੀ, ਕੰਨੀਂ ਮੁੰਦਰਾ ਪਾ ਕੇ

Sometimes you take your seat in the heavens, sometimes you suffer this world's pain. Sometimes you sit as the Magian elder.[5] You have made me dance to a single tune.[6]
Separation from you is my cell. I have experienced great suffering. Do be kind to me sometime, this is the performance I offer you. I am a sacrifice to you.
For your sake I became a prisoner. I shut the nine doors[7] and slept. You came and stood at the tenth door. Do at some time acknowledge my love.
Bullha is devoted to you, lord. I am a trader whose business is to see your face. Do you feel any affection for me, or have I sacrificed myself for nothing?

137

I will go with the yogi, having put a mark on my forehead.[1]
I will go, I will not be stopped from leaving. Who is going to turn me back as I go? It has become impossible for me to turn back, now that I have experienced reproaches for being in love.
He is not a yogi, but my heart's beloved. I have forgotten why I fell in love. I lost all control, once I gained a sight of him.
What did this yogi do to me? He put his hooks in my heart. He cast the net of love when he uttered his sweet talk.
I recognized the yogi well. People thought me mad. You looted Jhang[2] of the Sials when you put the earrings in your ears.

ਜੇ ਜੋਗੀ ਘਰ ਆਵੇ ਮੇਰੇ, ਚੁਕ ਜਾਵਣ ਸਭ ਝਗੜੇ ਝੇੜੇ
ਲਾਵਾਂ ਸੀਨੇ ਨਾਲ ਨੀ, ਲਖ ਲਖ ਸ਼ਗਨ ਮਨਾ ਕੇ

ਮਾਏ ਨੀ ਇਕ ਜੋਗੀ ਆਇਆ, ਦਰ ਸਾਡੇ ਉਸ ਧੂਆਂ ਪਾਇਆ
ਮੰਗਦੈ ਹੀਰ ਸਿਆਲ ਨੀ, ਬੈਠਾ ਭੇਸ ਵਟਾ ਕੇ

ਤਾਅਨੇ ਨਾ ਦੇ ਫੁੱਫੀ ਤਾਈ, ਜੋਗੀ ਏਥੇ ਕਿਸਮਤ ਲਿਆਈ
ਹੁਣ ਹੋਇਆ ਫ਼ਜ਼ਲ ਕਮਾਲ ਨੀ, ਆਇਆ ਜੋਗ ਸੁਧਾ ਕੇ

ਮਾਹੀ ਨਹੀਂ ਕੋਈ ਨੂਰ ਇਲਾਹੀ, ਅਨਹਦ ਦੀ ਜਿਸ ਮੁਰਲੀ ਵਾਹੀ
ਮੁੱਠਿਓਸ ਹੀਰ ਸਿਆਲ ਨੀ, ਡਾਢੇ ਕਾਮਣ ਪਾ ਕੇ

ਲੱਖਾਂ ਗਏ ਹਜ਼ਾਰਾਂ ਆਏ, ਉਸ ਦੇ ਭੇਤ ਕਿਸੇ ਨਾ ਪਾਏ
ਗੱਲਾਂ ਤਾ ਮੂਸਾ ਨਾਲ ਨੀ, ਪਰ ਕੋਹ ਤੂਰ ਚੜ੍ਹਾ ਕੇ

ਅਬਦੁਹ ਰਸੂਲ ਕਹਾਇਆ, ਵਿਚ ਮਿਅਰਾਜ ਬੁਰਾਕ ਮੰਗਾਇਆ
ਜਬਰਾਈਲ ਕਾਰਨ ਇਸਤਕਬਾਲ ਨੀ,[1] ਹੂਰਾਂ ਮੰਗਲ ਗਾ ਕੇ

ਏਸ ਜੋਗੀ ਦੇ ਸੁਣੋ ਅਖਾੜੇ, ਹਮਨ ਹੁਸੈਨ ਨਬੀ ਦੇ ਪਿਆਰੇ
ਮਾਰਿਓਸ ਵਿਚ ਜਦਾਲ ਨੀ, ਪਾਣੀ ਬਿਨ ਤਰਸਾ ਕੇ

ਏਸ ਜੋਗੀ ਦੀ ਸੁਣੋ ਕਹਾਣੀ, ਸੋਹਣੀ ਡੁੱਬੀ ਡੂੰਘੇ ਪਾਣੀ
ਫਿਰ ਰੁਲਿਆ ਮਹੀਂਵਾਲ ਨੀ, ਸਾਰਾ ਰਖ਼ਤ ਲੁਟਾ ਕੇ

ਡੋਲੀ ਲੈ ਚੱਲੇ ਨੇ ਖੇੜੇ, ਮੁੱਢ ਕਦੀਮੀ ਦੁਸ਼ਮਨ ਜਿਹੜੇ
ਰਾਂਝਾ ਤਾਂ ਹੋਇਆ ਨਾਲ ਨੀ, ਸਿਰ ਤੇ ਟੱਮਕ ਚਾ ਕੇ

If the yogi comes to my house, all my quarrels and troubles are finished. May I hold him to my breast, having cast the omens thousands of times.

Mother, a yogi has come. He has set up his fire[3] at our door. He asks for Hir the Sial. He sits there having altered his appearance.

Do not taunt him, aunts.[4] Fate has brought the yogi here. Now divine grace has been perfectly shown. He has come practicing yoga with a pure heart.

He is not my beloved herdsman, but some divine light. He has played the unstruck music[5] on his flute. He has ruined Hir the Sial, wreaking his powerful magic.

Millions have gone and thousands have come, but no one has discovered his secret. He spoke with Moses after he had made him climb Mount Sinai.[6]

His slave[7] was called the Apostle. At the time of his ascension[8] he asked for Buraq, whom Jibrail led in welcome. The houris sang joyful songs.

Hear about this yogi's arenas. He slew the Prophet's darlings, Hasan and Husain,[9] in battle, depriving them of water and making them thirst.

Hear the story of this yogi. Sohni[10] drowned in the deep water. Then Mahinval was cast adrift after losing all his goods.

The Kheras took me away in the bridal palanquin. They were my old enemies from the beginning. Ranjha was nearby, with the drum[11] on his head.

ਜੋਗੀ ਨਹੀਂ ਕੋਈ ਜਾਦੂ ਸਾਇਆ, ਭਰ ਭਰ ਪਿਆਲਾ ਜ਼ੌਕ ਪਿਲਾਇਆ
ਮੈਂ ਪੀ ਪੀ ਹੋਈ ਨਿਹਾਲ ਨੀ, ਅੰਗ ਭਬੂਤ ਰਮਾ ਕੇ

ਜੋਗੀ ਨਾਲ ਕਰੇਂਦੇ ਝੇੜੇ, ਕੇਹੇ ਪਾ ਬੈਠੇ ਕਾਜ਼ੀ ਘੇਰੇ
ਵਿਚ ਕੈਦੋ ਪਾਈ ਮੁਕਾਲ ਨੀ, ਕੂੜਾ ਬਰਾ ਲਗਾ ਕੇ

ਬੁੱਲ੍ਹਾ ਮੈਂ ਜੋਗੀ ਨਾਲ ਵਿਆਹੀ, ਲੋਕਾਂ ਕਮਲਿਆਂ ਖ਼ਬਰ ਨਾ ਕਾਈ
ਮੈਂ ਜੋਗੀ ਦਾ ਮਾਲ ਨੀ, ਪੰਜੇ ਪੀਰ ਮਨਾ ਕੇ

੧੩੮

ਮੈਨੂੰ ਇਸ਼ਕ ਹੁਲਾਰੇ ਦੇਂਦਾ ਏ, ਮੂੰਹ ਚੜ੍ਹਿਆ ਯਾਰ ਬੁਲੇਂਦਾ ਏ

ਪੁਛਦਾ ਹੈਂ ਕੀ ਜ਼ਾਤ ਸਫ਼ਾਤ ਮੇਰੀ, ਉਹੋ ਆਦਮ ਵਾਲੀ ਜ਼ਾਤ ਮੇਰੀ
'ਨਹਨੁ ਅਕਰਬ' ਦੇ ਵਿਚ ਘਾਤ ਮੇਰੀ, ਵਿਚ ਰੱਬ ਦਾ ਸਿੱਰ ਝੁਲੇਂਦਾ ਏ

ਕਿਤੇ ਸ਼ੀਆ ਏ ਕਿਤੇ ਸੁੰਨੀ ਏ, ਕਿਤੇ ਜਟਾਧਾਰ ਕਿਤੇ ਮੁੰਨੀ ਏ
ਮੇਰੀ ਸਭ ਸੇ ਫ਼ਾਰਗ਼ ਕੁੰਨੀ ਏ, ਜੋ ਕਹਾਂ ਸੋ ਯਾਰ ਮਨੇਂਦਾ ਏ

ਬੁੱਲ੍ਹਾ ਦੂਰੋਂ ਚਲ ਕੇ ਆਇਆ ਜੀ, ਉਹਦੀ ਸੂਰਤ ਨੇ ਭਰਮਾਇਆ ਜੀ
ਓਸੇ ਪਾਕ ਜਮਾਲ ਵਿਖਾਇਆ ਜੀ, ਉਹ ਹਿਕ ਦਮ ਨਾ ਭੁਲੇਂਦਾ ਏ

He is not a yogi but some magic or shadow. He fills the cup of ecstasy and gives it to me to drink. I have kept drinking it and become ecstatic, smearing the yogi's ash on my limbs.
They dispute with the yogi. What entanglements the *qazi*[12] created. Kaido intervened with his slanders and false accusations.
Bullha, I am married to the yogi. These foolish people do not have the slightest idea. I belong to the yogi, after propitiating the Five Pirs.[13]

138

I am transported by love. The beloved I am always talking about is calling me.
Why do you ask my essence and attributes? I share the same essential being as Adam. *We are nearer*[1] is where I lie in wait. Within myself, the secret of the lord delights me.
Somewhere there is a Shia, somewhere there is a Sunni. Somewhere there is a yogi with matted locks, somewhere there is one whose head is shaved. My being[2] is free from them all. The lord agrees to whatever I say.
Bullha, he has come from far. His appearance has entranced me. He has revealed his pure beauty. He never misleads me.

੧੩੯

ਮੈਨੂੰ ਸੁਖ ਦਾ ਸੁਨੇਹੜਾ ਤੂੰ ਝਬ ਲਿਆਵੀਂ, ਵੇ ਪਾਂਧੀਆ ਹੋ

ਮੈਂ ਕੁਬੜੀ ਮੈਂ ਦੁਬੜੀ ਹੁਈ ਆਂ
ਮੇਰੇ ਸਭ ਦੁਖੜੇ ਬਤਲਾਵੀਂ, ਵੇ ਪਾਂਧੀਆ ਹੋ

ਖੁਲ੍ਹੀਆਂ ਲਿਟਾਂ ਗਲ ਦਸਤ ਪਰਾਂਦਾ
ਇਹ ਗਲ ਆਖ ਸੁਣਾਵੀਂ, ਵੇ ਪਾਂਧੀਆ ਹੋ

ਇਕ ਲਖ ਦੇਂਦੀ ਮੈਂ ਦੋ ਲਖ ਦੇਸਾਂ
ਮੈਨੂੰ ਪਿਆਰਾ ਆਣ ਮਿਲਾਵੀਂ, ਵੇ ਪਾਂਧੀਆ ਹੋ

ਯਾਰਾਂ ਲਿਖ ਕਿਤਾਬਤ ਭੇਜੀ
ਕਿਤੇ ਗੋਸ਼ੇ ਬਹਿ ਸਮਝਾਵੀਂ, ਵੇ ਪਾਂਧੀਆ ਹੋ

ਬੁੱਲ੍ਹਾ ਸ਼ਹੁ ਦੀਆਂ ਮੁੜਨ ਮੁਹਾਰਾਂ
ਲਿਖ ਪੱਤੀਆਂ ਤੂੰ ਝਬ ਧਾਵੀਂ, ਵੇ ਪਾਂਧੀਆ ਹੋ

੧੪੦

ਮੈਨੂੰ ਕੀ ਹੋਇਆ, ਹੁਣ ਮੈਥੋਂ ਗਈ ਗਵਾਤੀ ਮੈਂ

ਮੈਨੂੰ ਕੀ ਹੋਇਆ, ਕਿਉਂ ਮੈਨੂੰ ਕਮਲੀ ਕਹਿੰਦੇ ਹੈਂ

ਮੈਂ ਵਿਚ ਵੇਖਾਂ ਤਾਂ ਮੈਂ ਨਹੀਂ ਹੁੰਦੀ, ਮੈਂ ਵਿਚ ਦਿਸਨਾ ਏਂ ਤੈਂ

ਸਿਰ ਤੋਂ ਪੈਰ ਤੀਕਰ ਵੀ ਤੂੰ ਹੈਂ, ਅੰਦਰ ਬਾਹਰ ਹੈਂ ਤੈਂ

ਛੁੱਟ ਪਈ ਉਰਾਰੋਂ ਪਾਰੋਂ, ਨਾ ਬੇੜੀ ਨਾ ਨੈਂ

139

Quick, traveler, bring me a message of joy.
I am bent and bowed. Traveler, describe all my sufferings to him.
My hair hangs loose, the ribbon is in my hand. Traveler, tell him this.
I give you one lakh,[1] I will give you two lakhs. Traveler, get my beloved to come to me.
I have written a letter to the beloved and sent it. Traveler, sit somewhere private and go through it with him.
Bullha, may the lord turn back to me. Traveler, go quickly with the letters I have written.

140

What has happened to me? The "I" in me is lost and gone.
What has happened to me? Why do they call me crazy?
When I look into myself, there is no "I." Only you can be seen in me.
From head to foot, there is only you. You are inside and outside.
I am free from the far bank and the near bank. There is no boat, there is no river.[1]

ਮਨਸੂਰ ਪਿਆਰੇ ਕਿਹਾ 'ਅਨਲਹੱਕ', ਕਹੋ ਕਹਾਇਆ ਕੈਂ
ਬੁੱਲ੍ਹਾ ਸ਼ਹੁ ਓਸੇ ਦਾ ਆਸ਼ਕ, ਅਪਣਾ ਆਪ ਵੰਞਾਇਆ ਜੈਂ

੧੪੧

ਮੈਨੂੰ ਛੱਡ ਗਏ ਆਪ ਲੱਦ ਗਏ, ਮੈਂ ਵਿਚ ਕੀ ਤਕਸੀਰ
ਰਾਤੀਂ ਨੀਂਦ ਨਾ ਦਿਹੁੰ ਸੁਖ ਸੁੱਤੀ, ਅੱਖੀਂ ਪਲਟਿਆ ਨੀਰ
ਛਵ੍ਹੀਆਂ ਤੇ ਤਲਵਾਰਾਂ ਕੋਲੋਂ, ਇਸ਼ਕ ਦੇ ਤਿੱਖੇ ਤੀਰ
ਇਸ਼ਕੇ ਜੇਡ ਨਾ ਜ਼ਾਲਮ ਕੋਈ, ਇਹ ਜ਼ਹਿਮਤ ਬੇਪੀਰ
ਇਕ ਪਲ ਸਾਇਤ ਆਰਾਮ ਨਾ ਆਵੇ, ਬੁਰੀ ਬਿਰ੍ਹੋਂ ਦੀ ਪੀੜ
ਬੁੱਲ੍ਹਾ ਸ਼ਹੁ ਜੇ ਕਰ ਇਨਾਇਤ, ਦੁੱਖ ਹੋਵਣ ਤਗ਼ਈਰ

੧੪੨

ਮੈਨੂੰ ਦਰਦ ਅਵੱਲੜੇ ਦੀ ਪੀੜ
ਆ ਮੀਆਂ ਰਾਂਝਾ ਦੇ ਦੇ ਨਜ਼ਾਰਾ, ਮੁਆਫ਼ ਕਰੀਂ ਤਕਸੀਰ
ਤਖ਼ਤ ਹਜ਼ਾਰਿਓਂ ਰਾਂਝਾ ਟੁਰਿਆ, ਹੀਰ ਨਿਮਾਣੀ ਦਾ ਪੀਰ
ਹੋਰਨਾਂ ਦੇ ਨੌਸ਼ਹੁ ਆਵੇ ਜਾਵੇ, ਕੀ ਬੁੱਲ੍ਹੇ ਵਿਚ ਤਕਸੀਰ

Dear Mansur said *I am God.*[2] But who was the one who made him say it?
Bullhe, the lord is the lover of those who have destroyed their selves.

141

He has left me, he has packed up and gone.[1] What fault is there in me?
I get no sleep at night or rest by day. Tears stream from my eyes.
The arrows of love are sharper than choppers or swords.
No tyrant is crueler than love. It is a vicious affliction.
I am not at ease for a moment or an instant. The pain of separation is bad.
Bullha, if the lord is gracious, my pains will be transformed.

142

I am suffering the pain of my mad grief.
Come, Sir Ranjha, grant me a sight of you. Forgive my faults.
Ranjha went from Takht Hazara, the master of poor Hir.
The other women's bridegrooms visit them. What fault is there in Bullha?

੧੪੩

ਰਹੁ ਰਹੁ ਵੇ ਇਸ਼ਕਾ ਮਾਰਿਆ ਈ, ਕਹੁ ਕਿਸ ਨੂੰ ਪਾਰ ਉਤਾਰਿਆ ਈ

ਆਦਮ ਕਣਕੋਂ ਮਨ੍ਹਾ ਕਰਾਇਆ, ਆਪੇ ਮਗਰ ਸ਼ੈਤਾਨ ਦੁੜਾਇਆ
ਕਢ ਬਹਿਸ਼ਤੋ ਜ਼ਿਮੀਂ ਰੁਲਾਇਆ, ਕੇਡ ਪਸਾਰ ਪਸਾਰਿਆ ਈ

ਈਸਾ ਨੂੰ ਬਿਨ ਬਾਪ ਜੰਮਾਇਆ, ਨੂਹੇ ਪਰ ਤੂਫ਼ਾਨ ਮੰਗਾਇਆ
ਨਾਲ ਪਿਉ ਦੇ ਪੁੱਤ ਲੜਾਇਆ, ਡੋਬ ਉਹਨਾਂ ਨੂੰ ਮਾਰਿਆ ਈ

ਮੂਸਾ ਨੂੰ ਕੋਹ ਤੂਰ ਚੜ੍ਹਾਇਓ, ਇਸਮਾਈਲ ਨੂੰ ਜ਼ਿਬ੍ਹਾ ਕਰਾਇਓ
ਯੂਨਸ ਮੱਛੀ ਤੋਂ ਨਿਗਲਾਇਓ, ਕੀ ਉਨ੍ਹਾਂ ਨੂੰ ਰੁਤਬੇ ਚਾੜ੍ਹਿਆ ਈ

੫ ਖ਼ਾਬ ਜ਼ੁਲੈਖ਼ਾ ਨੂੰ ਦਿਖਲਾਇਓ, ਯੂਸਫ਼ ਖੂਹ ਦੇ ਵਿਚ ਪਵਾਇਓ
ਭਾਈਆਂ ਨੂੰ ਇਲਜ਼ਾਮ ਦਿਵਾਇਓ, ਤਾਂ ਮਰਾਤਬ ਚਾੜ੍ਹਿਆ ਈ

ਭੱਠ ਸੁਲੇਮਾਂ ਤੋਂ ਝੁਕਾਇਓ, ਇਬਰਾਹੀਮ ਚਿਖ਼ਾ ਵਿਚ ਪਾਇਓ
ਸਾਬਰ ਦੇ ਤਨ ਕੀੜੇ ਪਾਇਓ, ਹਸਨ ਜ਼ਹਿਰ ਦੇ ਮਾਰਿਆ ਈ

ਮਨਸੂਰ ਨੂੰ ਚਾ ਸੂਲੀ ਦਿੱਤਾ, ਰਾਹਬ ਦਾ ਕਢਵਾਇਆ ਪਿੱਤਾ
ਜ਼ਕਰੀਆ ਸਿਰ ਕਲਵੱਤਰ ਦਿੱਤਾ, ਫੇਰ ਉਨ੍ਹਾਂ ਕੰਮ ਸਾਰਿਆ ਈ

ਸ਼ਾਹ ਸਰਮਦ ਦਾ ਗਲਾ ਕਟਾਇਓ, ਸ਼ਮਸ ਨੇ ਜਾਂ ਸੁਖ਼ਨ ਅਲਾਇਓ
'ਕੁਮ ਬਿਇਜ਼ਨੀ' ਆਪ ਕਹਾਇਓ, ਸਿਰ ਪੈਰੋਂ ਖੱਲ ਉਤਾਰਿਆ ਈ

143

Hey love, stop, stop. You have destroyed me. Tell me who you have delivered safely across.

You had Adam banned from the wheat;[1] it was you who set Satan running after him. You expelled him from paradise and made him wander over the earth. What a great display you put on!

You caused Jesus to be born without a father; you summoned the flood over Nuh.[2] You set the son quarreling with the father; you drowned and killed them.[3]

You made Moses climb Mount Sinai,[4] you had Ismail[5] slaughtered, you had Yunus[6] swallowed by the fish. What a rank you raised them to!

You made Zulaikha see her dream and had Yusuf[7] put down the well. You caused his brothers to be blamed, then raised them high in rank.

You made Sulaiman[8] stoke the furnace; you put Ibrahim[9] on the pyre. You put the worms in the body of Ayub the patient;[10] you gave Hasan[11] poison and killed him.

You put Mansur[12] on the gallows and had the gall bladder removed from the monk.[13] You sawed Zakariya's[14] head. So how did you take care of them?

You had Shah Sarmad's[15] throat cut. When Shams[16] uttered his famous words, it was you who made him say, *Arise by my permission.* You had his skin flayed from head to foot.

ਏਸ ਇਸ਼ਕ ਦੇ ਬੜੇ ਅਡੰਬਰ, ਇਸ਼ਕ ਨਾ ਛੁਪਦਾ ਬਾਹਰ ਅੰਦਰ
ਇਸ਼ਕ ਕੀਤਾ ਸ਼ਾਹ ਸ਼ਰਫ਼ ਕਲੰਦਰ, ਬਾਰਾਂ ਵਰ੍ਹੇ ਦਰਿਆ ਵਿਚ
ਠਾਰਿਆ ਈ

ਇਸ਼ਕ ਲੈਲਾ ਦੇ ਧੁੰਮਾਂ ਪਾਈਆਂ, ਤਾਂ ਮਜਨੂੰ ਨੇ ਅੱਖੀਆਂ ਲਾਈਆਂ
ਉਹਨੂੰ ਧਾਰਾਂ ਇਸ਼ਕ ਚੁੰਘਾਈਆਂ, ਖੂਹੇ ਬਰਸ ਗੁਜ਼ਾਰਿਆ ਈ

ਇਸ਼ਕ ਹੋਰੀਂ ਹੀਰ ਵਲ ਧਾਏ, ਤਾਂ ਮੀਏਂ ਰਾਂਝੇ ਕੰਨ ਪੜਵਾਏ
ਸਾਹਿਬਾਂ ਨੂੰ ਜਦ ਵਿਆਹਵਣ ਆਏ, ਸਿਰ ਮਿਰਜ਼ੇ ਦਾ ਵਾਰਿਆ ਈ

ਸੱਸੀ ਚਾ ਥੱਲੀਂ ਰੁਲਾਇਓ, ਸੋਹਣੀ ਕੱਚੇ ਘੜੇ ਰੁੜ੍ਹਾਇਓ
ਰੋਡੇ ਦੇ ਸਿਰ ਗਿਲਾ ਜੋ ਆਇਓ, ਪੁਰਜ਼ੇ ਕਰ ਕਰ ਮਾਰਿਆ ਈ

ਫੌਜਾਂ ਕਤਲ ਕਰਾਈਆਂ ਭਾਈਆਂ, ਮਸ਼ਕਾਂ ਚੂਹਿਆਂ ਤੋਂ ਟੁਕਵਾਈਆਂ
ਡਿੱਠੀ ਕੁਦਰਤ ਤੇਰੀ ਸਾਈਆਂ, ਸਿਰ ਤੈਥੋਂ ਬਲਿਹਾਰਿਆ ਈ

ਕੌਰੋ ਪਾਂਡੋ ਕਰਨ ਲੜਾਇਆਂ, ਅਠਾਰਾਂ ਖੂਹਣੀਆਂ ਤਦੋਂ ਖਪਾਈਆਂ
ਮਾਰਨ ਭਾਈ ਸਕਿਆਂ ਭਾਈਆਂ, ਕੀ ਓਥੇ ਨਿਆਉਂ ਨਿਤਾਰਿਆ ਈ

ਨਮਰੂਦ ਨੇ ਵੀ ਖ਼ੁਦਾਇ ਸਦਾਇਆ, ਉਸ ਨੇ ਰੱਬ ਨੂੰ ਤੀਰ ਚਲਾਇਆ
ਮੱਛਰ ਤੋਂ ਉਸ ਨੂੰ ਮਰਵਾਇਆ, ਕਾਰੂੰ ਜ਼ਮੀਂ ਨਿਘਾਰਿਆ ਈ

ਫ਼ਿਰਔਨ ਨੇ ਜਦੋਂ ਖ਼ੁਦਾਇ ਕਹਾਇਆ, ਓਸੇ ਨਾਲ ਅਸ਼ਟੰਡ ਜਗਾਇਆ
ਨੀਲ ਨਦੀ ਦੇ ਵਿਚ ਡੁਬਾਇਆ, ਖ਼ੁਦੀਓਂ ਕਰ ਤੁਧ ਮਾਰਿਆ ਈ

ਲੰਕਾ ਚੜ੍ਹ ਕੇ ਨਾਦ ਬਜਾਇਓ, ਲੰਕਾ ਰਾਮ ਕੋਲੋਂ ਲੁਟਵਾਇਓ
ਹਰਨਾਕਸ਼ ਕਿਤਾ ਬਹਿਸ਼ਤ ਬਣਾਇਓ, ਉਹ ਵਿਚ ਦਰਵਾਜ਼ੇ ਮਾਰਿਆ ਈ

This love has put on great displays. Without or within, love is not hidden. When love made Shah Sharaf[17] a wandering dervish, you chilled him in the river for twelve years.
When Laila's[18] love was publicly proclaimed, Majnun locked eyes with her. You made him suck streams of love's milk when he spent a year in the well.
When love rushed toward Hir, Ranjha had his ears split.[19] Mirza[20] sacrificed his head when he arrived to marry Sahiban.
You made Sassi[21] wander in the deserts and cast Sohni[22] adrift on an unbaked pot. Later Roda's[23] reputation was ruined, and you cut him to pieces.
You had the brothers' armies[24] slaughtered and had the water skins chewed by rats.[25] I have seen your power, oh lord, and my head is sacrificed to you.
When the Kauravs and Pandavs[26] fought, you had eighteen great hosts destroyed. Brothers killed full brothers. What justice did you practice there?
Namrud[27] called himself God and fired an arrow at the lord. You caused Namrud to be killed by a mosquito and had Qarun[28] swallowed up by the earth.
When Pharaoh[29] called himself God, you made him put on a great show of pomp. You drowned him in the river Nile, where you slew him because of his arrogance.
You sounded the conch when attacking Lanka,[30] and you had Lanka plundered by Ram. You made Harnakash[31] create a stretch of paradise; you slew him at the gate.

ਸੀਤਾ ਦਹਿਸਰ ਲਈ ਬੇਚਾਰੀ, ਤਦ ਹਨੂਵੰਤ ਲੰਕਾ ਸਾੜੀ
ਰਾਵਣ ਦੀ ਸਭ ਢਾਹ ਅਟਾਰੀ, ਓੜਕ ਰਾਵਣ ਮਾਰਿਆ ਈ

ਗੋਪੀਆਂ ਨਾਲ ਕੀ ਚੱਜ ਕਮਾਇਓ, ਮੱਖਣ ਕਾਹਨ ਤੋਂ ਲੁਟਵਾਇਓ
ਰਾਜੇ ਕੰਸ ਨੂੰ ਪਕੜ ਮੰਗਾਇਓ, ਬੋਦੀਓਂ ਪਕੜ ਪਛਾੜਿਆ ਈ

ਆਪੇ ਚਾ ਇਮਾਮ ਬਣਾਇਆ, ਉਸ ਦੇ ਨਾਲ ਯਜ਼ੀਦ ਲੜਾਇਆ
ਚੌਧੀਂ ਤਬਕੀਂ ਸ਼ੋਰ ਮਚਾਇਆ, ਸਿਰ ਨੇਜ਼ੇ ਤੇ ਚਾੜ੍ਹਿਆ ਈ

ਮੁਗ਼ਲਾਂ ਜ਼ਹਿਰ ਪਿਆਲੇ ਪੀਤੇ, ਭੂਰੀਆਂ ਵਾਲੇ ਰਾਜੇ ਕੀਤੇ
ਸਭ ਅਸ਼ਰਾਫ਼ ਫਿਰਨ ਚੁੱਪ ਕੀਤੇ, ਭਲਾ ਉਨ੍ਹਾਂ ਨੂੰ ਝਾੜਿਆ ਈ

ਬੁੱਲ੍ਹਾ ਸ਼ਾਹ ਫ਼ਕੀਰ ਵਿਚਾਰਾ, ਕਰ ਕਰ ਚੱਲਿਆ ਕੂਚ ਨਗਾਰਾ
ਰੋਸ਼ਨ ਜਗ ਵਿਚ ਨਾਮ ਹਮਾਰਾ, ਨੂਰੋਂ ਸਿਰਜ ਉਤਾਰਿਆ ਈ

੧੪੪

ਰਾਂਝਾ ਜੋਗੀੜਾ ਬਣ ਆਇਆ, ਵਾਹ ਵਾਹ ਸਾਂਗੀ ਸਾਂਗ ਰਚਾਇਆ

ਇਸ ਜੋਗੀ ਦੇ ਨੈਣ ਕਟੋਰੇ, ਬਾਜ਼ਾਂ ਵਾਂਗੂੰ ਲੈਂਦੇ ਡੋਰੇ
ਮੁਖ ਡਿਠਿਆਂ ਦੁਖ ਜਾਵਣ ਝੋਰੇ, ਇਨ੍ਹਾਂ ਅਖੀਆਂ ਲਾਲ ਲਖਾਇਆ[1]

ਏਸ ਜੋਗੀ ਦੀ ਕੀ ਨਿਸ਼ਾਨੀ, ਕੰਨ ਵਿਚ ਮੁੰਦਰਾਂ ਗਲ ਵਿਚ ਗਾਨੀ
ਸੂਰਤ ਇਸ ਦੀ ਯੂਸਫ਼ ਸਾਨੀ, ਇਸ ਅਲਫ਼ੋਂ ਅਹਦ ਬਣਾਇਆ

When Ravan the ten-headed abducted poor Sita,[32] Hanuman burned Lanka. Ravan was completely humiliated, and finally you killed him.
What tricks you performed with the Gopis.[33] You caused Krishna to steal the butter. You arrested and summoned Kans the king, seizing him by the topknot and throwing him down.
It was you who created the Imam[34] and made Yazid fight with him. Uproar broke out in the fourteen spheres, when you stuck his head upon a spear.
The Mughals drank cups of poison; you made men in rough blankets[35] into kings. The nobles all go about in silence; you have truly disgraced them.
Bullhe Shah is a poor fakir; he has departed, proclaiming to the sound of the drum: "Our name is glorious in the world; you have created us from light and saved us!"

144

Ranjha has come as a yogi. What a show the actor[1] has put on!
This yogi's eyes are goblets. They hunt like hawks. With the sight of his face, sorrows and worries disappear. These eyes have shown me something precious.
What is the mark of this yogi? He has rings in his ears and beads around his neck. In appearance he is a second Yusuf.[2] He has turned *alif* into Ahad.[3]

ਰਾਂਝਾ ਜੋਗੀ ਤੇ ਮੈਂ ਜੋਗਿਆਨੀ, ਇਸ ਦੀ ਖ਼ਾਤਰ ਭਰਸਾਂ ਪਾਣੀ
ਐਵੇਂ ਪਿਛਲੀ ਉਮਰ ਵਿਹਾਣੀ, ਏਸ ਹੁਣ ਮੈਨੂੰ ਭਰਮਾਇਆ

ਬੁੱਲ੍ਹਾ ਸ਼ਹੁ ਦੀ ਇਹ ਗਤ ਪਾਏ, ਪ੍ਰੀਤ ਪੁਰਾਣੀ ਸ਼ੋਰ ਮਚਾਏ
ਇਹ ਗੱਲ ਕੀਕੂੰ ਛੁਪੇ ਛੁਪਾਏ, ਇਹ ਤਖ਼ਤ ਹਜ਼ਾਰਿਓਂ ਧਾਇਆ

੧੪੫

ਰਾਂਝਾ ਰਾਂਝਾ ਕਰਦੀ, ਹੁਣ ਮੈਂ ਆਪੇ ਰਾਂਝਾ ਹੋਈ
ਸੱਦੋ ਮੈਨੂੰ ਧੀਦੋ ਰਾਂਝਾ, ਹੀਰ ਨਾ ਆਖੋ ਕੋਈ

ਰਾਂਝਾ ਮੈਂ ਵਿਚ ਮੈਂ ਰਾਂਝੇ ਵਿਚ, ਹੋ ਖ਼ਿਆਲ ਨਾ ਕੋਈ
ਮੈਂ ਨਾਹੀਂ ਉਹ ਆਪੇ ਅਪਣੀ, ਆਪ ਕਰੇ ਦਿਲਜੋਈ

ਜੋ ਕੋਈ ਸਾਡੇ ਅੰਦਰ ਵੱਸੇ, ਜ਼ਾਤ ਅਸਾਡੀ ਸੋਈ
ਜਿਸ ਦੇ ਨਾਲ ਮੈਂ ਨੇਹੁੰ ਲਗਾਇਆ, ਓਹੋ ਜੇਹੀ ਹੋਈ

ਹੱਥ ਖੂੰਡੀ ਮੇਰੇ ਅੱਗੇ ਮੰਗੂ, ਮੋਢੇ ਭੂਰਾ ਲੋਈ
ਤਖ਼ਤ ਹਜ਼ਾਰੇ ਲੈ ਚੱਲ ਬੁੱਲ੍ਹਿਆ, ਸਿਆਲੀਂ ਮਿਲੇ ਨਾ ਢੋਈ

Ranjha is a yogi and I am his yogini. For his sake I will fetch water. I wasted my former life to no purpose. Now he has entranced me.
Bullha finds this ecstasy in the lord. Our love of long standing has created havoc. How can this be concealed? He has come here quickly from Takht Hazara.

145

Through[1] repeating “Ranjha, Ranjha,” I have myself now become Ranjha. Call me Dhido[2] Ranjha, let no one call me Hir.
Ranjha is in me and I am in Ranjha, this is my only thought. There is no me, there is only him, and he is the one who shows tender care for himself.
Whoever dwells within us determines who we are. I have become just like the one I love.
With a staff in my hand I drive the buffaloes before me, wearing a rough blanket around my shoulders. Take me to Takht Hazara, Bullha, I can find no refuge with the Sials.

੧੪੬

ਰੈਣ ਗਈ ਲਟਕੇ ਸਭ ਤਾਰੇ, ਅਬ ਤੋ ਜਾਗ ਮੁਸਾਫ਼ਰ ਪਿਆਰੇ

ਆਵਾਗੌਣ ਸਰਾਈਂ ਡੇਰੇ, ਸਾਥ ਤਿਆਰ ਮੁਸਾਫ਼ਰ ਤੇਰੇ
ਅਜੇ ਨਾ ਸੁਣਿਓ ਕੂਚ ਨਕਾਰੇ

ਕਰ ਲੈ ਅਜ ਕਰਨੀ ਦੀ ਬੇਰਾ, ਬਹੁੜ ਨਾ ਹੋਸੀ ਆਵਣ ਤੇਰਾ
ਸਾਥੀ ਚੱਲੋ ਚੱਲ ਪੁਕਾਰੇ

ਕਿਆ ਸਰਧਨ ਕਿਆ ਨਿਰਧਨ ਪੌੜੇ, ਅਪਣੇ ਅਪਣੇ ਦੇਸ਼ ਕੋ ਦੌੜੇ
ਲਾਹਾ ਨਾਮ ਲੈ ਲਿਓ ਸੰਭਾਰੇ

ਮੋਤੀ ਚੂਨੀ ਪਾਰਸ ਪਾਸੇ, ਪਾਸ ਸਮੁੰਦਰ ਮਰੋ ਪਿਆਸੇ
ਖੋਲ੍ਹ ਅੱਖੀਂ ਉੱਠ ਬਹੁ ਬਿਕਾਰੇ

ਬੁੱਲ੍ਹਾ ਸ਼ਹੁ ਦੀ ਪੈਰੀਂ ਪੜੀਏ, ਗ਼ਫ਼ਲਤ ਛਡ ਕੁਝ ਹੀਲਾ ਕਰੀਏ
ਮਿਰਗ ਜਤਨ ਬਿਨ ਖੇਤ ਉਜਾੜੇ

੧੪੭

ਰੋਜ਼ੇ ਹੱਜ ਨਮਾਜ਼ ਨੀ ਮਾਏ, ਮੈਨੂੰ ਪੀਆ ਨੇ ਆਣ ਭੁਲਾਏ

ਜਾਂ ਪੀਆ ਦੀਆਂ ਖ਼ਬਰਾਂ ਪਈਆਂ, ਮੰਤਕ ਨਹਵ ਸੱਭੇ ਭੁੱਲ ਗਈਆਂ
ਉਸ ਅਨਹਦ ਤਾਰ ਵਜਾਏ

146

The night is over, all the stars are dim. Now is the time to wake up, dear traveler.
You are encamped in the caravanserai of the cycle of birth and death. Your fellow travelers are ready. You have still not heard the departure drum.
Take action, for now is the time to act. You will not be coming here again. Your companions call out: "Come on, let us go."
Both rich and poor are weak. They have all run off to their own countries. Take the name as your profit, and guard it carefully.
Pearls and jewels and the philosopher's stone[1] are right next to you. The ocean is near, but you are dying of thirst.[2] Open your eyes and get up, you useless wretch.
Bullha, let us fall at the lord's feet. Let us abandon heedlessness and take active steps. If you make no effort, the deer[3] will wreck the field.

147

Fasts and pilgrimage and prayer, Mother, are all forgotten when my beloved comes.
When I got news of the beloved, I forgot all about logic and syntax. He played the unstruck music[1] on his string.

ਜਾਂ ਮੈਂ ਪੀਆ ਮੇਰੇ ਘਰ ਆਇਆ, ਭੁਲ ਗਿਆ ਮੈਨੂੰ ਸ਼ਰਹ ਵਕਾਇਆ
ਹਰ ਮਜ਼ਹਰ ਵਿਚ ਉਹਾ ਦਿਸਦਾ, ਅੰਦਰ ਬਾਹਰ ਜਲਵਾ ਜਿਸ ਦਾ ਲੋਕਾਂ
ਖ਼ਬਰ ਨਾ ਕਾਏ

੧੪੮

'ਲਨ ਤਰਾਨੀ' ਦੱਸ ਕੇ ਜਾਨੀ, ਹੁਣ ਕਿਉਂ ਮੁੱਖ ਛੁਪਾਇਆ ਈ

ਮੈਂ ਢੋਲਣ ਵਿਚ ਫ਼ਰਕ ਨਾ ਕੋਈ, 'ਐਨ ਮਾ' ਫ਼ਰਮਾਇਆ ਈ
ਆਓ ਸਜਣ ਗਲ ਲੱਗ ਸਵਾਂ ਮੈਂ, ਹੁਣ ਕੀ ਘੁੰਗਟ ਪਾਇਆ ਈ

ਤਨ ਸਾਬਰ ਦੇ ਕੀੜੇ ਪਾਏ, ਜੋ ਝੜਿਆ ਸੋ ਪਾਇਆ ਈ
ਮਨਸੂਰ ਕੋਲੋਂ ਕੁਝ ਜ਼ਾਹਰ ਹੋਇਆ, ਸੂਲੀ ਪਕੜ ਚੜ੍ਹਾਇਆ ਈ

ਦੱਸੋ ਨੁਕਤਾ ਜ਼ਾਤ ਇਲਾਹੀ, ਸਜਦਾ ਕਿਸ ਕਰਾਇਆ ਈ
ਬੁੱਲ੍ਹਾ ਸ਼ਹੁ ਦਾ ਹੁਕਮ ਨਾ ਮੰਨਿਆ, ਸ਼ੈਤਾਨ ਖ਼ੁਆਰ ਕਰਾਇਆ ਈ

When the beloved came to my house, I forgot the *Commentary on the Wiqāya*.[2] In every scene, he alone appears, the one whose glory is inside and outside. People know nothing at all.

148

My love, you told me *You shall not see me*.[1] Now why have you hidden your face?

There is no difference between me and my beloved. You ordained *Wherever*.[2] Come, beloved, and let me sleep in your embrace. Why have you veiled yourself?

You put the worms in the body of Ayub the patient.[3] You put back any that dropped off him. Something was revealed by Mansur.[4] You had him arrested and put on the gallows.

Explain this point about the divine essence. Whom did you cause to prostrate themselves?[5] Bullha, when Satan[6] did not obey the lord's command, you brought about his disgrace.

੧੪੯

ਵਤ ਨਾ ਕਰਸਾਂ ਮਾਣ ਰੰਝੇਟੇ ਯਾਰ ਦਾ ਵੇ ਅੜਿਆ

ਜਾਨ ਕਰਾਂ ਕੁਰਬਾਨ ਭੇਤ ਨਾ ਦਸਨਾ ਏਂ ਵੇ ਅੜਿਆ
ਢੂੰਡਾਂ ਤਕੀਏ ਦੁਆਰ ਤੈਨੂੰ ਉੱਠ ਨਸਨਾ ਏਂ ਵੇ ਅੜਿਆ
ਰਲ ਮਿਲ ਸਈਆਂ ਪੁੱਛਣ ਗਈਆਂ, ਹੋਇਆ ਵਕਤ ਭੰਡਾਰ ਦਾ
ਵੇ ਅੜਿਆ

ਇਸ਼ਕ ਅੱਲਾ ਦੀ ਜ਼ਾਤ ਲੋਕਾਂ ਦਾ ਮਿਹਣਾ ਵੇ ਅੜਿਆ
ਕਿਹਨੂੰ ਕਰਾਂ ਪੁਕਾਰ ਕਿਸੇ ਨਹੀਂ ਰਹਿਣਾ ਵੇ ਅੜਿਆ
ਓਸੇ ਦੀ ਗੱਲ ਉਹੋ ਜਾਣੇ, ਕੌਣ ਕੋਈ ਦਮ ਮਾਰਦਾ ਵੇ ਅੜਿਆ

ਅੱਜ ਅਜੋਕੜੀ ਰਾਤ ਮੇਰੇ ਘਰ ਵੱਸ ਖਾਂ ਵੇ ਅੜਿਆ
ਦਿਲ ਦੀਆਂ ਘੁੰਢੀਆਂ ਖੋਲ੍ਹ ਅਸਾਂ ਨਾਲ ਹੱਸ ਖਾਂ ਵੇ ਅੜਿਆ
ਦਿਲਬਰ ਯਾਰ ਇਕਰਾਰ ਕੀਤੋਈ, ਕੀ ਇਤਬਾਰ ਸੋਹਣੇ ਯਾਰ ਦਾ
ਵੇ ਅੜਿਆ

ਇਕ ਕਰਦੀਆਂ ਖ਼ੁਦੀ ਹੰਕਾਰ ਉਹਨਾਂ ਨੂੰ ਤਾਰਨਾ ਏਂ ਵੇ ਅੜਿਆ
ਇਕ ਪਿੱਛੇ ਫਿਰਨ ਖ਼ੁਆਰ ਸੜੀਆਂ ਨੂੰ ਸਾੜਨਾ ਏਂ ਵੇ ਅੜਿਆ
ਮੈਂਡੇ ਸੋਹਣੇ ਯਾਰ ਕੀ ਇਤਬਾਰ ਤੇਰੇ ਪਿਆਰ ਦਾ ਵੇ ਅੜਿਆ

ਚਿੱਕੜ ਭਰੀਆਂ ਨਾਲ ਉੱਠ ਝੁੰਬਰ ਘੱਤਨਾ ਏਂ ਵੇ ਅੜਿਆ
ਮੈਂ ਲਾਇਆ ਹਾਰ ਸ਼ਿੰਗਾਰ ਮੈਥੋਂ ਉੱਠ ਨੱਸਨਾ ਏਂ ਵੇ ਅੜਿਆ
ਬੁੱਲ੍ਹਾ ਸ਼ਹੁ ਘਰ ਆਇਆ ਹੋਇਆ ਵਕਤ ਦੀਦਾਰ ਦਾ ਵੇ ਅੜਿਆ

149

Never again will I boast about my beloved Ranjha, oh.[1]
I sacrifice my life, but you do not reveal your secret.
I search for you at the gate of the shrine, but you get up and flee. My girlfriends have got together and have gone to ask: "Is it time for the spinning party, oh?"
Love is the divine essence, but people reproach me for it.
To whom shall I cry out, when no one is going to stand by me? He is the one who knows about himself; who else dares open his mouth, oh?
Spend today, this very night, in my house. Undo the knots[2] in your heart and laugh with me. You gave me your promise, darling, but what trust can there be in my beautiful beloved, oh?
Some are full of selfish pride, but you deliver them across.
Some follow you in disgrace, but you consume those who are already consumed. My beautiful beloved, what trust can there be in your love, oh?
You get up and join in the dance[3] with those who are covered in mud. I am beautifully dressed, but you run away from me. Bullha, the beloved has come to my house, and the time when I see him is dear to me, oh.

੧੫੦

ਵਲ ਪਰਦੇ ਵਿਚ ਪਾਇਆ ਯਾਰ, ਆਪੇ ਮੇਲ ਮਿਲਾਇਆ ਏ

ਹੁਣ ਮੈਂ ਮੋਈ ਨੀ ਮੇਰੀਏ ਮਾਂ, ਮੇਰੀ ਪੂਣੀ ਲੈ ਗਿਆ ਕਾਂ
ਪਿੰਡ ਡੌਂ ਡੌਂ ਕਰਦੀ ਜਾਂ, ਜਿਸ ਮੇਰਾ ਵਤਨ ਛੁਡਾਇਆ ਏ

ਕਾਂਵਾਂ ਪੂਣੀ ਦਈਂ ਪੀਆ ਦੇ ਨਾਂ, ਤੇਰੀਆਂ ਮਿੰਨਤਾਂ ਕਰਦੀ ਹਾਂ
ਜ਼ਰਬਾਂ ਤੇਰੀਆਂ ਜਰਨੀ ਹਾਂ, ਜਿਸ ਮੈਨੂੰ ਦੂਰ ਕਰਾਇਆ ਏ

ਹੁਣ ਮੈਨੂੰ ਭਲਾ ਨ ਲਗਦਾ ਸ਼ੋਰ, ਮੈਂ ਘਰ ਖਿੜਿਆ ਸ਼ਗੂਫ਼ਾ ਹੋਰ
ਬੇ ਨਾ ਤੇ ਨਾ ਸੇ ਨਾ ਹੋਰ, ਇੱਕੋ ਅਲਫ਼ ਪੜ੍ਹਾਇਆ ਏ

ਹੁਣ ਮੈਨੂੰ ਮਜਨੂੰ ਆਖੋ ਨਾ, ਦਿਨ ਦਿਨ ਲੈਲਾ ਹੁੰਦਾ ਜਾਂ
ਡੇਰਾ ਯਾਰ ਬਣਾਏ ਤਾਂ, ਇਹ ਤਨ ਬੰਗਲਾ ਬਣਾਇਆ ਏ

ਬੁੱਲ੍ਹਾ ਇਨਾਇਤ ਕਰੇ ਹਜ਼ਾਰ, ਇਹੋ ਕੌਲ ਇਹੋ ਤਕਰਾਰ
ਵਲ ਪਰਦੇ ਵਿਚ ਪਾਇਆ ਯਾਰ, ਆਪੇ ਮੇਲ ਮਿਲਾਇਆ ਏ

੧੫੧

ਵਾਹ ਸੋਹਣਿਆ ਤੇਰੀ ਚਾਲ ਅਜਾਇਬ, ਲਟਕਾਂ ਨਾਲ ਚਲੇਂਦੇ ਓ

ਆਪੇ ਜ਼ਾਹਰ ਆਪੇ ਬਾਤਨ, ਆਪੇ ਲੁਕ ਲੁਕ ਬਹਿੰਦੇ ਓ
ਆਪੇ ਮੁੱਲਾਂ ਆਪੇ ਕਾਜ਼ੀ, ਆਪੇ ਇਲਮ ਪੜ੍ਹੇਂਦੇਂ ਓ

150

My beloved set me behind a veil.[1] He is the one who has brought us together.
Oh Mother, now I am dead. The crow has taken away my cotton roll.[2] Then I create a loud noise over the one who made me leave my homeland.
Oh crow, give me my cotton roll in the name of the beloved, I entreat you. I suffer the blows given by you, who have set me at a distance.
Now I do not like all this noise. Another bud has blossomed in my house. He has not taught me *be* or *te* or *se* or anything else, only *alif*.[3]
Now do not call me Majnun,[4] when I am Laila every day. The beloved created this body of mine as a bungalow for him to stay in.
If Inayat creates thousands of Bullhas, all that they will say and all that they will repeat is this: "My beloved put me behind a veil. He is the one who has brought us together."

151

How wonderfully you move, beloved. Your movements are full of grace.
It is you who are manifest and you who are concealed. It is you who sit there after concealing yourself. It is you who are the mullah and you who are the *qazi*. It is you who impart instruction.

ਘੱਤ ਜ਼ੁੰਨਾਰ ਕੁਫ਼ਰ ਦਾ ਗਲ ਵਿਚ, ਬੁਤਖ਼ਾਨੇ ਵੜ ਬਹਿੰਦੇ ਓ
'ਲੌਲਾਕ ਲਮਾ ਅਫ਼ਲਾਕ' ਵਿਚਾਰੋ, ਆਪੇ ਧੁੰਮ ਮਚੇਂਦੇ ਓ

ਜ਼ਾਤ ਤੋਂ ਹੈ ਅਸ਼ਰਾਫ਼ ਰੰਝੇਟਾ, ਲਾਇਆਂ ਦੀ ਲਾਜ ਰਖੇਂਦੇ ਓ
ਬੁੱਲ੍ਹਾ ਸ਼ਹੁ ਇਨਾਇਤ ਮੈਨੂੰ, ਪਲ ਪਲ ਦਰਸ਼ਨ ਦੇਂਦੇ ਓ

੧੫੨

ਵਾਹ ਵਾਹ ਛਿੰਝ ਪਈ ਦਰਬਾਰ, ਖ਼ਲਕ ਤਮਾਸ਼ੇ ਆਈ ਯਾਰ

ਅਸਾਂ ਅਜ ਕੀ ਕੀਤਾ ਕਲ ਕੀ ਕਰਨਾ, ਭੱਠ ਅਸਾਡਾ ਆਇਆ
ਐਸੀ ਵਾਹ ਕਿਆਰੀ ਬੀਜੀ, ਚਿੜੀਆਂ ਖੇਤ ਵੰਜਾਇਆ
ਜਿਹੜੇ ਮਗਰ ਪਿਆਦੇ ਲੱਗੇ, ਉਠ ਚੱਲੇ ਪੂਤਾ ਤਾਰ

ਇਕ ਉਲਾਮ੍ਹਾ ਸਈਆਂ ਦਾ ਹੈ, ਦੂਜਾ ਹੈ ਸੰਸਾਰ
ਨੰਗ ਨਾਮੂਸ ਏਥੋਂ ਦੇ ਏਥੇ, ਲਾਹ ਪਗੜੀ ਭੋਏਂ ਮਾਰ
ਨਾਮ ਸਾਈਂ ਦੇ ਕੰਡੇ ਬਵਾਏ, ਖਿਲ ਪਈ ਗੁਲਜ਼ਾਰ

ਨੱਢਾ ਗਿਰਦਾ ਬੁੱਢਾ ਗਿਰਦਾ, ਆਪੋ ਅਪਣੀ ਵਾਰੀ
ਕੀ ਬੀਵੀ ਕੀ ਬਾਂਦੀ ਲੌਂਡੀ, ਕੀ ਧੋਬਣ ਭਠਿਆਰੀ
ਅਮਲਾਂ ਸੇਤੀ ਹੋਣ ਨਬੇੜੇ, ਨਬੀ ਲੰਘਾਵੇ ਪਾਰ

You wrap the girdle[1] of unbelief around your neck. You go into the idol temple[2] and sit there. Think on *If it were not for you . . . the heavens.*[3] This is the loud message you proclaim.
Ranjha is noble by caste.[4] You protect those who seek protection from you. As Shah Inayat, you show yourself to Bullha all the time.

152

What a wonderful contest[1] there is at the court. People have come to the show, my friend.
What have we done today, and what must we do tomorrow? Our coming has been of no avail. What a wonderful flower bed was planted, but the birds have destroyed the field. The constables[2] who pursued us have gone off to pay in our taxes.
Not only do I have to endure the taunting of my girlfriends, but there is also the world. Worldly reputation belongs here. Take off your turban and throw it on the ground.[3] Since I planted thorns in the name of the lord, the garden has blossomed.
The youngster falls,[4] the old man falls, each in their turn. Mistress or handmaiden, washerwoman or innkeeper's wife, all have their fate decided according to their deeds. The Prophet delivers us.

ਬੁੱਲ੍ਹਾ ਸ਼ਹੁ ਨੂੰ ਵੇਖਣ ਜਾਵੇ, ਅਪਣਾ ਭਾਣਾ ਕਰਦਾ
ਗੁਨੋ ਗੁਨੀ ਭਾਂਡੇ ਘੜ ਕੇ, ਠੀਕਰੀਆਂ ਕਰ ਧਰਦਾ
ਇਹ ਤਮਾਸ਼ਾ ਵੇਖ ਕੇ ਚਲ, ਤੇ ਅਗਲਾ ਵੇਖ ਬਜ਼ਾਰ

੧੫੩

ਵਾਹ ਵਾਹ ਮਾਟੀ ਦੀ ਗੁਲਜ਼ਾਰ, ਮਾਟੀ ਕੁਦਮ ਕਰੇਂਦੀ ਯਾਰ

ਮਾਟੀ ਜੋੜਾ ਮਾਟੀ ਘੋੜਾ, ਮਾਟੀ ਦਾ ਅਸਵਾਰ
ਮਾਟੀ ਮਾਟੀ ਨੂੰ ਦੌੜਾਏ, ਮਾਟੀ ਦਾ ਖੜਕਾਰ

ਮਾਟੀ ਮਾਟੀ ਨੂੰ ਮਾਰਨ ਲੱਗੀ, ਮਾਟੀ ਦੇ ਹਥਿਆਰ
ਜਿਸ ਮਾਟੀ ਪਰ ਬਹੁਤੀ ਮਾਟੀ, ਤਿਸ ਮਾਟੀ ਹੰਕਾਰ

ਮਾਟੀ ਬਾਗ਼ ਬਗ਼ੀਚਾ ਮਾਟੀ, ਮਾਟੀ ਦੀ ਗ਼ੁਲਜ਼ਾਰ
ਮਾਟੀ ਮਾਟੀ ਨੂੰ ਵੇਖਣ ਆਈ, ਮਾਟੀ ਦੀ ਏ ਬਹਾਰ

ਹਸ ਖੇਡ ਮੁੜ ਮਾਟੀ ਹੋਈ, ਮਾਟੀ ਪਾਓਂ ਪਸਾਰ
ਬੁੱਲ੍ਹਾ ਇਹ ਬੁਝਾਰਤ ਬੁੱਝੇਂ, ਲਾਹ ਸਿਰੋਂ ਭੋਏਂ ਮਾਰ

Bullha goes to see the lord, according to his will.[5] He fashions pots of many kinds, then breaks them into pieces. Look at this show, then move on and look at the next bazaar.

153

This flower bed of earth is wonderful. Earth goes strutting along, my friend.
The costume is earth, the horse is earth, and the rider is earth. Earth drives earth along, and the clatter it makes is earth.
Earth starts to strike earth, using weapons of earth. The earth, which has plenty of earth on it, is proud.
The garden is earth, the orchard is earth, the flower bed is earth. Earth comes out to look at earth, this spring is made of earth.
After laughing and playing, it turns to earth, and earth stretches itself out. Bullha, if you guess this riddle, remove it[1] from your head and throw it on the ground.

੧੫੪

ਵਾਹ ਵਾਹ ਰਮਜ਼ ਸਜਣ ਦੀ ਹੋਰ, ਆਸ਼ਕ ਬਿਨਾਂ ਨਾ ਸਮਝੇ ਕੋਰ

ਕੋਠੇ ਤੇ ਚੜ੍ਹ ਦੇਵਾਂ ਹੋਕਾ, ਇਸ਼ਕ ਵਿਹਾਜਿਓ ਕੋਈ ਨਾ ਲੋਕਾ
ਇਸ ਦਾ ਮੂਲ ਨਾ ਖਾਣਾ ਧੋਖਾ, ਜੰਗਲ ਬਸਤੀ ਮਿਲੇ ਨਾ ਠੋਰ

ਆਸ਼ਕ ਦੋਹੀਂ ਜਹਾਨੀਂ ਮੁੱਠੇ, ਨਾਜ਼ ਮਾਸ਼ੂਕਾਂ ਦੇ ਉਹ ਕੁੱਠੇ
ਇਸ਼ਕ ਦਾ ਫੱਟਿਆ ਕੋਈ ਨਾ ਛੁੱਟੇ, ਕੀਤੋਸੂ ਬਾਂਦਾ ਫੱਟ ਬਲੋਰ

ਦੇ ਦੀਦਾਰ ਹੋਇਆ ਜਦ ਰਾਹੀ, ਅਚਣਚੇਤ ਪਈ ਗਲ ਫਾਹੀ
ਡਾਢੀ ਕੀਤੀ ਲਾਪਰਵਾਹੀ, ਮੈਨੂੰ ਮਿਲ ਗਿਆ ਠੱਗ ਲਹੋਰ

੫ ਸ਼ੀਰੀਂ ਹੈ ਬਿਰਹੋਂ ਦਾ ਖਾਣਾ, ਕੋਹ ਚੋਟੀ ਫ਼ਰਹਾਦ ਨਿਮਾਣਾ
ਯੂਸਫ਼ ਮਿਸਰ ਬਜ਼ਾਰ ਵਿਕਾਣਾ, ਉਸ ਨੂੰ ਨਾਹੀਂ ਵੇਖਣ ਕੋਰ

ਲੈਲਾ ਮਜਨੂੰ ਦੋਵੇਂ ਬਰਦੇ, ਸੋਹਣੀ ਡੁੱਬੀ ਵਿਚ ਬਹਰ ਦੇ
ਹੀਰ ਵੰਜਾਏ ਸੱਭੇ ਘਰ ਦੇ, ਇਸ ਦੀ ਛਿੱਕੀ ਮਾਹੀ ਡੋਰ

ਆਸ਼ਕ ਫਿਰਦੇ ਚੁੱਪ ਚੁਪਾਤੇ, ਜੈਸਾ ਮਸਤ ਸਦਾ ਮਧ ਮਾਤੇ
ਦਾਮ ਜ਼ੁਲਫ਼ ਦੇ ਅੰਦਰ ਫਾਥੇ, ਓਥੇ ਚੱਲੇ ਵੱਸ ਨਾ ਜ਼ੋਰ

ਜੇ ਉਹ ਆਣ ਮਿਲੇ ਦਿਲਜਾਨੀ, ਉਸ ਤੋਂ ਜਾਨ ਕਰਾਂ ਕੁਰਬਾਨੀ
ਸੂਰਤ ਦੇ ਵਿਚ ਯੂਸਫ਼ ਸਾਨੀ, ਆਲਮ ਦੇ ਵਿਚ ਜਿਸ ਦਾ ਸ਼ੋਰ

ਬੁੱਲ੍ਹਾ ਸ਼ਹੁ ਨੂੰ ਕੋਈ ਨਾ ਵੇਖੇ, ਜੋ ਵੇਖੇ ਸੋ ਕਿਸੇ ਨਾ ਲੇਖ ਏ
ਉਸ ਦਾ ਰੰਗ ਨਾ ਰੂਪ ਨਾ ਰੇਖ ਏ, ਉਹ ਈ ਹੋਵੇ ਹੋ ਕੇ ਚੋਰ

154

The hints that the beloved sends out are something wonderfully different. Except for the lover, all are blind and unable to understand them.
I climb up to the roof terrace and cry: Oh people, no one should purchase love. Make sure you are not deceived by it. No refuge from it can be found in the jungle or in the village.
Lovers are destroyed in both worlds. They are slain by the airs and graces of their beloveds. No one who has been wounded by love is healed. It tears open wounds that have been bound up.
He let me see him, then went on his way. Suddenly a noose slipped around my neck. He displayed supreme indifference. I encountered the robber from Lahore.[1]
Shirin suffered separation. Farhad[2] was in a sorry state on the mountaintop. Yusuf[3] was sold in the bazaars of Egypt. They were blind and did not see who he was.
Laila and Majnun[4] were both enslaved. Sohni[5] drowned in the river. Hir destroyed her whole family. Her beloved was pulling her string.
Lovers roam in silence. They are drunk, like those who are always intoxicated with wine. Those caught in the tress's curl have no strength or power to act.
If my beloved comes to me, I will sacrifice my life to him. In appearance he is a second Yusuf,[6] because of whom the whole world is in uproar.
Bullha, no one sees the lord. Those who do so can hardly be counted. He has no color, form, or mark. He is the one who exists as a thief.

੧੫੫

ਵੇਖੋ ਨੀ ਸ਼ਹੁ ਇਨਾਇਤ ਸਾਈਂ, ਮੈਂ ਨਾਲ ਕਰਦਾ ਕਿਵੇਂ ਅਦਾਈਂ

ਕਦੀ ਆਵੇ ਕਦੀ ਆਵੇ ਨਾਹੀਂ, ਤਿਉਂ ਤਿਉਂ ਮੈਨੂੰ ਭੜਕਣ ਭਾਹੀਂ
ਨਾਮ ਅੱਲ੍ਹਾ ਪੈਗ਼ਾਮ ਸੁਣਾਈਂ, ਮੁਖ ਵੇਖਣ ਨੂੰ ਨਾ ਤਰਸਾਈਂ

ਬੁੱਲ੍ਹਾ ਸ਼ਹੁ ਕੇਹੀ ਲਾਈ ਮੈਨੂੰ, ਰਾਤ ਹਨ੍ਹੇਰ ਉੱਠ ਟੁਰਦੀ ਨੈਂ ਨੂੰ
ਜਿਸ ਓਝੜ ਤੋਂ ਸਭ ਕੋਈ ਡਰਦਾ, ਸੋ ਮੈਂ ਢੂੰਡਾਂ ਚਾਈਂ ਚਾਈਂ

੧੫੬

ਵੇਖੋ ਨੀ ਕੀ ਕਰ ਗਿਆ ਮਾਹੀ, ਲੈ ਦੇ ਕੇ ਦਿਲ ਹੋ ਗਿਆ ਰਾਹੀ

ਅੰਮਾਂ ਝਿੜਕੇ ਬਾਬਲ ਮਾਰੇ, ਤਾਅਨੇ ਦੇਂਦੇ ਵੀਰ ਪਿਆਰੇ
ਮੈਂ ਜੇਹੀ ਬੁਰੀ ਬੁਰਿਆਰ ਵੇ ਲੋਕਾ, ਮੈਨੂੰ ਦਿਓ ਓਤੇ ਵੱਲ ਤ੍ਰਾਹੀ

ਆ ਬੂਹੇ ਤੇ ਨਾਦ ਵਜਾਇਆ, ਅਕਲ ਫ਼ਿਕਰ ਸਭ ਚਾ ਗਵਾਇਆ
ਅੱਲ੍ਹਾ ਦੀ ਸਹੁੰ ਅੱਲ੍ਹਾ ਜਾਣੇ, ਹਸਦਿਆਂ ਗਲ ਵਿਚ ਪੈ ਗਈ ਫਾਹੀ

ਰਹੁ ਇਸ਼ਕਾ ਕੀ ਕਰੇਂ ਅਖਾੜੇ, ਸ਼ਾਹ ਮਨਸੂਰ ਸੂਲੀ ਤੇ ਚਾੜ੍ਹੇ
ਆਣ ਬਣੀ ਜਦ ਨਾਲ ਅਸਾਡੇ, ਬੁੱਲ੍ਹੇ ਮੂੰਹ ਤੋਂ ਲੋਈ ਲਾਹੀ

੫ ਬੁੱਲ੍ਹੇ ਸ਼ਹੁ ਦੇ ਇਸ਼ਕ ਰੰਜਾਣੀ, ਡੰਗੀ ਆਂ ਮੈਂ ਕਿਸੇ ਨਾਂਗ ਇਯਾਣੀ
ਅੱਜ ਅਜੋਕੀ ਪ੍ਰੀਤ ਨਾ ਜਾਣੀ, ਲੱਗੀ ਰੋਜ਼ ਅਜ਼ਲ ਦੀ ਆਹੀ

155

See how my lord Shah Inayat flirts with me.

Sometimes he comes, sometimes he does not. And so I am set ablaze. In the name of God, tell me your message. Do not make me long to see your face.

Bullha, what has the lord done to me? In the dark of the night I get up and go to the river.[1] In the wild country that everyone fears, I seek him eagerly.

156

Just look and see what the beloved has gone and done. After dealing in hearts, he has set off on his way.

My mother scolds me, my father beats me. My dear brothers reproach me. Oh people, is there anyone so bad and such an evildoer as I am? Chase me away in the same direction.[1]

He came to the door and sounded his horn.[2] He has totally destroyed reason and straight thinking. I swear by God that God alone knows my condition. Our merriment tied a noose around my neck.

Stop, love. Why do you set up these contests? You put Lord Mansur[3] up on the gallows. When it happened to me, Bullha lost all inhibition.[4]

Bullha, I am tormented by love. I am a poor wretch and have been bitten by a snake.[5] This is not a love of this moment. It started on the first day.

੧੫੭

ਵੇਖੋ ਨੀ ਪਿਆਰਾ ਮੈਨੂੰ ਸੁਫ਼ਨੇ ਮੇਂ ਛਲ ਗਿਆ

ਮੈਂ ਸੋਈ ਹੋਈ ਮੁੱਠੀ ਆਂ, ਮੈਂ ਵਾਂਗ ਜ਼ੁਲੈਖ਼ਾ ਕੁੱਠੀ ਆਂ
ਚਾ ਇਸ਼ਕ ਨੇ ਮੈਂ ਫੁੱਟੀ ਆਂ, ਮੇਰਾ ਬੰਦ ਬੰਦ ਹਲ ਗਿਆ

ਮੈਂ ਸਿਆਣੀਆਂ ਸਭ ਬੁਲਾਈਆਂ, ਮੈਂ ਔਂਸੀਆਂ ਸਭ ਪਵਾਈਆਂ
ਜਵਾਬ ਦਿੱਤਾ ਨਜੂਮਾਈਆਂ, ਮੇਰੀ ਨੈਣੀਂ ਨੀਰ ਉਛਲ ਗਿਆ

ਨੇੜੇ ਕਿਉਂ ਨਹੀਂ ਆਈਦਾ, ਸਾਨੂੰ ਦੂਰੋਂ ਨਹੀਂ ਦਿਖਲਾਈਦਾ
ਨੱਜ਼ਾਰੇ ਤੋਂ ਡਰਾਈਦਾ, ਕੋਹ ਤੂਰ ਪਹਾੜ ਜਲ ਗਿਆ

ਪੀਆ ਨੇ ਨੈਣ ਬਾਣ ਲਾ ਕੇ, ਬਿਰਹੋਂ ਸੂੰ ਚੁਹਚੁਹਾ ਕੇ
ਫ਼ਰਹਾਦ ਤੋਂ ਕੋਹ ਕਟਾ ਕੇ, ਸ਼ੀਰੀਂ ਸੂੰ ਰਲ ਗਿਆ

ਬੁੱਲ੍ਹਾ ਆਪ ਤੋਂ ਲਭਾਈਦਾ, ਸ਼ਹੁ ਇਨਾਇਤ ਹੈ ਪਾਈਦਾ
ਨੇੜੇ ਹੀ ਪਛਤਾਈਦਾ, ਬੁੱਲ੍ਹਾ ਅੱਜ ਸ਼ਹੁ ਮਿਲ[੧] ਗਿਆ

157

Look, my love has tricked me in a dream.
I slept and was deceived.[1] I have been slaughtered like Zulaikha.[2] I have exploded with love. My body has fallen apart.
I have called on the wise women and got them all to draw figures.[3] The astrologers have given me a blunt answer. My eyes are overflowing with tears.
Why should he not come near me? Why should he not show himself from afar? Why should I be made to fear a sight of him? Mount Sinai[4] is on fire.
My beloved shoots darts from his eyes, after steeping me in the dye of separation. He gets Farhad[5] to cut through the mountain before he is joined with Shirin.
Bullha, he lets himself be found. Shah Inayat is discovered. Very soon I may be filled with regrets, but today the lord has come to me.

Other Poems

ਅਠਵਾਰਾ

ਅ੧ ਸ਼ਨਿਚਰਵਾਰ

ਛਨਿਛਰ ਵਾਰ ਉਤਾਵਲੇ, ਵੇਖ ਸਜਣ ਦੀ ਸੋ
ਅਸਾਂ ਮੁੜ ਘਰ ਫੇਰ ਨਾ ਆਵਣਾ, ਜੋ ਹੋਣੀ ਹੋਗ ਸੋ ਹੋ
ਵਾਹ ਵਾਹ ਛਨਿਛਰਵਾਰ ਵਹੇਲੇ, ਦੁੱਖ ਸਜਣ ਦੇ ਮੈਂ ਵਲ ਪੇਲੇ
ਢੂੰਡਾਂ ਔਝੜ ਜੰਗਲ ਬੇਲੇ, ਅਧੜੀ ਰੈਣ ਕਵਲੜੇ ਵੇਲੇ
ਬਿਰਹੋਂ ਘੇਰੇ
ਕਿਹੜੇ ਟਾਂਗ ਤੁਸਾਡੀਆਂ ਤਾਂਘਾਂ, ਰਾਤੀਂ ਸੁਤੜੇ ਸ਼ੇਰ ਉਲਾਂਘਾਂ
ਉੱਚੀ ਚੜ੍ਹ ਕੇ ਕੂਕਾਂ ਚਾਂਘਾਂ, ਸੀਨੇ ਅੰਦਰ ਰਿੜਕਣ ਸਾਂਗਾਂ
ਪਿਆਰੇ ਤੇਰੀਆਂ

ਅ੨ ਐਤਵਾਰ

ਐਤਵਾਰ ਸੁਨੈਤ ਹੈਂ, ਜੋ ਜੋ ਕਦਮ ਧਰੇ
ਉਹ ਵੀ ਆਸ਼ਕ ਨਾ ਕਹੋ, ਸਿਰ ਦੇਂਦਾ ਉਜ਼ਰ ਕਰੇ
ਸੋ ਆਇਤ ਐਤਵਾਰ ਭਾਇਤ, ਵਿੱਚੋਂ ਜਾਏ ਹਿਜਰ ਦੀ ਸਾਇਤ
ਮੇਰੇ ਦੁਖ ਦੀ ਸੁਣੇ ਹਿਕਾਇਤ, ਆ ਇਨਾਇਤ ਕਰੇ ਹਿਦਾਇਤ
ਤਾਂ ਮੈਂ ਤਾਰੀ ਆਂ
ਤੇਰੀ ਯਾਰੀ ਜਹੀ ਨਾ ਯਾਰੀ, ਤੇਰੇ ਪਕੜ ਵਿਛੋੜੇ ਮਾਰੀ
ਇਸ਼ਕ ਤੁਸਾਡਾ ਕਿਆਮਤ ਸਾਰੀ, ਤਾਂਹੀਂ ਹੋਈ ਆਂ ਵੇਦਨ ਭਾਰੀ
ਕਰ ਕੁਝ ਕਾਰੀਆਂ

The Seven Days

A1 SATURDAY

On Saturday, I am impatient to get news of my beloved. I will not return home again, no matter what may happen.

Ah, ah, Saturday is painful. Sufferings on account of my beloved oppress me. I search the wilderness, the jungle, and the thickets, in the middle of the night and at bad times. I am beset by the pain of separation.

In my longing for you, it is as if I jump over sleeping tigers in the night. I climb up high and shriek and scream. Because of you, my love, spears churn in my breast.

A2 SUNDAY

Sunday is a suitable time for whoever steps forward. Do not call him a lover who excuses himself from offering up his head.

Sunday is pleasing. The time of separation goes away. He hears the story of my pain. If Inayat comes and gives me guidance, I am saved.

There is no love like yours. Separation from you has seized me and killed me. Your love is completely devastating, and that is why I am filled with suffering. At least offer me some remedy.

ਅ੩ ਸੋਮਵਾਰ

ਬੁੱਲ੍ਹਾ ਰੋਜ਼ ਸੋਮਵਾਰ ਦੇ, ਕਿਆ ਚਲ ਚਲ ਕਰੇ ਪੁਕਾਰ
ਅਗੇ ਲਖ ਕਰੋੜ ਸਹੇਲੀਆਂ, ਮੈਂ ਕਿਸ ਦੀ ਪਾਣੀਹਾਰ
ਮੈਂ ਦੁਖਿਆਰੀ ਦੁੱਖ ਸਵਾਰ, ਰੋਣਾ ਅੱਖੀਆਂ ਦਾ ਰੁਜ਼ਗਾਰ
ਮੇਰੀ ਖ਼ਬਰ ਨਾ ਲੈਂਦਾ ਯਾਰ, ਹੁਣ ਮੈਂ ਜਾਤਾ ਮੁਰਦੇ ਮਾਰ
ਮੋਇਆਂ ਨੂੰ ਮਾਰਦਾ
ਮੇਰੀ ਓਸੇ ਨਾਲ ਲੜਾਈ, ਜਿਸ ਨੇ ਮੈਨੂੰ ਬਰਛੀ ਲਾਈ
ਸੀਨੇ ਅੰਦਰ ਭਾਹ ਭੜਕਾਈ, ਕਟ ਕਟ ਖਾਏ ਬਿਰੋਂ ਕਸਾਈ
ਭਛਾਇਆ ਯਾਰ ਦਾ

ਅ੪ ਮੰਗਲਵਾਰ

ਮੰਗਲ ਮੈਂ ਗਲ ਪਾਣੀ ਆ ਗਿਆ, ਲਬਾਂ ਤੇ ਆਵਣਹਾਰ
ਮੈਂ ਘੁੰਮਣ ਘੇਰਾਂ ਘੇਰੀਆਂ, ਉਹ ਵੇਖੇ ਖਲਾ ਕਿਨਾਰ
ਮੰਗਲ ਬੰਦੀਵਾਨ ਦਿਲਾਂ ਦੇ, ਬੁੱਡੇ ਸ਼ਹੁ ਦਰਿਆਈਂ ਜਾਂਦੇ
ਕੱਪੜ ਕੜਕ ਦੁਪਹਿਰੀਂ ਖਾਂਦੇ, ਵਲ ਵਲ ਗ਼ੋਤਿਆਂ ਦੇ ਮੂੰਹ ਆਂਦੇ
ਮਾਰੇ ਯਾਰ ਦੇ
ਕੰਢੇ ਵੇਖ ਖਲਾ ਤਮਾਸ਼ਾ, ਸਾਡੀ ਮਰਗ ਉਹਨਾਂ ਦਾ ਹਾਸਾ
ਦਿਲ ਮੇਰੇ ਵਿਚ ਆਇਆ ਸੂ ਆਸਾ, ਵੇਖਾਂ ਦੇਸੀ ਕਦੋਂ ਦਿਲਾਸਾ
ਨਾਲ ਪਿਆਰ ਦੇ

A3 MONDAY

Bullha, on Monday, what a cry of departure arises.
Thousands and millions of girls have preceded me. What do I count for?[1]
I am grief-stricken and am overtaken by suffering.
Weeping is my eyes' daily occupation. The beloved does not ask after me. Now I realize he is a corpse slayer who kills those who are already dead.
My struggle is with the one who has speared me. Fire rages in my breast. Separation is a butcher who cuts me up and eats me. I am fed to my beloved.

A4 TUESDAY

On Tuesday the water has come up to my neck; it is about to come up to my lips. I am surrounded by whirlpools. He stands on the bank and watches.
On Tuesday[2] the hearts are prisoners who drown in the rivers of the lord. The shoals roar at midday, coming toward the mouths of the divers, who are slain by the beloved.
He stands on the bank and watches the spectacle. My death is a joke to him. The hope of seeing him has entered my heart. Let me see when he will comfort me with love.

ਅਪ ਬੁੱਧਵਾਰ

ਬੁੱਧ ਸੁੱਧ ਰਹੀ ਮਹਿਬੂਬ ਦੀ, ਸੁੱਧ ਆਪਣੀ ਰਹੀ ਨਾ ਹੋਰ
ਮੈਂ ਬਲਿਹਾਰੀ ਓਸ ਦੇ, ਜੋ ਖਿਚਦਾ ਮੇਰੀ ਡੋਰ
ਬੁੱਧ ਸੁੱਧ ਆ ਗਿਆ ਬੁੱਧਵਾਰ, ਮੇਰੀ ਖ਼ਬਰ ਨਾ ਲਏ ਦਿਲਦਾਰ
ਸੁਖ ਦੁਖ ਤੋਂ ਘੱਤਾਂ ਵਾਰ, ਦੁੱਖਾਂ ਆਣ ਮਿਲਾਇਆ ਯਾਰ
ਪਿਆਰੇ ਤਾਰੀ ਆਂ
ਪਿਆਰੇ ਚੱਲਣ ਨ ਦੇਸਾਂ ਚਲਿਆ, ਲੈ ਕੇ ਨਾਲ ਜ਼ੁਲਫ਼ ਦੇ ਵਲਿਆ
ਉਹ ਚਲਿਆ ਤਾਂ ਮੈਂ ਛਲਿਆ, ਜਾਂ ਮੈਂ ਰਖਸਾਂ ਦਿਲ ਵਿਚ ਰਲਿਆ
ਲੈਸਾਂ ਵਾਰੀਆਂ

ਅਏ ਜੁਮੇਰਾਤ

ਜੁਮੇਰਾਤ ਸੁਹਾਵਣੀ, ਦੁੱਖ ਦਰਦ ਨਾ ਆਹਾ ਪਾਪ
ਉਹ ਜਾਮਾ ਸਾਡਾ ਪਹਿਨ ਕੇ, ਆਇਆ ਤਮਾਸ਼ੇ ਆਪ
ਅੱਗੋਂ ਆ ਗਈ ਜੁਮੇਰਾਤ, ਸ਼ਰਾਬੋਂ ਗਾਗਰ ਮਿਲੀ ਬਰਾਤ
ਲਗ ਗਿਆ ਮਸਤ ਪਿਆਲਾ ਹਾਥ, ਮੈਨੂੰ ਭੁਲ ਗਈ ਜ਼ਾਤ ਸਫ਼ਾਤ
ਦੀਵਾਨੀ ਹੋ ਰਹੀ
ਐਸੀ ਜ਼ਹਿਮਤ ਲੋਕ ਨਾ ਪਾਵਣ, ਮੁੱਲਾਂ ਘੋਲ ਤਵੀਜ਼ ਪਿਲਾਵਣ
ਪੜ੍ਹਨ ਅਜ਼ੀਮਤ ਜਿੰਨ ਬੁਲਾਵਣ, ਸਈਆਂ ਸ਼ਾਹ ਮਦਾਰ ਖਿਡਾਵਣ
ਮੈਂ ਚੁਪ ਹੋ ਰਹੀ

A5 WEDNESDAY

On Wednesday I was left aware only of the beloved, with no consciousness of myself. He tugs my string, and I am devoted to him.

Wednesday has brought awareness.[3] My beloved takes no notice of me. I sacrifice my happiness for suffering. My beloved has come and united me with grief. I am saved by my beloved.

I will not let my beloved depart. May he take me and ensnare me in his tresses. If he leaves I am deceived, but I will still keep him close in my heart. I will sacrifice myself to him.

A6 THURSDAY

Thursday is pleasant. There is no pain or suffering, no sighs or sin. He dresses himself as us and comes himself to watch the spectacle.

Thursday has come upon me. The wedding procession has come with flagons of wine. I am drunk with the cup in my hand. I have forgotten essence and attributes. I am crazy.

People should not trouble me. Mullahs prepare charms for me to drink. They recite spells and invoke jinns. My friends make Shah Madar[4] play. I am silent.

ਅ੭ ਜੁਮ੍ਹਾਂ

ਰੋਜ਼ ਜੁਮ੍ਹੇ ਦੇ ਬਖ਼ਸ਼ੀਆਂ, ਮੈਂ ਜਹੀਆਂ ਔਗਣਹਾਰ
ਫਿਰ ਉਹ ਕਿਉਂ ਨ ਬਖ਼ਸ਼ਸੀ, ਜਿਹੜੀ ਪੰਜ ਮੁਕੀਮ ਗੁਜ਼ਾਰ
ਜੁਮੇ ਦੀ ਹੋਰੋ ਹੋਰ ਬਹਾਰ, ਹੁਣ ਮੈਂ ਜਾਤਾ ਸਹੀ ਸਤਾਰ
ਬੀਬੀ ਬਾਂਦੀ ਬੇੜਾ ਪਾਰ, ਸਿਰ ਤੇ ਕਦਮ ਧਰੇਂਦਾ ਯਾਰ
ਸੁਹਾਗਣ ਹੋ ਰਹੀ
ਆਸ਼ਕ ਹੋ ਹੋ ਗੱਲਾਂ ਦੱਸੇਂ, ਛੋੜ ਮਸ਼ੂਕਾਂ ਕੈਂ ਵਲ ਨੱਸੇ
ਬੁੱਲ੍ਹਾ ਸ਼ਹੁ ਅਸਾਡੇ ਵੱਸੇਂ, ਨਿਤ ਉਠ ਖੇਡੇ ਨਾਲੇ ਹੱਸੇਂ
ਗਲ ਲਗ ਸੋ ਰਹੀ

A7 FRIDAY

On Friday sinners like me are forgiven. So why should forgiveness not be granted to those who recite all five prayers?

Friday brings a special delight.[5] Now I have truly known the pardoner. Whether mistress or maid, the whole boatload is safely across. When the beloved puts his foot on my head, I am a happily married bride.

You become our lover and tell us many things. To whom will you flee after leaving those who love you? Bullha, you dwell with us, lord. You always get up to play and joke with us. I embrace you.

ਬਾਰਾਂ ਮਾਹ

ਬ੧ ਅੱਸੂ

ਅੱਸੂ ਲਿਖੂੰ ਸੰਦੇਸਵਾ, ਮਤ ਵਾਚੇ ਮੋਰਾ ਪੀ
ਗਮਨ ਕੀਆ ਤੁਮ ਕਾਹੇ ਕੋ, ਜੋ ਕਲਮਲ ਆਇਆ ਜੀ
ਅੱਸੂ ਅਸਾਂ ਤੁਸਾਡੀ ਆਸ, ਸਾਡੀ ਜਿੰਦ ਤੁਸਾਡੇ ਪਾਸ
ਜਿਗਰੇ ਮੁੱਢ ਪਰੇਮ ਦੀ ਲਾਸ, ਦੁੱਖਾਂ ਹੱਡ ਸੁਕਾਏ ਮਾਸ
ਸੂਲਾਂ ਸਾੜੀਂ ਆਂ
ਸੂਲਾਂ ਸਾੜੀ ਰਹੀ ਬੇਹਾਲ, ਮੁੱਠੀ ਤਦੋਂ ਨਾ ਗਈਆਂ ਨਾਲ
ਉਲਟੀ ਪਰੇਮ ਨਗਰ ਦੀ ਚਾਲ, ਬੁੱਲ੍ਹਾ ਸ਼ਹੁ ਦੀ ਕਰਮਾਂ ਭਾਲ
ਪਿਆਰੇ ਮਾਰੀ ਆਂ

The Twelve Months

B1 ASSU (SEPTEMBER–OCTOBER)

In Assu I will write a message; perhaps my beloved will read it. Why did you set out when I was restless to see you?

In Assu my hope is in you, and my heart is in your keeping. The core of my heart bears the marks of love. From the beginning it has been scarred by love. My sufferings have consumed my flesh and bones. I am destroyed by pains.

Destroyed by pains, I am beside myself. I was ruined when I did not go with you. The ways of the city of love are perverse. Bullha, I will search for the lord. I am slain by the beloved.

ਬ੨ ਕਤਕ

ਕਹੋ ਕਤਕ ਕੈਸੀ, ਜੋ ਬਣਿਓ ਕਠਨ ਸੋ ਭੋਗ
ਸੀਸ ਕਪਰ ਹਥ ਜੋੜ ਕੇ, ਮਾਂਗੋ ਭੀਖ ਸੰਜੋਗ
ਕਤਕ ਗਿਆ ਤੁੰਬਣ ਕੱਤਣ, ਲੱਗੀ ਚਾਟ ਤਾਂ ਹੋਈ ਅੱਤਣ
ਦਰ ਦਰ ਲੱਗੀ ਧੁੰਮਾਂ ਘੱਤਣ, ਔਖੀ ਘਾਟ ਪੁਚਾਏ ਪੱਤਣ
ਸ਼ਾਮ ਦੇ ਵਾਸਤੇ
ਹੁਣ ਮੈਂ ਮੋਈ ਬੇਦਰਦਾ ਲੋਕਾ, ਕੋਈ ਦਿਓ ਉੱਚੀ ਚੜ੍ਹ ਹੋਕਾ
ਮੇਰਾ ਉਨ ਸੰਗ ਨੇਹੁੰ ਚਿਰੋਕਾ, ਬੁੱਲ੍ਹਾ ਸ਼ਹੁ ਬਿਨ ਜੀਵਨ ਔਖਾ
ਜਾਂਦਾ ਪਾਸ ਤੇ

ਬ੩ ਮੱਘਰ

ਮੱਘਰ ਮੈਂ ਘਰ ਰਹੀਆਂ ਸੋਧ ਕੇ, ਸਭ ਉਚੇ ਨੀਚੇ ਵੇਖ
ਪੜ੍ਹ ਪੰਡਤ ਪੋਥੀ ਭਾਲ ਰਹੇ, ਹਰਿ ਹਰਿ ਸੇ ਰਹੇ ਅਲੇਖ
ਮੱਘਰ ਮੈਂ ਘਰ ਕਿੱਧਰ ਜਾਂਦਾ, ਰਾਕਸ਼ ਨੇਹੁੰ ਹੱਡਾਂ ਨੂੰ ਖਾਂਦਾ
ਸੜ ਸੜ ਜੀਅ ਪਿਆ ਕੁਰਲਾਂਦਾ, ਆਵੇ ਲਾਲ ਕਿਸੇ ਦਾ ਆਂਦਾ
ਬਾਂਦੀ ਹੋ ਰਹਾਂ
ਜੋ ਕੋਈ ਸਾਨੂੰ ਯਾਰ ਮਿਲਾਵੇ, ਸੋਜ਼ੇ ਅਲਮ ਥੀਂ ਸਰਦ ਕਰਾਵੇ
ਚਿਖ਼ਾ ਤੋਂ ਬੈਠੀ ਸਤੀ ਉਠਾਵੇ, ਬੁੱਲ੍ਹਾ ਸ਼ਹੁ ਬਿਨ ਨੀਂਦ ਨ ਆਵੇ
ਭਾਵੇਂ ਸੋ ਰਹਾਂ

B2 KATTAK (OCTOBER–NOVEMBER)

Say, what is Kattak like? Endure whatever difficulties befall you. Use your head as a begging bowl and ask for union as alms.

In Kattak I went to card cotton and to spin. When I fell in love, the spinning party assembled. I went from door to door, loudly crying, "This is a difficult place. Deliver me to a crossing place, for the sake of the dark lord."[1]

Oh cruel people, now I am dead. Let someone arise and loudly shout: "My love for him began long ago. Bullha, life is hard without the lord. He leaves my side."

B3 MAGGHAR (NOVEMBER–DECEMBER)

In Magghar I go through the house, looking from top to bottom. The learned Brahmans search their holy books, but without finding God, who cannot be seen.

Where can I go home to in Magghar? Love is a demon[2] that devours my bones. My heart is consumed and keeps moaning, "I am a captive to anyone who brings my beloved to me."

Whoever brings the beloved to me relieves me from my burning pain. He removes the corpse of the suttee from the pyre on which it lies. Bullha, I cannot rest without my beloved, even though I am sleeping.

ਬ੪ ਪੋਹ

ਪੋਹ ਹੁਣ ਪੂਛੂੰ ਜਾ ਕੇ, ਤੁਮ ਨਿਆਰੇ ਰਹੋ ਕਿਉਂ ਮੀਤ
ਕਿਸ ਮੋਹਨ ਮਨ ਮੋਹ ਲਿਆ, ਜੋ ਪੱਥਰ ਕੀਨੋ ਚੀਤ
ਪਾਪੀ ਪੋਹ ਪਵਨ ਭੱਠ ਪਈਆਂ, ਲੱਦੇ ਹੋਤ ਤਾਂ ਉਘੜ ਗਈਆਂ
ਨਾਂ ਸੰਗ ਮਾਪੇ ਸੱਜਣ ਸਈਆਂ, ਪਿਆਰੇ ਇਸ਼ਕ ਜੁਆਲੇ ਲਈਆਂ
ਦੁੱਖਾਂ ਰੋਲੀ ਆਂ
ਕੜ ਕੜ ਕੱਪਰ ਕੜਕ ਡਰਾਏ, ਮਾਰੂ ਥਲ ਵਿਚ ਡੇਰੇ ਪਾਏ
ਜੀਉਂਦੀ ਮੋਈ ਨੀ ਮੇਰੀ ਮਾਏ, ਬੁੱਲ੍ਹਾ ਸ਼ਹੁ ਕਿਉਂ ਅਜੇ ਨਾ ਆਏ
ਹੰਝੂੰ ਡੋਹਲੀਆਂ

ਬ੫ ਮਾਘ

ਮਾਘੀ ਨ੍ਹਾਵਣ ਮੈਂ ਚਲੀ, ਜੋ ਤੀਰਥ ਕਰ ਸਮਿਆਨ
ਗਜ ਗਜ ਬਰਸੇ ਮੇਘਲਾ, ਮੈਂ ਰੋ ਰੋ ਕਰਾਂ ਇਸ਼ਨਾਨ
ਮਾਘ ਮਹੀਨੇ ਗਏ ਉਲਾਂਘ, ਨਵੀਂ ਮੁਹੱਬਤ ਬਹੁਤੀ ਤਾਂਘ
ਇਸ਼ਕ ਮੁਅੱਜ਼ਨ ਦਿੱਤੀ ਬਾਂਗ, ਪੜ੍ਹਾਂ ਨਮਾਜ਼ ਪੀਆ ਦੀ ਤਾਂਘ
ਦੁਆਈਂ ਕੀ ਕਰਾਂ
ਆਖਾਂ ਪਿਆਰੇ ਮੈਂ ਵਲ ਆ, ਤੇਰੇ ਮੁੱਖ ਵੇਖਣ ਦਾ ਚਾਅ
ਭਾਵੇਂ ਹੋਰ ਤਤੀ ਨੂੰ ਤਾਅ, ਬੁੱਲ੍ਹਾ ਸ਼ਹੁ ਨੂੰ ਆਣ ਮਿਲਾ
ਤੇਰੀ ਹੋ ਰਹਾਂ

B4 POH (DECEMBER–JANUARY)

Now in Poh I go and ask: "Why do you stay away from me, my friend? Who is the lovely girl who has entranced you and turned your heart to stone?"

In the wretched season of Poh, I have fallen into the furnace. They had taken the Hot[3] away by the time my eyes opened. I do not have my parents or my girlfriends with me, beloved. Love for my dear one has burned me with its flame. My sufferings have destroyed me.

With loud noises, the whirlpools roar and terrify me.[4] I am put into the Maru Thal.[5] I am dead though still alive, Mother. Bullha, why has the lord still not come? I shed copious tears.

B5 MAGH (JANUARY–FEBRUARY)

I went to bathe at the Maghi festival,[6] making preparations at the sacred bathing place. The cloud thunders and rains. I weep and bathe in my tears.

In Magh the months pass on. I am filled with new love and great yearning. Love is the muezzin who has announced the call to prayer. The regular prayer that I recite is my yearning for my beloved. What other prayers can I offer?

I say: "Come to me, beloved. I desire to see your face, even though you make my sufferings still more intense. Bullha, come and bring the lord to me. I am yours."

ਬ੬ ਫੱਗਣ

ਫੱਗਣ ਫੂਲੇ ਖੇਤ, ਜਿਉਂ ਬਣ ਤਣ ਫੂਲ ਸ਼ਿੰਗਾਰ
ਹਰ ਡਾਲੀ ਫੁਲ ਪੱਤੀਆਂ, ਗਲ ਫੂਲਨ ਕੇ ਹਾਰ
ਹੋਰੀ ਖੇਲਣ ਸਈਆਂ ਫੱਗਣ, ਮੇਰੇ ਨੈਣ ਝਲਾਰੀਂ ਵੱਗਣ
ਔਖੇ ਜੀਉਂਦਿਆਂ ਦੇ ਦਿਨ ਤੱਗਣ, ਸੀਨੇ ਬਾਣ ਪਰੇਮ ਦੇ ਲੱਗਣ
ਹੋਰੀ ਹੋ ਰਹੀ
ਜੋ ਕੁਝ ਰੋਜ਼ ਅਜ਼ਲ ਥੀਂ ਹੋਈ, ਲਿਖੀ ਕਲਮ ਨਾ ਮੇਟੇ ਕੋਈ
ਦੁੱਖਾਂ ਸੂਲਾਂ ਦਿੱਤੀ ਢੋਈ, ਬੁੱਲ੍ਹਾ ਸ਼ਹੁ ਨੂੰ ਆਖੋ ਕੋਈ
ਜਿਸ ਨੂੰ ਰੋ ਰਹੀ

ਬ੭ ਚੇਤ

ਚੇਤ ਚਮਨ ਵਿਚ ਕੋਇਲਾਂ, ਨਿਤ ਕੂ ਕੂ ਕਰਨ ਪੁਕਾਰ
ਮੈਂ ਸੁਣ ਸੁਣ ਝੁਰ ਝੁਰ ਮਰ ਰਹੀ, ਕਬ ਘਰ ਆਵੇ ਯਾਰ
ਹੁਣ ਕੀ ਕਰਾਂ ਜੋ ਆਇਆ ਚੇਤ, ਬਣ ਬਣ ਫੂਲ ਰਹੇ ਸਭ ਖੇਤ
ਦੇਂਦੇ ਆਪਣਾ ਅੰਤ ਨਾ ਭੇਤ, ਸਾਡੀ ਹਾਰ ਤੁਸਾਡੀ ਜੇਤ
ਹੁਣ ਮੈਂ ਹਾਰੀ ਆਂ
ਹੁਣ ਮੈਂ ਹਾਰਿਆ ਅਪਣਾ ਆਪ, ਤੁਸਾਡਾ ਇਸ਼ਕ ਅਸਾਡਾ ਖਾਪ
ਤੇਰੇ ਨੇਹੁੰ ਜਾ ਸ਼ੂਕਿਆ ਤਾਪ, ਬੁੱਲ੍ਹਾ ਸ਼ਹੁ ਕੀ ਲਾਇਆ ਪਾਪ
ਕਾਰੇ ਹਾਰੀ ਆਂ

B6 PHAGGAN (FEBRUARY–MARCH)

In Phaggan the fields bloom[7] like a girl in her finery who is adorned with flowers. On every branch there are flowers and leaves, and it is garlanded with blossoms.

In Phaggan my girlfriends have gone to play Holi,[8] but torrents of tears flow from my eyes. The days of my life pass with difficulty. The spears of love transfix my breast, while Holi is being celebrated.

From the day of pre-eternity,[9] whatever I was to be was written by the pen of fate, which no one can erase. Grief and pain were given admittance. Bullha, let someone go and tell the lord, the one for whom I weep.

B7 CHET (MARCH–APRIL)

In Chet the *koil* birds[10] keep cooing and calling in the garden. Listening to them, I die of grief. When will my beloved come home?

What can I do now that Chet has come? All the fields are decked out with blossoms. In the end, he does not reveal his secret. My defeat is your victory, and now I am defeated.

Now I have brought about my own defeat. My love for you is the death of me. I suffer the fever of your love. Bullha, what sin brought about my defeat?

ਬ੮ ਵਿਸਾਖ

ਬਸਾਖੀ ਦਾ ਦਿਨ ਕਠਨ ਹੈ, ਜੇ ਸੰਗ ਮੀਤ ਨਾ ਹੋ
ਮੈਂ ਕਿਸ ਕੇ ਆਗੇ ਜਾ ਕਹੂੰ, ਇਕ ਮੰਡੀ ਭਾ ਦੋ
ਨਾ ਮਨ ਭਾਵੇ ਸੁੱਖ ਬਸਾਖ, ਗੁੱਛੀਆਂ ਪਈਆਂ ਪੱਕੀ ਦਾਖ
ਲਾਖੀ ਲੈ ਘਰ ਆਇਆ ਲਾਖ, ਤਾਂ ਮੈਂ ਬਾਤ ਨਾ ਸੱਕਾਂ ਆਖ
ਕੌਂਤਾਂ ਵਾਲੀਆਂ
ਕੌਂਤਾਂ ਵਾਲੀਆਂ ਡਾਢਾ ਜ਼ੋਰ, ਹੁਣ ਮੈਂ ਝੁਰ ਝੁਰ ਹੋਈ ਆਂ ਮੋਰ
ਕੰਡੇ ਪੁੜੇ ਕਲੇਜੇ ਜ਼ੋਰ, ਬੁੱਲ੍ਹਾ ਸ਼ਹੁ ਬਿਨ ਕੋਈ ਨਾ ਹੋਰ
ਜਿਨ ਘਤ ਗਾਲੀ ਆਂ

ਬ੯ ਜੇਠ

ਜੇਠ ਜੇਹੀ ਮੇਰੇ ਅਗਨ ਹੈ, ਜਬ ਕੇ ਬਿਛੜੇ ਮੀਤ
ਸੁਣ ਸੁਣ ਘੁਣ ਘੁਣ ਝੁਰ ਮਰੂੰ, ਜੋ ਤੁਮਰੀ ਯੇਹ ਪਰੀਤ
ਲੂਆਂ ਧੁੱਪਾਂ ਪੈਂਦੀਆਂ ਜੇਠ, ਮਜਲਿਸ ਬਹਿੰਦੀ ਬਾਗ਼ਾ ਹੇਠ
ਤੱਤੀ ਠੰਡੀ ਵੱਗੇ ਪੇਠ, ਦਫ਼ਤਰ ਕੱਢ ਪੁਰਾਣੇ ਸੇਠ
ਮਹੁਰਾ ਖਾਣੀ ਆਂ
ਅਜ ਕਲ ਸੱਦ ਹੋਈ ਅਲਬੱਤਾ, ਹੁਣ ਮੈਂ ਆਹ ਕਲੇਜਾ ਤੱਤਾ
ਨਾ ਘਰ ਕੌਂਤ ਨਾ ਦਾਣਾ ਭੱਤਾ, ਬੁੱਲ੍ਹਾ ਸ਼ਹੁ ਬੋਰਾਂ ਸੰਗ ਰੱਤਾ
ਸੀਨੇ ਕਾਨੀਆਂ

B8 VISAKH (APRIL–MAY)

The day of Vaisakhi[11] is difficult, if the beloved is not with me. To whom should I go and ask for different treatment?

There are no joys to please my heart in Visakh, though bunches of ripe grapes hang on the vine. The bangle seller has brought his bangles to the house, but I cannot say anything before the other women. They have their husbands.[12]

They have their husbands and are full of strength. But now I grieve like the peacock.[13] My heart is sorely pierced by thorns. Bullha, I have no one except the beloved, who has possessed me.

B9 JETH (MAY–JUNE)

I burn with a fire like the heat of Jeth, since I became separated from my beloved. Hearing of your indifference, I anxiously waste away. This is what your love is like.

Hot winds blow and the sun is fierce in Jeth. The gathering assembles in the shade of the gardens. Rates have gone up.[14] The merchants draw up their long-standing accounts. I must take poison.

I am certainly going to be called for soon. Oh, my heart is on fire. My bridegroom is not at home, and I do not have any food to live on. Bullha, the lord is engrossed with others. Arrows pierce my breast.

ਬ੧੦ ਹਾੜ੍ਹ

ਹਾੜ੍ਹ ਸੋਹੇ ਮੋਹੇ ਝਟਪਟੇ, ਜੋ ਲੱਗੀ ਪਰੇਮ ਕੀ ਆਗ
ਜਿਸ ਲਾਗੇ ਤਿਸ ਜਲ ਬੁਝੇ, ਜੋਂ ਭੌਰ ਜਲਾਵੇ ਭਾਗ
ਹੁਣ ਕੀ ਕਰਾਂ ਜੋ ਆਇਆ ਹਾੜ੍ਹ, ਤਨ ਵਿਚ ਇਸ਼ਕ ਤਪਾਇਆ ਭਾੜ
ਤੇਰੇ ਇਸ਼ਕ ਨੇ ਦਿੱਤਾ ਸਾੜ, ਰੋਵਣ ਅੱਖੀਆਂ ਕਰਨ ਪੁਕਾਰ
ਤੇਰੇ ਹਾਵੜੇ
ਹਾੜ੍ਹੇ ਘੱਤਾਂ ਸ਼ਾਮੇ ਅੱਗੇ, ਕਾਸਦ ਲੈ ਕੇ ਪਾਤਰ ਵੱਗੇ
ਕਾਲੇ ਗਏ ਤੇ ਆਏ ਬੱਗੇ, ਬੁੱਲ੍ਹਾ ਸ਼ਹੁ ਬਿਨ ਜ਼ਰਾ ਨਾ ਤੱਗੇ
ਸ਼ਾਮੇ ਬਾਹਵੜੇ

ਬ੧੧ ਸਾਵਣ

ਸਾਵਣ ਸੋਹੇ ਮੇਘਲਾ, ਘਟ ਸੋਹੇ ਕਰਤਾਰ
ਠੋਰ ਠੋਰ ਇਨਾਇਤ ਬਸੇ, ਪਪੀਹਾ ਕਰੇ ਪੁਕਾਰ
ਸੋਹਣ ਮਲ੍ਹਾਰਾਂ ਸਾਰੇ ਸਾਵਣ, ਦੂਤੀ ਦੁਖ ਲੱਗੇ ਉਠ ਜਾਵਣ
ਨੀਂਗਰ ਖੇਡਣ ਕੁੜੀਆਂ ਗਾਵਣ, ਮੈਂ ਘਰ ਰੰਗ ਰੰਗੀਲੇ ਆਵਣ
ਆਸਾਂ ਪੁੰਨੀਆਂ
ਮੇਰੀਆਂ ਆਸਾਂ ਰੱਬ ਪੁਚਾਈਆਂ, ਮੈਂ ਤਾਂ ਉਨ ਸੰਗ ਅੱਖੀਆਂ ਲਾਈਆਂ
ਸਈਆਂ ਦੇਣ ਮੁਬਾਰਕ ਆਈਆਂ, ਸ਼ਾਹ ਇਨਾਇਤ ਆਖਾਂ ਸਾਈਆਂ
ਆਸਾਂ ਪੁੰਨੀਆਂ

B10 HARH (JUNE–JULY)

On fire with love, I enjoy Harh early in the morning.[15] Anyone who has experienced love understands its burning power, like the moth[16] that destroys its allotted life in the flame.

Now that Harh has come, what shall I do? In my body love has heated a furnace. My love for you has consumed me. My eyes weep and utter supplications as I yearn for you.

I make entreaties before the dark lord.[17] Messengers take my letters and run. They departed black and have returned white.[18] Bullha has no power of endurance without the lord. May the dark lord come to my aid.

B11 SAVAN (JULY–AUGUST)

The clouds look lovely in Savan, the creator looks lovely in the heart. "In every place Inayat dwells," calls the *papīhā* bird.[19]

The songs of the rainy season[20] sound lovely throughout Savan. My enemies suffer pain and depart. The boys play and the girls sing. My house is filled with delights. My hopes are fulfilled.

The lord has fulfilled my hopes. I have gazed upon him in love. My girlfriends have come to congratulate me. I say to Shah Inayat, "Lord, my hopes are fulfilled."

ਬ੧੨ ਭਾਦੋਂ

ਭਾਦੋਂ ਭਾਵੇ ਤਬ ਸਖੀ, ਜੋ ਪਲ ਪਲ ਹੋਵੇ ਮਿਲਾਪ
ਜੋ ਘਟ ਦੇਖੂੰ ਖੋਲ ਕੇ, ਘਟ ਘਟ ਦੇ ਵਿਚ ਆਪ
ਆ ਹੁਣ ਭਾਦੋਂ ਭਾਗ ਜਗਾਇਆ, ਸਾਹਿਬ ਕੁਦਰਤ ਸੇਤੀ ਆਇਆ
ਹਰ ਹਰ ਦੇ ਵਿਚ ਆਪ ਸਮਾਇਆ, ਸ਼ਾਹ ਇਨਾਇਤ ਆਪ ਲਖਾਇਆ
ਤਾਂ ਮੈਂ ਲਖਿਆ
ਆਖ਼ਰ ਉਮਰੇ ਹੋਈ ਤਸੱਲਾ, ਪਲ ਪਲ ਮੰਗਣ ਨੈਣ ਤਜੱਲਾ
ਜੋ ਕੁਝ ਹੋਸੀ ਕਰਸੀ ਅੱਲ੍ਹਾ, ਬੁੱਲ੍ਹਾ ਸ਼ਹੁ ਬਿਨ ਕੁਝ ਨਾ ਭੱਲਾ
ਪਰੇਮ ਰਸ ਚਖਿਆ

B12 BHADON (AUGUST–SEPTEMBER)

Bhadon is pleasing, dear girlfriend, when we are together all the time. In every heart that I open to look into, it is he who is there inside.

Come now, Bhadon has made my fortune bright. Through his divine power, the lord has come. He is contained in everything. I behold Shah Inayat, when he lets himself be seen.

At the end of life there was consolation. At every moment the eyes beg for the sight of his glory. Whatever happens is determined by God. Bullha, nothing is good without the lord. I have tasted the delight of love.

ਗੰਢਾਂ

ਗ੧

ਕਹੋ ਸੁਰਤੇ ਗੱਲ ਕਾਜ ਦੀ, ਮੈਂ ਗੰਢਾਂ ਕੀਤੀਆਂ ਪਾਊਂ
ਸਾਹੇ ਤੇ ਜੰਜ ਆਵਸੀ, ਹੁਣ ਚਾਲੀ ਗੰਢ ਘਤਾਊਂ
ਬਾਬਲ ਆਖਿਆ ਆਣ ਕੇ, ਤੈਂ ਸਾਹਵਰਿਆਂ ਘਰ ਜਾਣਾ
ਰੀਤ ਓਥੋਂ ਦੀ ਔਰ ਹੈ, ਮੁੜ ਪੈਰ ਨਾ ਏਥੇ ਪਾਣਾ
ਗੰਢ ਪਹਿਲੀ ਨੂੰ ਖੋਲ੍ਹ ਕੇ, ਮੈਂ ਬੈਠੀ ਬਰਲਾਵਾਂ
ਓੜਕ ਜਾਵਣ ਜਾਵਣਾ, ਮੈਂ ਦਾਜ ਰੰਗਾਵਾਂ
ਦੇਖੂੰ ਤਰਫ਼ ਬਜ਼ਾਰ ਦੀ, ਸਭ ਰਸਤੇ ਲਾਗੇ
ਪੱਲੇ ਨਹੀਂ ਰੋਕੜੀ, ਸਭ ਮੁਝ ਸੇ ਭਾਗੇ

ਗ੨

ਦੂਜੀ ਖੋਹਲੂੰ ਕਿਆ ਕਹੂੰ, ਦਿਨ ਥੋੜੇ ਰਹਿੰਦੇ
ਸੂਲ ਸੱਭੇ ਰਲ ਆਂਵਦੇ, ਸੀਨੇ ਵਿਚ ਬਹਿੰਦੇ
ਝਲ ਵਲੱਲੀ ਮੈਂ ਹੋਈ, ਤੰਦ ਕੱਤ ਨਾ ਜਾਣਾਂ
ਜੰਜ ਐਵੇਂ ਰਲ ਆਵਸੀ, ਜਿਉਂ ਚੜ੍ਹਦਾ ਠਾਣਾ

The Forty Knots

G1

Tell me about the wedding ceremony, you who know so much; how many knots should I tie? On the appointed day the bridegroom's party will come, so now I will tie forty knots. My father came and told me, "You must go to your in-laws. Things are different there, and you will not set foot here again."

I undo the first knot, and start jabbering: "I will have to go eventually, so I will get my dowry clothes dyed." When I look in the direction of the bazaar, everyone has set out. I have no cash on me, and everyone runs away from me.

G2

I undo the second knot, and what can I say? Few days remain. Sharp pains gather and settle in my breast. I have lost my wits and do not know how to spin yarn. The bridegroom's party will arrive like the police on a raid.

ਗ। ੩

ਤੀਜੀ ਖੋਹਲੂੰ ਦੂੱਖ ਸੇ, ਰੋਂਦੇ ਨੈਣ ਨਾ ਹਟਦੇ
ਕਿਸ ਨੂੰ ਪੁੱਛਾਂ ਜਾਇ ਕੇ, ਦਿਨ ਜਾਂਦੇ ਘਟਦੇ
ਗੁਣ ਵਾਲੀਆਂ ਸਭ ਪਿਆਰੀਆਂ, ਮੈਂ ਕੋ ਗੁਣ ਨਾਹੀਂ
ਹੱਥ ਮਲੇ ਮਲ ਸਿਰ ਧਰਾਂ, ਮੈਂ ਰੋਵਾਂ ਢਾਹੀਂ

ਗ। ੪

ਚੌਥੀ ਖੁੱਲ੍ਹੀ ਕਿਆ ਹੂਆ, ਰਲ ਆਵਣ ਸਈਆਂ
ਦਰਦ ਕਿਸੇ ਨਾ ਕੀਤਿਆ, ਸਭ ਤਜ ਘਰ ਗਈਆਂ
ਵਤਨ ਬੇਗਾਨਾ ਵੇਖਣਾ, ਕੀ ਕਰੀਏ ਮਾਣਾ
ਬਾਬਲ ਪਕੜ ਚਲਾਵਸੀ, ਦਾਈ ਬਿਨ ਜਾਣਾ

ਗ। ੫

ਪੰਜਵੀਂ ਖੋਹਲੂੰ ਕੂਕ ਕੇ, ਕਰ ਸੋਜ਼ ਪੁਕਾਰਾਂ
ਪਹਿਲੀ ਰਾਤ ਡਰਾਵਣੀ, ਕਿਉਂ ਦਿਲੋਂ ਵਿਸਾਰਾਂ
ਮੁੱਦਤ ਥੋੜ੍ਹੀ ਆ ਰਹੀ, ਕੀਵੇਂ ਦਾਜ ਬਣਾਵਾਂ
ਜਾ ਆਖੋ ਘਰ ਸਾਹਵਰੇ, ਗੰਢ ਲਾਗ ਵਧਾਵਾਂ

G3

I undo the third knot, and from sorrow my eyes cannot stop weeping. To whom can I go and ask? The days keep growing less. The girls with virtues are all loved, but there is no virtue in me. Wringing my hands and putting dirt on my head, I weep bitterly.

G4

When I undid the fourth knot, what happened? My girlfriends gathered and came. None of them suffered pain; they all left home and went. We have to behold a strange country, so why be full of pride? My father will seize me and send me on my way; I will have to go without my nanny.

G5

When I undo the fifth knot, I scream and cry out in burning pain. The first night is terrifying; how can my heart forget it? Only a short period is still to come; how can I get my dowry prepared? Go to the in-laws' house, and I will increase your wedding fee.[1]

ਗ ੬

ਗੰਢ ਛੇਵੀਂ ਮੈਂ ਖੋਲ੍ਹ ਕੇ, ਜਗ ਦੇਂਦੀ ਹੋਕਾ
ਘਰ ਪਈ ਮਹਿਮਾਨ ਹਾਂ, ਕੀ ਕਰੀਏ ਲੋਕਾ
ਲੱਗਾ ਫ਼ਿਕਰ ਫ਼ਰਾਕ ਦਾ, ਕੀ ਕਰੀਏ ਕਾਰਾਂ
ਰੋਵਣ ਅੱਖੀਂ ਮੇਰੀਆਂ, ਜਿਉਂ ਵਗਣ ਝਲਾਰਾਂ

ਗ ੭

ਸੱਤਵੀਂ ਗੰਢ ਚਾ ਖੋਲ੍ਹੀਆਂ, ਮੈਂ ਓਸੇ ਹੀਲੇ
ਰੋ ਰੋ ਹਾਲ ਵੰਜਾਇਆ, ਰੰਗ ਸਾਵੇ ਪੀਲੇ
ਸੂਲ ਅਸਾਂ ਨਾਲ ਖੇਡਦੇ, ਨਹੀਂ ਹੋਸ਼ ਸੰਭਾਲੇ
ਹੁਣ ਦੱਸੋ ਸੰਗ ਸਹੇਲੀਓ, ਕੋਈ ਚਲਸੋ ਨਾਲੇ

ਗ ੮

ਅੱਠਵੀਂ ਨੂੰ ਹੱਥ ਡਾਲਿਆ, ਮੈਂ ਹੋਈ ਦੀਵਾਨੀ
ਜੀਵਨ ਮਿਸਲ ਹੁਬਾਬ ਹੈ, ਮਛਲੀ ਬਿਨ ਪਾਣੀ
ਦੁਖ ਦਰਦ ਅਵੱਲੇ ਆਣ ਕੇ, ਹੁਣ ਲਹੂ ਪੀਂਦੇ
ਬਿਰਹੋਂ ਦੀ ਦੁਕਾਨ ਤੇ, ਸਾਡੇ ਘਾੜ ਘੜੀਂਦੇ

G6

Undoing the sixth knot, I cry out to the world. I am a guest in this house, oh people, what shall I do? I have become anxious about separation, but what can I do about it? My eyes weep like flowing torrents.

G7

I have undone the seventh knot by that same trick. I weep and bewail my fate; my face has become blotched. Sharp pains play with me; I cannot come to my senses. Now tell me, my girlfriends, will anyone go with me?

G8

When I laid hold of the eighth knot, I went mad. Life is like a bubble, or like being a fish out of water. Unpleasant griefs and pains have now come to drink my blood. I am being shaped in the workshop of separation.

ਗ੯

ਨਾਵੀਂ ਨੂੰ ਚਾ ਖੋਲ੍ਹਿਆ, ਦਿਨ ਰਹਿੰਦੇ ਥੋੜ੍ਹੇ
ਮੈਂ ਪੂਣੀ ਕੱਤ ਨਾ ਜਾਤੀਆ, ਅਜੇ ਰਹਿੰਦੇ ਗੋਹੜੇ
ਮੈਂ ਤਰਲੇ ਲੈਂਦੀ ਡਿਗ ਪਈ, ਕੋਈ ਢੋ ਨਾ ਹੋਇਆ
ਗ਼ਫ਼ਲਤ ਘਤ ਉਜਾੜੀਆ, ਅੱਗੋਂ ਖੇਡ ਵਿਗੋਇਆ

ਗ੧੦

ਦਸਵੀਂ ਗੰਢ ਮੈਂ ਖੋਲ੍ਹੀ, ਕਿਉਂ ਜੰਮਦੀ ਆਹੀ
ਸਭ ਕਬੀਲਾ ਦੇਸ ਥੀਂ, ਵੀਦੇਸ ਤਰਾਹੀ
ਅੰਬੜ ਘੁੱਟੀ ਦੇਂਦੀਏ, ਜੇ ਜ਼ਹਿਰ ਰਲਾਵੇਂ
ਮੈਂ ਛੁੱਟਦੀ ਏਸ ਅਜ਼ਾਬ ਤੋਂ, ਤੂੰ ਜਿੰਦ ਛੁਡਾਵੇਂ

ਗ੧੧

ਯਾਰ੍ਹਾਂ ਗੰਢੀਂ ਖੋਲ੍ਹੀਆਂ, ਮੈਂ ਹਿਜਰੇ ਮਾਰੀ
ਗਈਆਂ ਸਈਆਂ ਸਾਹੁਰੇ, ਹੁਣ ਮੇਰੀ ਵਾਰੀ
ਬਾਂਹ ਸਰਹਾਣੇ ਦੇ ਕਦੀ ਅਸੀਂ, ਮੂਲ ਨਾ ਸੌਂਦੇ
ਫੱਟਾਂ ਉੱਤੇ ਲੂਣ ਹੈ, ਫੱਟ ਸਿੰਮਦੇ ਲੌਂਦੇ

G9

I quickly undid the ninth knot, and few days are left.
I did not know how to spin the cotton roll; the carded cotton is still in balls waiting to be spun. I pleaded and fell down, but gained no admittance. Inattention has ruined me, and playing about has destroyed me.

G10

I opened the tenth knot. Why was I born? The whole clan has chased me from home, away to foreign parts. Oh mother who gave me my first dose,[2] if you had mixed it with poison, I should have escaped this torment and you would have been rid of all this trouble.

G11

I have undone eleven knots. I am slain by separation.
My girlfriends have gone to their in-laws; now it is my turn. I am quite unable to relax and sleep properly. Salt is rubbed in my wounds, they ooze and erupt.

ਗ੧੨

ਗੰਢ ਖੋਲ੍ਹੀ ਮੈਂ ਬਾਰ੍ਹਵੀਂ, ਕੀ ਹੋਗ ਤਮਾਸ਼ਾ
ਜਿਸ ਲਾਗੀ ਤਿਸ ਪੀੜ ਹੈ, ਜਗ ਜਾਣੇ ਹਾਸਾ
ਇਕ ਗਏ ਨਾ ਚਿਤ ਬਾਹੁੜੇ, ਜਿਤ ਚਿਤ ਕੇ ਹਰਦੀ
ਇਹਨੀਂ ਅੱਖੀਂ ਵੇਖਿਆ, ਹੋਇ ਖ਼ਾਕ ਕਬਰ ਦੀ

ਗ੧੩

ਤੇਰਾਂ ਗੰਢਾਂ ਖੋਲ੍ਹੀਆਂ, ਨੈਣ ਲਹੂ ਰੋਂਦੇ
ਹੋਇਆ ਸਾਥ ਉਤਾਵਲਾ, ਧੋਬੀ ਕਪੜੇ ਧੋਂਦੇ
ਸੱਜਣ ਚਾਦਰ ਤਾਣ ਕੇ, ਸੁੱਤਾ ਵਿਚ ਹੁਜਰੇ
ਅਜੇ ਭੀ ਉਹ ਨਾ ਜਾਗਿਆ, ਦਿਨ ਕਿਤਨੇ ਗੁਜ਼ਰੇ

ਗ੧੪

ਚੌਦਾਂ ਗੰਢੀ ਖੋਲ੍ਹੀਆਂ, ਲਹੁ ਪੀਣਾ ਖਾਣਾ
ਜਿਨ ਰਾਹਾਂ ਵਿਚ ਧਾੜਵੀ, ਤਿਨ੍ਹੀਂ ਰਾਹੀਂ ਜਾਣਾ
ਲੱਗੀ ਚੋਟ ਫ਼ਰਾਕ ਦੀ, ਦੇ ਕੌਣ ਦਿਲਾਸਾ
ਸਖ਼ਤ ਮੁਸੀਬਤ ਇਸ਼ਕ ਦੀ, ਰੱਤ ਰਹੀ ਨ ਮਾਸਾ

G12

I have undone the twelfth knot. Now what a sight there will be to see. Those who have experienced it know what pain is; the world thinks it is a joke. Some have gone and not returned, as God wills.[3] These eyes have seen that all turn to dust in the grave.

G13

I have undone thirteen knots. My eyes shed tears of blood. My companions are impatient. The washermen are washing the clothes. My beloved is comfortably asleep in his room. He has still not woken up, although many days have passed.

G14

I have undone fourteen knots. My blood is my food and drink. I must go by roads that are infested with bandits. I have been smitten by the blow of separation. Who will give me comfort? The calamity of love is harsh; I have no blood or flesh left.

ਗ੧੫

ਪੰਦਰਾਂ ਟੁੱਟੇ ਰੋਜ਼ ਨੇ, ਕਰਾਂ ਨਾਅਰੇ ਆਹੀਂ
ਦੱਸਿਆ ਸਭ ਨਜੂਮੀਆਂ, ਏਥੇ ਰਹਿਣਾ ਨਾਹੀਂ
ਪੰਦਰਾਂ ਪੁੰਨੇ ਰੋਜ਼ ਨੇ, ਆਖ਼ਰ ਕਰਦੀ ਆਹੀਂ
ਸ਼ਹਿਰ ਖ਼ਮੋਸ਼ਾ ਜਾਵਣਾ, ਖ਼ਾਮੋਸ਼ ਹੋ ਜਾਈਂ

ਗ੧੬

ਸੋਲਾਂ ਗੰਢੀਂ ਖੋਲ੍ਹੀਆਂ, ਮੈਂ ਹੋਈ ਨਿਮਾਣੀ
ਏਥੇ ਪੇਸ਼ ਕਿਸੇ ਨਾ ਜਾਸੀਆ, ਨਾ ਅੱਗੇ ਜਾਣੀ
ਏਥੇ ਆਵਣ ਕੇਹਾ ਏ ਹੋਇਆ, ਜੋਗੀ ਦਾ ਫੇਰਾ
ਅੱਗੇ ਜਾ ਕੇ ਬਾਰ ਨਾ, ਵਿਚ ਕੱਲਰ ਡੇਰਾ

ਗ੧੭

ਸਤਾਰਾਂ ਗੰਢੀਂ ਖੋਲ੍ਹੀਆਂ, ਸੂਲਾਂ ਦੇ ਹਾੜੀ
ਮੋਇਆਂ ਨੂੰ ਦੁਖ ਮਾਰਦਾ, ਫੜ ਜ਼ੁਲਮ ਕਟਾਰੀ
ਤਨ ਹੋਲਾਂ ਸੂਲਾਂ ਵੇੜ੍ਹੀਆਂ, ਰੰਗ ਜਿਉਂ ਫੁਲ ਤੋਰੀ
ਆਏ ਏਸ ਜਹਾਨ ਤੇ, ਇਹੋ ਕੀਤੀ ਚੋਰੀ

G15

Fifteen days are over. I cry out and sigh. The astrologers have all told me that I cannot remain here. Fifteen days are completed, and finally I heave deep sighs. If you must go to the city of the silent,[4] go in silence.

G16

I have undone sixteen knots. I have become wretched. No one can do anything here, nor will they be able to do so in the hereafter. Our coming here is like the passing tour of a yogi.[5] Ahead of you there lies no open door; your lodging will be in the barren wasteland.

G17

I have undone seventeen knots. It is the harvest time of agonies. Grief grips the dagger of cruelty and slays the dead. My body is beset by dread and pain, my color is like that of the *torī*[6] flower. I came into this world, and this was the robbery that I committed.

ਗ੧੮

ਖੋਲ੍ਹਾਂ ਗੰਢ ਅਠਾਰਵੀਂ, ਦਿਲ ਕਰਕੇ ਰਾਜ਼ੀ
ਇਹ ਚਾਰ ਦਿਨਾਂ ਦੀ ਖੇਡ ਹੈ, ਹੁਜਰੇ ਦੀ ਬਾਜ਼ੀ
ਜਿਨ੍ਹਾਂ ਵਿਚ ਫ਼ਰਾਕ ਹੈ, ਉਹ ਵੈਂਦੇ ਮਰਦੇ
ਨਕਾਰੇ ਵੱਜਣ ਕੂਚ ਦੇ, ਮੈਂ ਸਿਰ ਪਰ ਬਰਦੇ

ਗ੧੯

ਉੱਨੀ ਗੰਢੀਂ ਖੋਲ੍ਹੀਆਂ, ਮੈਂ ਸੂਲ ਪਸਾਰਾ
ਹੁਣ ਇਹ ਦੇਸ ਬਦਾਰਿਆ, ਵੇਖ ਹਾਲ ਹਮਾਰਾ
ਕਿੰਨੀ ਭੈਣੀਂ ਚਾਚੀਆਂ, ਉੱਠ ਕੋਲੋਂ ਗਈਆਂ
ਕੋਈ ਦੱਸ ਨਾ ਪਾਉਂਦਾ, ਉਹ ਕੈਂ ਵਲ ਗਈਆਂ

ਗ੨੦

ਵੀਹ ਗੰਢੀਂ ਫੋਲ ਖੋਲ੍ਹੀਆਂ, ਹੁਣ ਕਿਤ ਵਲ ਭਾਗੂੰ
ਲੱਗੀ ਚੇਟਕ ਔਰ ਹੈ, ਸੋਊਂ ਨਾ ਜਾਗੂੰ
ਪੰਜ ਮਹਿਮਾਨ ਸਿਰ ਉੱਤੇ, ਸੋ ਪੰਜੇ ਬਾਕੀ
ਜਿਸ ਮੁਸੀਬਤ ਇਹ ਬਣੀ, ਤਿਸ ਬਖ਼ਤ ਫ਼ਰਾਕੀ

G18

I undo the eighteenth knot, making my heart content. The game of the chamber of this world is a sport that lasts only a few days. Those who experience separation keep dying. The departure drums sound, and the agents of death are upon me.

G19

I have undone nineteen knots. Agonies spread within me. Now this land is destructive. See what a state I am in. So many cousins have got up and gone away from me. No one can tell where they have gone.

G20

I have undone twenty knots. Now where shall I run? I have been gripped by fresh concern; I am neither asleep nor awake. Five guests[7] are upon me and five remain. The trouble I have fallen into is the fate of separation.

ਗ੨੧

ਇੱਕੀ ਖੋਹਲੂੰ ਕਿਉਂ ਨਹੀਂ, ਮੇਰੇ ਮਗਰ ਪਿਆਦੇ
ਤੇਲ ਚੜ੍ਹਇਆ ਸੋਜ਼ ਦਾ, ਅਸਾਂ ਹੋਰ ਤਕਾਦੇ
ਜੀਵਣ ਜੀਣਾ ਸਾਰ ਕਾ, ਮਾਈਆਂ ਮੂੰਹ ਪਾਏ
ਐਸੀ ਪੂੰਨੀ ਵੇਖ ਕੇ, ਉਦਾਸੀ ਆਏ

ਗ੨੨

ਬਾਈ ਖੋਹਲੂੰ ਪਹੁੰਚ ਕੇ, ਸਭ ਮੀਰਾਂ ਮਲਕਾਂ
ਉਹਨਾਂ ਡੇਰਾ ਕੂਚ ਹੈ, ਮੈਂ ਖੋਹਲਾਂ ਪਲਕਾਂ
ਅਪਣਾ ਰਹਿਣਾ ਕੀ ਕਰਾਂ, ਕਿਹੜੇ ਬਾਗ਼ ਦੀ ਮੂਲੀ
ਖ਼ਾਲੀ ਜਗ ਵਿਚ ਆਇਕੇ, ਸੁਫ਼ਨੇ ਪਰ ਭੂਲੀ

ਗ੨੩

ਤੇਈ ਜੋ ਕਹੂੰ ਖੋਲ੍ਹੀਆਂ, ਵਿਚ ਆਪ ਸਮਾਣਾ
ਹੱਥੋਂ ਸੁੱਟਾਂ ਟੋਰ ਕੇ, ਕਿਵੇਂ ਵੇਖ ਪਛਾਣਾਂ
ਉਲਟੀ ਫਾਹੀ ਪੈ ਗਈ, ਦੂਜਾ ਸਾਥ ਪੁਕਾਰੇ
ਪੁਰਜ਼ੇ ਪੁਰਜ਼ੇ ਮੈਂ ਹੋਈ, ਦਿਲ ਪਾਰੇ ਪਾਰੇ

G21

Why should I not undo the twenty-first knot? The constables pursue me. After being anointed with the oil of burning passion, I am in further difficulties. My life is as hard as a piece of iron, placed in my mouth by the older women.[8] I have seen that my sad destiny is fulfilled.

G22

I undo the twenty-second knot, after arriving in a place where all are lords and kings. But they must all leave their camp when I open my eyes. What can I do about staying myself? Which garden's radish am I?[9] I came empty-handed into the world, and I was deluded by a dream.

G23

I undo the twenty-third knot. He is contained within me. I break my bangles and throw them away. How can I see and recognize him? An unlucky noose has fallen on me, and the company cries out. I am in pieces and my heart is in fragments.

ਗ੨੪

ਚੱਵ੍ਹੀ ਖੋਹਲੂੰ ਖੋਲ੍ਹਦੀ, ਚੁੱਕ ਪਵਣ ਨਬੇੜੇ
ਸਹਿਮ ਜਿਨ੍ਹਾਂ ਦੇ ਮਾਰੀਆਂ, ਸੋਈ ਆਏ ਨੇੜੇ
ਤੇਵਰ ਬੇਵਰ ਨਾ ਹੋਇਆ, ਨਾ ਜ਼ੇਵਰ ਗਹਿਣੇ
ਤਾਅਨੇ ਦੇਣੇ ਦੇਵਰਾਂ, ਚੁੱਪ ਕੀਤਿਆਂ ਸਹਿਣੇ

ਗ੨੫

ਮੈਂ ਖੋਲ੍ਹਾਂ ਗੰਢ ਪਚੀਸਵੀਂ, ਦੁੱਖਾਂ ਵਲ ਮੇਲਾਂ
ਹੰਝੂਆਂ ਦੇ ਗਲ ਹਾਰ ਨੀ, ਅਸਾਂ ਦਰਦ ਹਮੇਲਾਂ
ਵਟਨਾ ਮਲਿਆ ਸੋਜ਼ ਦਾ, ਤਲਖ਼ ਤੁਰਸ਼ ਸਿਆਪੇ
ਨਾਲ ਦੋਹਾਂ ਦੇ ਚੱਲਣਾ, ਬਣ ਆਇਆ ਜਾਪੇ

ਗ੨੬

ਛੱਬੀ ਗੰਢੀਂ ਇਮਾਮ ਹੈ, ਕਦੀ ਫੇਰ ਨਾ ਪਾਇਆ
ਉਮਰ ਤੋਸ਼ਾ ਪੰਜ ਰੋਜ਼ ਹੈ, ਸੋ ਲੇਖੇ ਆਇਆ
ਪਿਆਲੇ ਆਏ ਮੌਤ ਦੇ, ਇਹ ਸਭ ਨੇ ਪੀਣੇ
ਇਹ ਦੁੱਖ ਅਸਾਡੇ ਨਾਲ ਹੀ, ਸਹਿਜਾਈ ਕੀਨੇ

G24

I undo the twenty-fourth knot. As I do so, all troubles are removed. The one of whom I am mortally afraid has drawn near. I have no two- or three-piece outfits,[10] no ornaments or jewels. My husband's younger brothers[11] will taunt me, and I must suffer their taunts.

G25

As I undo the twenty-fifth knot, I gather griefs. Around my neck I wear tears as a garland and pain as a necklace. I have rubbed on the cleanser[12] of burning pain, and my mourning laments are sour and bitter. I must go with the pair;[13] it seems my time has come.

G26

In the twenty-six knots there is the leading bead,[14] which is never turned. Life is a five days' supply, which comes as determined by fate. The cups of death have come and must be drunk by everyone. These sufferings go with us, made to be our close companions.

ਗ੨੭

ਸਤਾਈ ਖੋਲ੍ਹ ਸਹੇਲੀਓ, ਸਭ ਜਤਨ ਸਿਧਾਇਆ
ਦੋ ਨੈਣਾਂ ਨੇ ਰੋਂਦਿਆਂ, ਮੀਂਹ ਸਾਵਣ ਲਾਇਆ
ਇਕ ਇਕ ਸਾਇਤ ਦੁੱਖਦੀ, ਸੌ ਜਤਨ ਗੁਜ਼ਾਰੀ
ਅੱਗੇ ਜਾਣਾ ਦੂਰ ਹੈ, ਸਿਰ ਗਠੜੀ ਭਾਰੀ

ਗ੨੮

ਅਠਾਈ ਗੰਢੀਂ ਖੋਲ੍ਹੀਆਂ, ਨਹੀਂ ਅਕਲ ਅਸਾਥੇ
ਸਖ਼ਤੀ ਆਈ ਜ਼ੋਰ ਦੀ, ਸਿਰ ਚਸ਼ਮਾਂ ਮਾਥੇ
ਸੁੱਖਾਂ ਤੋਂ ਟੋਟੇ ਆ ਗਏ, ਦੁੱਖਾਂ ਤੋਂ ਲਾਹੇ
ਬੇਚਾਰੀ ਬੇਹਾਲ ਹਾਂ, ਵਿਚ ਸੋਜ਼ ਕੜਾਹੇ

ਗ੨੯

ਉਨੱਤੀ ਗੰਢੀਂ ਖੋਲ੍ਹੀਆਂ, ਨਹੀਂ ਸਖ਼ਤੀ ਹਟਦੀ
ਲੱਗਾ ਸੀਨੇ ਬਾਣ ਹੈ, ਸਿਰ ਵਾਲਾਂ ਪਟਦੀ
ਇਤ ਵਲ ਫੇਰਾ ਪਾਇਕੇ, ਇਹ ਹਾਸਲ ਪਾਇਆ
ਤਨ ਤਲਵਾਰੀਂ ਤੋੜਿਆ, ਇਕ ਰੂਪ ਉਡਾਇਆ

G27

I undo the twenty-seventh knot. Oh girlfriends, all my efforts have gone for nothing. My two eyes have wept as much as the rains of Savan.[15] Each moment hurts, in spite of all my efforts. Ahead of me there is a long way to go, with a heavy bundle on my head.

G28

Twenty-eight knots are undone. I cannot think what to do. Harsh difficulties have come as my fate, which is written on my features. From joys I suffered losses, from pains I gained profits. I lie helpless and wretched in the frying pan of burning grief.

G29

Twenty-nine knots are undone. My harsh fate is not averted. An arrow has pierced my breast, and I tear my hair. When he came this way to visit, this is what he found. My body was cut to pieces by swords; only a single form was made to fly.[16]

ਗ੩੦

ਖੋਲ੍ਹੀ ਗੰਢ ਮੈਂ ਤੀਸਵੀਂ, ਦੁਖ ਦਰਦ ਰੰਜਾਣੀ
ਕਦੀ ਸਿਰੋਂ ਨਾ ਮੁੱਕਦੀ, ਇਹ ਰਾਮ ਕਹਾਣੀ
ਮੁੜ ਮੁੜ ਫੇਰ ਨਾ ਜੀਵਣਾ, ਤਨ ਛੁਪਦਾ ਲੁਕਦਾ
ਬਿਰ੍ਹੋਂ ਅਜੇ ਖ਼ਿਆਲ ਹੈ, ਇਹ ਸਿਰ ਤੇ ਢੁਕਦਾ

ਗ੩੧

ਇਕ ਇਕ ਗੰਢ ਨੂੰ ਖੋਲ੍ਹਿਆ, ਇਕੱਤੀ ਹੋਈਆਂ
ਮੈਂ ਕਿਸ ਦੀ ਪਾਣੀਹਾਰ ਹਾਂ, ਏਥੇ ਕੇਤੀਆਂ ਰੋਈਆਂ
ਮੈਂ ਘਰ ਵਿਚ ਚਤਰ ਖਿਡਾਰ ਸਾਂ, ਦਾਅ ਪਿਆ ਨਾ ਕਾਰੀ
ਬਾਜ਼ੀ ਖੇਡਾਂ ਜਿੱਤ ਦੀ, ਮੈਂ ਏਥੇ ਹਾਰੀ

ਗ੩੨

ਬੱਤੀ ਗੰਢਾਂ ਖੋਲ੍ਹੀਆਂ, ਜੋ ਖੋਲ੍ਹੀ ਬਣਦੀ
ਅੱਟੀ ਇਕ ਅਟੇਰ ਕੇ, ਫਿਰਾਂ ਤਾਣਾ ਤਣਦੀ
ਤਾਣਾ ਹੋਇਆ ਪੂਰ ਨਾ, ਹੁਣ ਕੀਕਰ ਲਾਹਵਾਂ
ਕਹੂੰ ਘਟੂੰ ਨਾ ਭਾਵਰੀ, ਕਿੱਥੋਂ ਲੈਸਾਂ ਲਾਵਾਂ

G30

As I undid the thirtieth knot, I was troubled by grief and pain. This endless tale never ceases to trouble my head. We are not going to live over and over again. The body is hidden and concealed. Separation is still the thought that comes to settle in my head.

G31

I have undone one knot at a time, making it thirty-one. Whose water carrier am I?[17] There have been so many girls who have wept here. In my home I was a clever player, but my throw was not a winner. I played the game to win, but here I have lost.

G32

I have undone thirty-two knots, and each one is undone properly. Having wound a single hank of thread,[18] I go around stretching out the warp. The warp is not completed, so now how can I get it off? I hope I do not lose my breath, so that I can perform my marriage rounds.[19]

ਗ੩੩
ਬਹਿ ਪਰਛਾਵੀਂ ਖੋਲ੍ਹੀਆਂ, ਹੁਣ ਹੋਇਆਂ ਤੇਤੀ
ਏਥੇ ਦੋ ਤਿੰਨ ਰੋਜ਼ ਹਾਂ, ਨਿਤ ਸੁਹਰਿਆਂ ਸੇਤੀ
ਰੰਗਣ ਚੜ੍ਹੀ ਰਸੂਲ ਦੀ, ਸਭ ਦਾਜ ਰੰਗਾਵੇ
ਜਿਸ ਦੇ ਮੱਥੇ ਭਾਗ ਹੈ, ਉਹ ਰੰਗ ਘਰ ਜਾਵੇ

ਗ੩੪
ਚੌਂਤੀ ਗੰਢੀਂ ਖੋਲ੍ਹੀਆਂ, ਦਿਨ ਆਏ ਨੇੜੇ
ਮਾਹੀ ਦੇ ਵਲ ਜਾਵਸਾਂ, ਰੌਂ ਕੀਤੀ ਕਿਹੜੇ
ਓੜਕ ਵੇਲਾ ਜਾਣ ਕੇ, ਮੈਂ ਨੇਹੁੰ ਲਗਾਇਆ
ਇਸ ਤਨ ਹੋਣਾ ਖ਼ਾਕ ਸੀ, ਮੈਂ ਜਾ ਉਡਾਇਆਂ

ਗ੩੫
ਬੁੱਲ੍ਹਾ ਪੈਂਤੀ ਖੋਲ੍ਹੀਆਂ, ਸ਼ਹੁ ਨੇੜੇ ਆਏ
ਬਦਲੇ ਏਸ ਅਜ਼ਾਬ ਦੇ, ਮਤ ਮੁਖ ਦਿਖਲਾਏ
ਅੱਗੇ ਥੋੜ੍ਹੀ ਪੀੜ ਸੀ, ਨੇਹੁੰ ਕੀਤਾ ਦੀਵਾਨੀ
ਪੀ ਗਲੀ ਅਸਾਡੀ ਆ ਵੜੇ, ਤਾਂ ਹੋਗ ਅਸਾਨੀ

G33

I sit in the shade and undo the knots; now they come to thirty-three. I am here for only two or three days, but I shall be with my in-laws forever. They all dye their dowry clothes with the dye of the Prophet. Those whose foreheads are marked with good fortune go the house of delight.[20]

G34

I have undone thirty-four knots. The days are nearly done. I will go toward my beloved, but what good actions have I performed? I have finally realized the time, and have practiced love. I wasted this body that was due to turn to dust.

G35

Bullha, I have undone thirty-five knots. The lord has drawn near. In exchange for this torment maybe he will show his face. I had little pain before, but then love drove me mad. If the beloved enters my street, things will be easy.

ਗੜ੩੬

ਛੱਤੀ ਖੋਹਲੂੰ ਹੱਸ ਕੇ, ਨਾਲ ਅਮਰ ਉਮਾਹੇ
ਸੁੱਖਾਂ ਘਾਟਾ ਡਾਲਿਆ, ਦੁੱਖਾਂ ਤੋਂ ਲਾਹੇ
ਘੁੱਲੀ ਵਾ ਪਰੇਮ ਦੀ, ਸਰਨੇ ਪਰ ਸਰਨੇ
ਟੂਣੇ ਕਾਮਣ ਮੀਤ ਨੂੰ, ਅਜੇ ਰਹਿੰਦੇ ਕਰਨੇ

ਗੜ੩੭

ਸੈਂਤੀ ਗੰਢੀਂ ਖੋਲ੍ਹੀਆਂ, ਮੈਂ ਮਹਿੰਦੀ ਲਾਈ
ਮਲਾਇਮ ਦੇਹੀ ਮੈਂ ਕਰਾਂ, ਮਤ ਗਲੇ ਲਗਾਈ
ਓਹਾ ਘੜੀ ਸੁਲੱਖਣੀ, ਜਾਂ ਮੈਂ ਵਲ ਆਵੇ
ਤਾਂ ਮੈਂ ਗਾਵਾਂ ਸੋਹਿਲੇ, ਜੇ ਮੈਨੂੰ ਰਾਵੇ

ਗੜ੩੮

ਅਠੱਤੀਂ ਗੰਢੀਂ ਖੋਲ੍ਹੀਆਂ, ਕੀ ਕਰਨੇ ਲੇਖੇ
ਨਾ ਹੋਵੇ ਕਾਜ ਸੁਹਾਵਣਾ, ਬਿਨ ਤੇਰੇ ਵੇਖੇ
ਤੇਰਾ ਭੱਠ ਸੁਹਾਗ ਹੈ, ਮੈਂ ਰਸ ਕੀ ਕਰਸਾਂ
ਲੈਸਾਂ ਗਲੇ ਲਗਾਇਕੇ, ਪਰ ਮੂਲ ਨਾ ਡਰਸਾਂ

G36

I undo the thirty-sixth knot, laughing in my delight with the immortal one. Joys have brought me loss, from pain I gain profit. The breeze of love has blown, as days succeed days. It still remains for me to practice spells and magic on the beloved.

G37

I have undone thirty-seven knots. I have put on the henna.[21] I make my body soft, in case he embraces me. The only auspicious moment is when he comes toward me. I will sing songs of celebration if he makes love to me.

G38

I have undone thirty-eight knots. How can they be reckoned? The wedding ceremony is disagreeable unless I see you. Confound your married bliss! How will I delight in it? I will embrace him, and will not be at all afraid.

ਗ੩੯

ਉਨਤਾਲੀ ਗੰਢੀਂ ਖੋਲ੍ਹੀਆਂ, ਸਭ ਸਈਆਂ ਰਲ ਕੇ
ਇਨਾਇਤ ਸੇਜ ਤੇ ਆਵਸੀ, ਹੁਣ ਮੈਂ ਵਲ ਭਲਕੇ
ਚੂੜਾ ਬਾਹੀਂ ਸਿਰ ਧੜੀ, ਹਥ ਸੋਹੇ ਕੰਗਣਾ
ਰੰਗਣ ਚੜ੍ਹੀ ਸ਼ਹੁ ਵਸਲ ਦੀ, ਮੈਂ ਤਨ ਮਨ ਰੰਗਣਾ

ਗ੪੦

ਕਰ 'ਬਿਸਮਿੱਲ੍ਹਾ' ਖੋਲ੍ਹੀਆਂ, ਮੈਂ ਗੰਢਾਂ ਚਾਲੀ
ਜਿਸ ਅਪਣਾ ਆਪ ਵੰਞਾਇਆ, ਸੋ ਸੁਰਜਨ ਵਾਲੀ
ਜੰਞ ਸੋਹਣੀ ਮੈਂ ਭਾਉਂਦੀ, ਲਟਕੇਂਦਾ ਆਵੇ
ਜਿਸ ਨੂੰ ਇਸ਼ਕ ਹੈ ਲਾਲ ਦਾ, ਸੋ ਲਾਲ ਹੋ ਜਾਵੇ
ਅਕਲ ਫ਼ਿਕਰ ਸਭ ਛੋੜ ਕੇ, ਸ਼ਹੁ ਨਾਲ ਸਿਧਾਈ
ਬਿਨ ਕੰਤੋਂ ਗਲ ਗ਼ੈਰ ਦੀ, ਅਸਾਂ ਯਾਦ ਨਾ ਕਾਈ
ਹੁਣ 'ਇੰਨਾ ਲਿੱਲ੍ਹਾ' ਆਖ ਕੇ, ਤੁਮ ਕਰੋ ਦੁਆਈਂ
ਪੀਆ ਹੀ ਸਭ ਹੋ ਗਿਆ, ਅਬਦੁੱਲ੍ਹਾ ਨਾਹੀਂ

G39

I have undone thirty-nine knots, with my girlfriends around me. Now Inayat will come to me on the bed in the morning. The bangles on my arms, the plait on my head, and the bracelet on my wrist all look good. I am dyed with the delight[22] of union with my beloved, and my whole being is filled with joy.

G40

Saying *bismillāh,*[23] I have undone forty knots. She who loses herself becomes the lord's. Swinging his arms, the bridegroom comes, and his beautiful wedding party delights me. She who experiences the love of the beloved herself becomes the beloved. I have abandoned all rational concerns and gone off with the lord. Except for my bridegroom, I remember nothing else. Now say *To God we belong*[24] and offer your prayers. All of me has become the beloved; there is no Abdullah.[25]

ਸੀਹਰਫ਼ੀ

ਲਾਗੀ ਰੇ ਲਾਗੀ ਬਲ ਬਲ ਜਾਵੇ
ਇਸ ਲਾਗੀ ਕੋ ਕੌਣ ਬੁਝਾਵੇ

ਸ੧
ਅਲਫ਼ – ਅੱਲ੍ਹਾ ਜਿਸ ਦਿਲਬਰ ਹੋਵੇ, ਮੂੰਹ ਜ਼ਰਦੀ ਅਖ ਲਹੂ ਭਰ ਰੋਵੇ
ਜੀਵਨ ਆਪਣੇ ਤੋਂ ਹਥ ਧੋਵੇ, ਜਿਸ ਨੂੰ ਬਿਰਹੋਂ ਅੱਗ ਲਗਾਵੇ

ਸ੨
ਬੇ – ਬਾਲਣ ਮੈਂ ਤੇਰਾ ਹੋਈ, ਇਸ਼ਕ ਨਜ਼ਾਰੇ ਆਣ ਵਗੋਈ
ਰੋਂਦੇ ਨੈਣ ਨਾ ਲੈਂਦੇ ਢੋਈ, ਲੂਣ ਫੱਟਾਂ ਤੇ ਕੀਕਰ ਪਾਵੇ

ਸ੩
ਤੇ – ਤੇਰੇ ਸੰਗ ਪਰੀਤ ਲਗਾਈ, ਜੀਉ ਜਾਮੇ ਦੀ ਕੀਤੀ ਸਾਈ
ਮੈਂ ਬਕਰੀ ਤੁਧ ਕੋਲ ਕਸਾਈ, ਕਟ ਕਟ ਮਾਸ ਨਾ ਕਿਉਂਕਰ ਖਾਵੇ

The Thirty Letters

I burn, I burn, I am ablaze with love. Who can put out the flames in this woman who is on fire?

S1 ALIF (ا)

She whose beloved is God looks pale and weeps tears of blood. She who burns with the fire of separation washes her hands of life.

S2 BE (ب)

I have become fuel for you to burn. Love has come and destroyed me with a glimpse of you. My eyes weep but find no refuge. How can he put salt on my wounds?

S3 TE (ت)

I have fallen in love with you. I have pledged my soul and body. I am the goat and you are the butcher next to me. Why should you not cut me up and eat me?

ਸ੪

ਸੇ – ਸਾਬਤ ਨੇਹੁੰ ਲਾਇਆ ਜੈਂ ਨੂੰ, ਦੂਜਾ ਕੂਕ ਸੁਣਾਵਾਂ ਕੈਂ ਨੂੰ
ਰਾਤ ਅੱਧੀ ਉੱਠ ਠਿਲਦੀ ਨੈਂ ਨੂੰ, ਕੂੰਜਾਂ ਵਾਂਗ ਪਈ ਕੁਰਲਾਵੇ

ਸ੫

ਜੀਮ – ਜਹਾਨੋਂ ਹੋਈ ਨਿਆਰੀ, ਲੱਗਾ ਨੇਹੁੰ ਤਾਂ ਹੋਈ ਬਿਕਾਰੀ
ਨਾਲ ਸਰ੍ਹੋਂ ਦੇ ਬਣੇ ਪਸਾਰੀ, ਦੂਜਾ ਦੇ ਮਿਹਣੇ ਜਗ ਤਾਵੇ

ਸ੬

ਹੇ – ਹੈਰਤ ਵਿਚ ਸ਼ਾਂਤ ਨਾਹੀਂ, ਜ਼ਾਹਰ ਬਾਤਨ ਮਾਰਨ ਢਾਹੀਂ
ਝਾਤ ਘੱਤਣ ਨੂੰ ਲਾਵਣ ਵਾਹੀਂ, ਸੀਨੇ ਸੂਲ ਪਰੇਮ ਦੇ ਪਾਵੇ

ਸ੭

ਖ਼ੇ – ਖ਼ੂਬੀ ਹੁਣ ਉਹ ਨਾ ਰਹੀਆਂ, ਜਬ ਕੀ ਸਾਂਗ ਕਲੇਜੇ ਸਹੀਆ
ਆਹੀਂ ਨਾਲ ਪੁਕਾਰਾਂ ਕਹੀਆ, ਤਧ ਬਿਨ ਕੌਣ ਜੋ ਆਣ ਬੁਝਾਵੇ

S4 SE (ث)

Who else should I call out to but the one I love so steadfastly? I get up in the middle of the night and go into the river,[1] crying mournfully like the crane.

S5 JĪM (ج)

I have become separate from the world. Falling in love made me useless. With a mustard seed I became an apothecary.[2] Besides, people make me suffer with their taunts.

S6 HE (ح)

In my astonishment there is no peace. I utter loud laments both openly and within. I try my hardest to get a glimpse of him. The sharp pains of love torment my breast.

S7 ḲHE (خ)

My beauty was lost, once my heart was speared by love. I sigh and cry out. Who but you will come and calm me down?

ਸ੮

ਦਾਲ – ਦਰੋਂ ਟੁਕ ਦੂਰ ਨਾ ਹੋਵੇ, ਫ਼ਕਰ ਫ਼ਿਰਾਕੋਂ ਬਹੁਤਾ ਰੋਵੇ
ਤਨ ਭੱਠੀ ਦਿਲ ਖਿਲਾ ਧਨੋਵੇ, ਇਸ਼ਕ ਅੱਖਾਂ ਵਿਚ ਮਿਰਚਾਂ ਲਾਵੇ

ਸ੯

ਜ਼ਾਲ – ਜ਼ੌਕ ਦੁਨੀਆਂ ਤੇ ਇਤ ਨਾ ਕਰਨਾ, ਖ਼ੌਫ਼ ਹਸ਼ਰ ਦੇ ਥੀਂ ਨਾ ਡਰਨਾ
ਚਲਣਾ ਨਬੀ ਸਾਹਿਬ ਦੀ ਸਰਨਾ, ਓੜਕ ਜਾ ਹਿਸਾਬ ਕਰਾਵੇ

ਸ੧੦

ਰੇ – ਰੋਜ਼ ਹਸ਼ਰ ਕੋਈ ਰਹੇ ਨਾ ਖ਼ਾਲੀ, ਲਵੇ ਹਿਸਾਬ ਦੋ ਜਗ ਦਾ ਵਾਲੀ
ਜ਼ੇਰ ਜ਼ਬਰ ਸਭ ਭੁੱਲਣ ਆਲੀ, ਤਿਸ ਦਿਨ ਹਜ਼ਰਤ ਆਪ ਛੁਡਾਵੇ

ਸ੧੧

ਜ਼ੇ – ਜ਼ੁਹਦ ਕਮਾਈ ਚੰਗੀ ਕਰੀਏ, ਜੇਕਰ ਮਰਨ ਤੋਂ ਅੱਗੇ ਮਰੀਏ
ਫਿਰ ਹੋਏ ਭੀ ਉਸ ਤੋਂ ਡਰੀਏ, ਮਤ ਮੋਇਆਂ ਨੂੰ ਪਕੜ ਮੰਗਾਵੇ

S8 DĀL (د)

They do not stay far from his door for a moment. The fakirs weep greatly from separation. The body is an oven that parches the grains of the heart. Love rubs chilies in the eyes.[3]

S9 ZĀL (ذ)

Do not take delight in this world, so that you will not fear the day of the resurrection. Proceed in the protection of the Prophet, who will have your final account drawn up.

S10 RE (ر)

No one escapes on the day of the resurrection. The lord of the two worlds reckons up their account. The mighty are lost in confusion. On that day it is the Prophet who secures their deliverance.

S11 ZE (ز)

We can make a successful profit through abstinence, if we die before our death.[4] But even when we are dead we should fear him, in case he should arrest and summon the dead.

ਸ੧੨

ਸੀਨ – ਸਾਈਂ ਬਿਨ ਜਾ ਨਾ ਕੋਈ, ਜਿਤ ਵਲ ਵੇਖਾਂ ਓਹੀ ਓਹੀ
ਹੋਰ ਕਿਤੇ ਵਲ ਮਿਲੇ ਨਾ ਢੋਈ, ਮੁਰਸ਼ਦ ਮੇਰਾ ਪਾਰ ਲੰਘਾਵੇ

ਸ੧੩

ਸ਼ੀਨ – ਸ਼ਾਹ ਇਨਾਇਤ ਮੁਰਸ਼ਦ ਮੇਰਾ, ਜਿਸ ਨੇ ਕੀਤਾ ਮੈਂ ਵਲ ਫੇਰਾ
ਚੁੱਕ ਗਿਆ ਸਭ ਝਗੜਾ ਝੇੜਾ, ਹੁਣ ਮੈਨੂੰ ਭਰਮਾਵੇ ਤਾਵੇ

ਸ੧੪

ਸੁਆਦ – ਸਬਰ ਨਾ ਆਵੇ ਮੈਨੂੰ, ਖੁੱਲੀ ਵਸਤ ਬਜ਼ਾਰ
ਕਾਸਦ ਲੈ ਕੇ ਵਿਦਿਆ ਹੋਇਆ, ਜਾ ਵੜਿਆ ਦਰਬਾਰ
ਅੱਗੋਂ ਮਿਲਿਆ ਆ ਕੇ ਉਹਨੂੰ, ਸੋਹਣਾ ਸ਼ੇਰ ਸਵਾਰ
ਰਸਤੇ ਵਿਚ ਅੰਗੁਸ਼ਤਰੀ ਆਹੀ, ਇਹ ਵੀ ਦਿਲ ਭੁਲਾਵੇ

ਸ੧੫

ਜ਼ੁਆਦ – ਜ਼ਰੂਰੀ ਯਾਦ ਅੱਲ੍ਹਾ ਦੀ, ਕਰੇ ਸਵਾਲ ਰਸੂਲ
ਨਵੇ ਹਜ਼ਾਰ ਕਲਾਮ ਸੁਣਾਈ, ਪਈ ਦਰਗਾਹ ਕਬੂਲ
ਇਹ ਮਜਾਜ਼ੀ ਜ਼ਾਤ ਹਕੀਕੀ, ਵਾਸਲ ਵਸਲ ਵਸੂਲ
ਫ਼ਾਰਗ਼ ਹੋ ਕੇ ਹਜ਼ਰਤ ਓਥੇ, ਆਵੇ ਖਾਣਾ ਖਾਵੇ

S12 SĪN (س)

There is no place besides the lord. Wherever I look, there is just him and no one else. There is no refuge in any other direction. My guide gets me across.

S13 SHĪN (ش)

Shah Inayat is my guide, the one whose passage has lain in my direction. All contention and dispute is finished; now he deceives and torments me.

S14 SUĀD (ص)

I am impatient, the goods are laid out in the bazaar. Taking the messenger[5] with him, he said farewell and went to enter the court. There he was met by the fair rider on a tiger. On the way there was a ring, which made his heart confused.

S15 ZUĀD (ض)

It is necessary to remember God, whom the Prophet implored. Ninety thousand[6] words were recited and accepted in the divine court. This illusory being was united with the reality of the divine essence. Becoming free, the holy Prophet came there and ate.

ਸ੧੬

ਤੋਏ – ਤਲਬ ਦੀਦਾਰ ਦੀ ਆਹੀ, ਕੀਤਾ ਕਰਮ ਸੱਤਾਰ
ਜਲਵਾ ਫੇਰ ਇਲਾਹੀ ਦਿੱਤਾ, ਹਜ਼ਰਤ ਨੂੰ ਗ਼ੱਫ਼ਾਰ
ਹੱਥ ਨੂਰਾਨੀ ਗ਼ੈਬੋਂ ਆਵੇ, ਮੁੰਦਰੀ ਦਾ ਚਮਕਾਰ
ਬੁੱਲ੍ਹਾ ਖ਼ਲਕ ਮੁਹੰਮਦੀ ਕੀਤੋ, ਤਾਂ ਇਹ ਕੀ ਕਹਾਵੇ

ਸ੧੭

ਜ਼ੋਏ – ਜ਼ਾਹਰ ਮਾਲੂਮ ਨਾ ਕੀਤਾ, ਹੋਇਆ ਦੀਦਾਰ ਭੁਲਾਵੇ
ਰਲ ਕੇ ਸਈਆਂ ਖਾਣਾ ਖਾਧਾ, ਜ਼ੱਰਾ ਅੰਤ ਨਾ ਆਵੇ
ਉਹ ਅੰਗੂਠੀ ਆਪ ਪਛਾਤੀ, ਅਪਣੀ ਆਪ ਜਿਤਾਵੇ
ਬੁੱਲ੍ਹਾ ਹਜ਼ਰਤ ਰੁਖ਼ਸੁਤ ਹੋ ਕੇ, ਆਪਣੇ ਯਾਰ ਸੁਹਾਵੇ

ਸ੧੮

ਐਨ – ਇਨਾਇਤ ਉਲਫ਼ਤ ਹੋਈ, ਸੁਣੋ ਅਸਹਾਬੋ ਯਾਰੋ
ਜਿਹੜਾ ਜਪ ਨਾ ਕਰਸੀ ਹਜ਼ਰਤ, ਛੁਠਾ ਰਹੇ ਸਰਕਾਰੋਂ
ਫੇਰ ਸ਼ਫ਼ਾਇਤ ਅਸਾਂ ਹੈ ਕਰਨੀ, ਸਾਹਿਬ ਦੇ ਦਰਬਾਰੋਂ
ਬੁੱਲ੍ਹਾ ਕਿਬਰ ਨਾ ਕਰ ਦੁਨਿਆਂ ਤੇ, ਇੱਕਾ ਨਜ਼ਰੀਂ ਆਵੇ

S16 TOE (ط)

He was desirous of a sight of him, and God the pardoner was gracious. Then God the forgiver granted the holy Prophet a vision of the divine glory. From the unseen there appeared a hand full of light, on which a ring glittered. Bullha, you made the people of Muhammad, so what should this be called?

S17 ZOE (ظ)

God was not known in outward form. When he granted a vision of himself, he caused confusion. The girlfriends came together and ate the food, of which there was no end. It was he[7] who recognized the ring himself, and he who made himself known. Bullha, the holy Prophet took his leave and pleased his beloved.

S18 'AIN (ع)

Listen, gentlemen and friends, I enjoy the love of Inayat.[8] Whoever fails to pray to the holy Prophet will be rejected as false by the divine court. So we must pray for his intercession in the court of the lord. Bullha, do not take pride in the world, which appears just once.

ਸ੧੯

ਗ਼ੈਨ – ਗ਼ੁਲਾਮ ਗ਼ਰੀਬ ਤੁਸਾਡਾ, ਖ਼ੈਰ ਮੰਗੇ ਦਰਬਾਰੋਂ
ਰੋਜ਼ ਹਸ਼ਰ ਦੇ ਖ਼ੌਫ਼ ਸੁਣੀਂਦਾ, ਸੱਦ ਹੋਸੀ ਸਰਕਾਰੋਂ
ਕੁਲ ਖ਼ਲਾਇਕ ਤਲਖ਼ੀ ਅੰਦਰ, ਸੂਰਜ ਦੇ ਚਮਕਾਰੋਂ
ਬੁੱਲ੍ਹਾ ਅਸਾਂ ਵੀ ਓਥੇ ਜਾਣਾ, ਜਿੱਥੇ ਗਿਆ ਨਾ ਭਾਵੇ

ਸ੨੦

ਫ਼ੇ – ਫ਼ਕੀਰਾਂ ਫ਼ਿਕਰ ਜੋ ਕੀਤਾ, ਵਿਚ ਦਰਗਾਰ ਇਲਾਹੀ
ਸ਼ਫੀਅ ਮੁੰਹਮਦ ਜਾ ਖਲੋਤੇ, ਜਿੱਥੇ ਬੇਪਰਵਾਹੀ
ਨੇੜੇ ਨੇੜੇ ਆ ਹਬੀਬਾ, ਇਹ ਮੁਹੱਬਤ ਚਾਹੀ
ਖ਼ਿਰਕਾ ਪਹਿਨ ਰਸੂਲ ਅੱਲ੍ਹਾ ਦਾ, ਸਿਰ ਤੇ ਤਾਜ ਲਗਾਵੇ

ਸ੨੧

ਕਾਫ਼ – ਕਲਮ ਨਾ ਮਿਟੇ ਰਬਾਨੀ, ਜੋ ਅਸਾਂ ਪਰ ਆਈ
ਜੋ ਕੁਝ ਭਾਗ ਅਸਾਡੇ ਆਹੇ, ਉਹ ਤਾਂ ਮੁੜਦੇ ਨਾਹੀ
ਬਾਝ ਨਸੀਬੋਂ ਦਾਅਵੇ ਕੇਡੇ, ਬੰਨ੍ਹੇ ਕੁਲ ਖ਼ੁਦਾਈ
ਬੁੱਲ੍ਹਾ ਲੌਹ ਮਹਿਫ਼ੂਜ਼ ਤੇ ਲਿਖਿਆ, ਓਥੋਂ ਕੌਣ ਮਿਟਾਵੇ

S19 ĠHAIN (غ)

Your poor slave begs for alms from the court. On the day of judgment, the sound of terror will be heard, and the call will be announced from the court. All creation will be in distress from the glittering light of the sun. Bullha, we too must go there, although the journey is not a pleasant one.

S20 FE (ف)

Fakirs are cared for in the divine court, where Muhammad the intercessor stands unconcernedly. "Draw near, draw near, beloved," is what their love desires. He wears the robe of the Apostle of God, who crowns his head.

S21 QĀF (ق)

The divine pen that writes our fate cannot be erased. The fortune that was granted us cannot be turned back. Except for fate, what use are the plans that all creation makes? Bullha, who can erase what is written on the preserved tablet?[9]

ਸ੨੨

ਕਾਫ਼ – ਕਲਾਮ ਨਬੀ ਦੀ ਸੱਚੀ, ਸਿਰ ਨਬੀਆਂ ਦੇ ਸਾਈਂ
ਸੂਰਤ ਪਾਕ ਨਬੀ ਦੀ ਜਿਹਾ, ਚੰਦ ਸੂਰਜ ਭੀ ਨਾਹੀਂ
ਹੀਰੇ ਮੋਤੀ ਲਾਲ ਜਵਾਹਰ, ਪਹੁੰਚੇ ਓਥੇ ਨਾਹੀਂ
ਮਜਲਸ ਓਸ ਨਬੀ ਦੀ ਬਹਿ ਕੇ, ਬੁੱਲ੍ਹਾ ਕੌਣ ਕਹਾਵੇ

ਸ੨੩

ਲਾਮ – 'ਲਾ ਇਲਾਹ' ਦਾ ਜ਼ਿਕਰ ਬਤਾਇਓ, 'ਇੱਲੱਲ੍ਹਾ' ਅਸਬਾਤ ਕਰਾਇਓ
'ਮੁਹੰਮਦ ਰਸੂਲੁੱਲ੍ਹਾ' ਮੇਲ ਕਰਾਇਓ, ਬੁੱਲ੍ਹਾ ਇਹ ਤੋਹਫ਼ਾ ਆਦਮ ਨੂੰ ਆਵੇ

ਸ੨੪

ਮੀਮ – ਮੁੰਹਮਦੀ ਜਿਸਮ ਬਣਾਇਓ, ਦਾਖ਼ਲ ਵਿਚ ਬਹਿਸ਼ਤ ਕਹਾਇਓ
ਆਪੇ ਮਗਰ ਸ਼ੈਤਾਨ ਪੁਚਾਇਓ, ਓਥੋਂ ਨਿਕਲ ਕੇ ਆਦਮ ਆਵੇ

S22 KĀF (ک)

True is the word of the Prophet, the lord at the head of all the prophets. Even the sun and the moon cannot match the holy appearance of the Prophet. Diamonds, pearls, rubies, and jewels do not reach that point. When he sits in the assembly of the Prophet, what does Bullha amount to?

S23 LĀM (ل)

You recited the words *There is no god,*[10] and added the confirmation *but God.* You joined to these the words *Muhammad is the Apostle of God.* This is the gift that was given to Adam.[11]

S24 MĪM (م)

You made Adam's body like Muhammad's. You said he was to enter paradise. Then it was you who made Satan come there. He came out of there as Adam.

ਸ੨੫

ਨੂਨ – ਨਿਮਾਣਾ ਹੋ ਮੁਜਰਿਮ ਆਇਆ, ਕੱਢ ਬਹਿਸ਼ਤੋਂ ਜ਼ਿਮੀਂ ਰੁਲਾਇਆ
ਆਦਮ ਹੱਵਾ ਜੁਦਾ ਕਰਾਇਆ, ਅੱਲ੍ਹਾ ਆਪ ਵਿਛੋੜਾ ਪਾਵੇ

ਸ੨੬

ਵਾ – ਵਾਹ ਵਾਹ ਆਪ ਮੁਹੰਮਦ, ਅਪਣੀ ਆਦਮ ਸ਼ਕਲ ਬਣਾਵੇ
ਆਪੇ ਰੋਜ਼ ਅਜ਼ਲ ਦਾ ਮਾਲਿਕ, ਆਪੇ ਸ਼ਫ਼ੀਅ ਹੋ ਆਵੇ
ਆਪੇ ਰੋਜ਼ ਹਸ਼ਰ ਦਾ ਕਾਜ਼ੀ, ਆਪੇ ਹੁਕਮ ਸੁਣਾਵੇ
ਆਪੇ ਚਾ ਸ਼ਫ਼ਾਇਤ ਕਰਦਾ, ਆਪ ਦੀਦਾਰ ਕਰਾਵੇ

ਸ੨੭

ਹੇ – ਹੌਲੀ ਬੋਲੀਂ ਏਥੇ ਭਾਈ, ਮਤ ਕੋਈ ਸੁਣੇ ਸੁਣਾਵੇ
ਵੱਡਾ ਅਜ਼ਾਬ ਕਬਰ ਦਾ ਦਿੱਸੇ, ਜੇ ਕੋਈ ਚਾ ਛੁਡਾਵੇ
ਪੁਲ ਸਰਾਤ ਦੀ ਔਖੀ ਗਾਟੀ, ਉਹ ਵੀ ਖ਼ੌਫ਼ ਡਰਾਵੇ
ਰਖ ਉਮੈਦ ਫ਼ਜ਼ਲ ਦੀ ਬੁੱਲ੍ਹਿਆ, ਅੱਲ੍ਹਾ ਆਪ ਬਚਾਵੇ

S25 NŪN (ن)

Wretchedly he came as a criminal, expelled from paradise and made to wander the earth. Adam and Eve were made to separate; it was God who effected their separation.

S26 VĀO (و)

How wonderful! It is he who is Muhammad, he who makes his form Adam, he who is the lord of the first day, he who comes as the intercessor, he who is the judge of the last day, he who announces his command, he who kindly intercedes,[12] he who lets himself be seen.

S27 HE (ه)

Speak softly here, brother, in case someone hears and reports you. The torment of the grave seems great, although someone may grant deliverance. The passage over the Sirat bridge[13] is difficult; that fear is overwhelming. Put your hope in divine favor, Bullha; it is God himself who saves us.

ਸ੨੮

ਲਾਮ – ਲਾਮੂ ਨਾ ਕੋਈ ਦਿੱਸੇ, ਕਿਤ ਵਲ ਕੂਕ ਸੁਣਾਵਾਂ
